# ਸੰਪਾਦਕੀ

ਦਸੰਬਰ-ਜਨਵਰੀ ਵਿਚ ਮਲੇਸ਼ੀਆ ਜਾਣ ਕਾਰਨ ਫਰਵਰੀ ਦੇ ਆਤਮ ਮਾਰਗ ਵਿਚ ਸੰਪਾਦਕੀ ਰਾਹੀਂ ਆਪ ਜੀ ਨਾਲ ਸਾਂਝ ਨਹੀਂ ਪਾ ਸਕਿਆ। ਮਹਾਂਪੁਰਸ਼ਾਂ ਦੀ ਆਗਿਆ ਅਨੁਸਾਰ ਮਲੇਸ਼ੀਆ ਦੇ ਗੁਰਸਿੱਖਾਂ ਨਾਲ ਗੁਰੂ ਮਹਾਰਾਜ ਦੇ ਸੰਦੇਸ਼ਾਂ ਦੀ ਸਾਂਝ ਪਾਉਣ ਲਈ ਦਾਸ 12 ਦਸੰਬਰ ਤੋਂ 9 ਜਨਵਰੀ ਤਕ ਮਲੇਸ਼ੀਆ ਵਿਖੇ ਰਿਹਾ। ਵਿਸ਼ੇਸ਼ ਤੌਰ ਤੇ ਮਲੇਸ਼ੀਆ ਦੇ ਜਜ਼ੀਰੇ ਪੀਨਾਂਗ ਵਿਚ 21 ਤੋਂ 27 ਦਸੰਬਰ ਤਕ ਨੌਜਵਾਨ-ਵਿਦਿਆਰਥੀਆਂ ਦਾ ਸਾਲਾਨਾ ਸੰਮੇਲਨ ਸੀ ਜਿਸ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਦੇਣ ਦੀ ਸੇਵਾ ਲਾਈ ਗਈ ਸੀ। ਇਸ ਸਬੰਧੀ ਕੁਝ ਵਿਸ਼ੇਸ਼ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ।

ਸਿੱਖ ਨੌਜਵਾਨ ਸਭਾ ਮਲੇਸ਼ੀਆ ਵਲੋਂ ਇਹ ਸੰਮੇਲਨ ਹਰ ਸਾਲ ਵੱਖ ਵੱਖ ਪ੍ਰਾਂਤਾਂ ਵਿਚ ਹੁੰਦਾ ਹੈ ਜਿਸ ਵਿਚ ਸਕੂਲਾਂ ਦੇ ਇਕ ਹਜ਼ਾਰ ਤੋਂ ਵੱਧ ਵਿਦਿਆਰਥੀ, ਲੜਕੀਆਂ ਅਤੇ ਲੜਕੇ ਸ਼ਾਮਲ ਹੁੰਦੇ ਹਨ। ਹਰ ਕੈਂਪ ਦਾ ਇਕ ਥੀਮ ਹੁੰਦਾ ਹੈ। ਦਸੰਬਰ 2000 ਦੇ ਸੰਮੇਲਨ ਦਾ ਥੀਮ ਸੀ - 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਇਸ ਸੰਮੇਲਨ ਵਿਚ ਮਲੇਸ਼ੀਆ ਦੇ ਵੱਖ ਵੱਖ ਪ੍ਰਾਂਤਾਂ ਤੋਂ ਅਤੇ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਡੋਨੇਸ਼ੀਆ, ਥਾਈਲੈਂਡ ਅਤੇ ਸਿੰਘਾਪੁਰ ਤੋਂ 1200 ਤੋਂ ਵੱਧ ਵਿਦਿਆਰਥੀ ਅਤੇ ਮਾਪੇ ਸ਼ਾਮਲ ਹੋਏ। ਇਹ ਬਹੁਤ ਕਮਾਲ ਦਾ ਨੌਜਵਾਨ ਧਾਰਮਿਕ ਮੇਲਾ ਸੀ ਜਿਸ ਵਿਚ ਸਵੇਰ ਤੋਂ ਰਾਤ ਦੇਰ ਤਕ ਵਿਦਿਆਰਥੀਆਂ ਦੇ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਸੈਸ਼ਨ ਲਗਦੇ ਰਹੇ। ਸਾਰੇ ਵਿਦਿਆਰਥੀਆਂ ਦੇ ਕਲਾਸ ਅਤੇ ਉਮਰ ਅਨੁਸਾਰ ਤਿੰਨ ਗਰੁੱਪ ਬਣਾਏ ਗਏ ਸੀ। ਸਵੇਰੇ ਪੰਜ ਵਜੇ ਦਰਬਾਰ ਹਾਲ ਵਿਚ ਨਿਤਨੇਮ, ਸਿਮਰਨ, ਅਰਦਾਸ, ਹੁਕਮਨਾਮਾ - ਉਪਰੰਤ ਨਾਸ਼ਤਾ - ਨਿਸ਼ਾਨ ਸਾਹਿਬ ਨੂੰ ਸਲਾਮੀ - 9.15 ਵਜੇ ਦਰਬਾਰ ਹਾਲ ਵਿਚ ਇਨਸਪੀਰੇਸ਼ਨ ਸੈਸ਼ਨ - 11.00 ਵਜੇ ਤੋਂ ਕਲਾਸ-ਰੂਮਜ਼ ਵਿਚ ਪੜ੍ਹਾਈ - ਗੁਰਬਾਣੀ, ਗੁਰਮਤਿ ਸਿਧਾਂਤ, ਨਾਮ-ਅਭਿਆਸ, ਸਿੱਖ ਇਤਿਹਾਸ - ਸ਼ਾਮ ਨੂੰ ਰਹਿਰਾਸ, ਅਰਦਾਸ, ਹੁਕਮਨਾਮਾ। ਨੌਜਵਾਨ ਲੜਕੀਆਂ ਲੜਕਿਆਂ ਦੇ ਹੰਸੂ ਹੰਸੂ ਕਰਦੇ ਚਿਹਰੇ ਆਪਣੇ ਵਿਰਸੇ ਨੂੰ ਜਾਣਨ, ਪਛਾਨਣ ਅਤੇ ਜੁੜਨ ਲਈ ਕਿੰਨੇ ਉਤਸੁਕ ਸਨ। ਕਾਸ਼ ਐਸੇ ਨੌਜਵਾਨ ਧਾਰਮਿਕ ਸੰਮੇਲਨ ਦੁਨੀਆਂ ਦੇ ਹਰ ਦੇਸ਼, ਹਰ ਪ੍ਰਾਂਤ ਵਿਚ ਹੋਣ।

ਦਾਸ ਦੀ ਸੇਵਾ ਸਿੱਖ ਇਤਿਹਾਸ ਅਤੇ ਨਾਮ-ਅਭਿਆਸ ਦੀ ਜਾਣਕਾਰੀ ਦੇਣਾ ਸੀ ਅਤੇ ਸ਼ਾਮ ਨੂੰ ਮਾਪਿਆਂ ਨਾਲ ਪਰਸਪਰ ਵਿਚਾਰ ਵਟਾਂਦਰਾ ਕਰਨਾ ਸੀ। ਅਸੀਂ ਜੋ ਸਿਖਿਆ ਇਥੇ ਰਤਵਾੜਾ ਸਾਹਿਬ ਮਹਾਂਪੁਰਸ਼ਾਂ ਤੋਂ ਪ੍ਰਾਪਤ ਕੀਤੀ ਹੈ ਅਤੇ ਜਿਸ ਦਾ ਪ੍ਰਚਾਰ ਪਾਸਾਰ ਅਸੀਂ ਆਤਮ ਮਾਰਗ ਰਾਹੀਂ ਕਰ ਰਹੇ ਹਾਂ, ਉਹ ਹੈ ਹੀ ਨਿਰੋਲ ਨਾਮ-ਸਿਮਰਨ 'ਨਾਨਕ ਕੇ ਘਰੁ ਕੇਵਲ ਨਾਮੁ' ਦਾ ਢੰਡੋਰਾ ਦੇਣਾ। ਵਿਦਿਆਰਥੀ ਜਾਣਨਾ ਚਾਹੁੰਦੇ ਸੀ ਕਿ ਸਿਮਰਨ ਉਨ੍ਹਾਂ ਦੀ ਪੜ੍ਹਾਈ ਅਤੇ ਕੈਰੀਅਰ ਵਿਚ ਕਿਵੇਂ ਸਹਾਈ ਹੋ ਸਕਦਾ ਹੈ? ਜਿਵੇਂ ਕਿ ਅਸੀਂ ਆਤਮ ਮਾਰਗ ਵਿਚ ਸਦਾ ਹੀ ਮਹਾਂਪੁਰਸ਼ਾਂ ਦੇ ਇਹ ਵਿਚਾਰ ਪੜ੍ਹਦੇ ਰਹਿੰਦੇ ਹਾਂ ਕਿ ਸਿਮਰਨ ਮਨ ਦੀ ਇਕਾਗਰਤਾ ਬਖਸ਼ਦਾ ਹੈ। ਗੁਰਬਾਣੀ ਦਾ ਅਧਿਐਨ, ਸੁਣਨਾ, ਮੰਨਣਾ ਅਤੇ ਇਸ ਦਾ ਨਿਧਿਆਸਣ ਸਾਨੂੰ ਅਸਲ ਗਿਆਨ ਬਖਸ਼ਦਾ ਹੈ ਜਿਸ ਨਾਲ ਸਾਡੇ ਸਾਰੇ ਦੁਖ ਦੂਰ ਹੁੰਦੇ ਹਨ ਅਤੇ ਜਦੋਂ ਸਾਨੂੰ ਇਹ ਗਿਆਨ ਹੁੰਦਾ ਹੈ ਕਿ ਅਸੀਂ ਸਰੀਰ ਨਹੀਂ, ਇਸ ਸਰੀਰ ਵਿਚ ਵਸਦੀ ਆਤਮਾ ਹਾਂ, ਜੋ ਪ੍ਰਭੂ-ਜੋਤਿ ਹੈ, ਜੋ ਮਰਦੀ ਨਹੀਂ, ਜੋ ਸਦੀਵ ਹੈ, ਸੰਪੂਰਨ ਹੈ, ਸੱਚ ਹੈ, ਤਾਂ ਸਾਡਾ ਬਹੁਤ ਸਾਰਾ ਦੁੱਖ, ਸੋਗ, ਚਿੰਤਾ, ਅੰਦੇਸ਼ਾ ਦੂਰ ਹੋ ਜਾਂਦਾ ਹੈ। ਸਾਡੇ ਬਹੁਤੇ ਦੁਖ ਡਰ ਦੀ ਭਾਵਨਾ ਤੋਂ ਅਤੇ ਬੇਅੰਤ ਤ੍ਰਿਸ਼ਨਾਵਾਂ ਤੋਂ ਪੈਦਾ ਹੁੰਦੇ ਹਨ। ਜਦੋਂ ਸਾਨੂੰ ਪਤਾ ਲਗ ਜਾਵੇ ਕਿ ਸਾਡਾ ਅਸਲ ਸਰੂਪ ਅਮਰ ਹੈ, ਤਾਂ ਮੌਤ ਦੀ ਭਿਆਨਕਤਾ ਅਤੇ ਡਰ ਸੁਤੇ ਸਿਧ ਮੁੱਕ ਜਾਂਦੇ ਹਨ ਅਤੇ ਮਨੁੱਖ ਸੁਖ, ਸ਼ਾਂਤੀ, ਅਨੰਦ, ਵਿਗਾਸ ਦੇ ਘਰ ਵਿਚ ਜਾਣਾ ਅਤੇ ਵਿਚਰਨਾ ਲੋੜਦਾ ਹੈ ਜਿਸ ਦਾ ਸਾਧਨ ਸਿਮਰਨ ਹੈ। ਇਸ ਤਰ੍ਹਾਂ ਨਾਮ-ਅਭਿਆਸ ਸਿਮਰਨ ਕਰਨ ਵਾਲਾ ਵਿਦਿਆਰਥੀ ਸਿਮਰਨ ਰਾਹੀਂ ਮਨ ਦੀ ਇਕਾਗਰਤਾ ਪ੍ਰਾਪਤ ਕਰਦਾ ਹੈ ਅਤੇ ਵਿਦਿਆ ਵਿਚ, ਖੇਡਾਂ ਵਿਚ ਅਤੇ ਜੀਵਨ-ਕੈਰੀਅਰ ਵਿਚ ਸਫਲਤਾ ਅਤੇ ਮਹਾਨਤਾ ਪ੍ਰਾਪਤ ਕਰਦਾ ਹੈ। ਵਿਦਿਆਰਥੀਆਂ ਨੇ ਅਨੇਕਾਂ ਪ੍ਰਸ਼ਨ ਕਰਕੇ ਇਸ ਮੁਸ਼ਕਲ ਪਰ ਅਤਿਅੰਤ ਜ਼ਰੂਰੀ ਮਜ਼ਮੂਨ ਵਿਚ ਜਗਿਆਸਾ ਪ੍ਰਗਟ ਕੀਤੀ ਅਤੇ ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੀ ਅਗਵਾਈ ਵਿਚ ਨੌਜਵਾਨ ਸੰਮੇਲਨ ਆਯੋਜਤ ਕਰਨ ਲਈ ਬੇਨਤੀ ਕੀਤੀ।

ਸੰਮੇਲਨ ਉਪਰੰਤ 29 ਦਸੰਬਰ ਤੋਂ 9 ਜਨਵਰੀ ਤਕ ਕੁਆਲਾਲੰਪੁਰ ਦੇ ਗੁਰਦਵਾਰਾ ਤਿੱਤੀਵੰਗਸਾ ਵਿਖੇ ਸਵੇਰੇ 6.00 ਤੋਂ 7.00 ਨਾਮ-ਅਭਿਆਸ ਸਿਮਰਨ ਲਈ ਸੰਗਤ ਜੁੜਦੀ ਰਹੀ। ਜਿਵੇਂ ਕਿ ਮਹਾਂਪੁਰਸ਼ ਦਸਦੇ ਹਨ ਅਤੇ ਅਭਿਆਸ ਕਰਵਾਉਂਦੇ ਹਨ, ਉਸ ਅਨੁਸਾਰ ਵਾਹਿਗੁਰੂ ਗੁਰਮੰਤਰ ਦਾ ਜਾਪ ਰਸਨਾ ਰਾਹੀਂ, ਕੰਠ ਰਾਹੀਂ, ਮਨ ਰਾਹੀਂ, ਸੁਆਸਾਂ ਰਾਹੀਂ ਕਰਨ ਦੀ ਵਿਧੀ ਦੱਸੀ ਗਈ ਅਤੇ ਹਰ ਰੋਜ਼ ਅਭਿਆਸ ਹੁੰਦਾ ਰਿਹਾ ਜਿਸਦਾ ਸੰਗਤਾਂ ਨੇ ਬਹੁਤ ਅਨੰਦ ਮਾਣਿਆ। ਕੁਆਲਾਲੰਪੁਰ ਦੇ ਹੋਰ ਗੁਰਦਵਾਰਾ ਸਾਹਿਬਾਨ ਜਿਵੇਂ ਸੰਤੂਲ, ਵੱਡਾ ਗੁਰਦਵਾਰਾ ਸਾਹਿਬ ਕੰਪਗ ਪੰਡਨ, ਪਤਾਲੰਗ ਜਯੇ, ਗੁਰਦਵਾਰਾ ਪਾਰਲੀਮੈਂਟ ਆਦਿ ਵਿਚ ਨਾਮ ਸਿਮਰਨ ਦੇ ਵਿਧੀ ਸਹਿਤ ਅਭਿਆਸ ਹੋਏ।

ਸੰਗਤਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਅਤੇ ਨਾਮ ਦੀ ਜੁਗਤਿ ਸਿੱਖਣ ਲਈ ਬਹੁਤ ਉਤਸ਼ਾਹਿਤ ਹੋਈਆਂ। ਮਲੇਸ਼ੀਆ ਦੇ 40-50 ਗੁਰਸਿੱਖਾਂ ਨੇ ਰਤਵਾੜਾ ਸਾਹਿਬ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਤੋਂ ਨਾਮ-ਜਾਪ ਦੀ ਜੁਗਤਿ ਸਿਖਣ ਲਈ ਆਉਣ ਦਾ ਖਿਆਲ ਪ੍ਰਗਟ ਕੀਤਾ। ਨਾਲ ਹੀ ਆਤਮ ਮਾਰਗ ਨੂੰ ਮਲੇਸ਼ੀਆ ਦੇ ਕੁਲ 112 ਗੁਰਦਵਾਰਿਆਂ ਵਿਚ ਭੇਜਣ ਦੀ ਮਹਾਂਪੁਰਸ਼ਾਂ ਪਾਸ ਅਪੀਲ ਕੀਤੀ ਤਾਕਿ ਸਾਰੇ ਮਲੇਸ਼ੀਆ ਵਿਚ ਆਤਮ ਮਾਰਗ ਦੀ ਸਾਂਝ ਪੈਦਾ ਹੋ ਜਾਵੇ। ਪਰਉਪਕਾਰੀ ਮਹਾਂਪੁਰਸ਼ਾਂ ਨੇ ਆਗਿਆ ਦੇ ਦਿਤੀ ਹੈ ਅਤੇ

(ਬਾਕੀ ਪੰਨਾ 19 ਤੇ)



Sri Satguru Jagjit Singh Ji eLibrary NamdhariElibrary@gmail.com

# ਪ੍ਰਹਿਲਾਦ ਭਗਤ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 63 )*

***ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,***
***ਚੋਗਾ ਚੁਗਦੇ ਦੇ - 2, 2.***
***ਮੇਰੇ ਪਿਆਰੇ, ਬਈ ਚੋਗਾ ਚੁਗਦੇ ਦੇ - 2, 2.***
***ਤੇਰੇ ਕਾਲ ਨੇ ਗੁਲੇਲਾ ਮਾਰਨੈ,......-2***

ਸਾਧਸੰਗਤ ਜੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਹੈ, ਜਿਸਨੇ ਲਾਹਾ ਲੈ ਲਿਆ ਉਸ ਨੇ ਲੈ ਲਿਆ, ਜਿਹੜਾ ਸਲਾਹਾਂ ਕਰਦਾ ਰਿਹਾ, ਉਹ ਰਹਿ ਗਿਆ।

ਪ੍ਰਹਿਲਾਦ ਬੱਚਿਆਂ ਨੂੰ ਤਤ੍ਵ ਗਿਆਨ ਦੇ ਬਚਨ ਕਰਕੇ ਪ੍ਰਮੇਸ਼ਰ ਦੀ ਹੋਂਦ ਵਲ ਲਾ ਰਿਹਾ ਹੈ ਅਤੇ ਉਸ ਨੂੰ ਵਾਹਿਗੁਰੂ ਉਪਰ ਪੂਰਾ ਭਰੋਸਾ ਹੈ, ਉਹ ਵਾਹਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਜਾਣਦਾ ਹੈ ਸਾਡੇ ਵਾਂਗੂੰ ਨਹੀਂ। ਅਸੀਂ ਕਹਿੰਦੇ ਤਾਂ ਹਾਂ ਕਿ ਵਾਹਿਗੁਰੂ ਜੀ ਹਨ ਪਰ ਵਾਹਿਗੁਰੂ ਉਪਰ ਸਾਡਾ ਕੋਈ ਵਿਸ਼ਵਾਸ਼ ਨਹੀਂ ਹੈ, ਉਸ ਉਪਰ ਭਰੋਸਾ ਕੋਈ ਨਹੀਂ ਹੈ, ਉਸ ਨਾਲ ਕੋਈ ਸਾਂਝ ਨਹੀਂ ਹੈ, ਨੇੜਤਾ ਨਹੀਂ ਹੈ। ਪਰ ਪ੍ਰਹਿਲਾਦ ਉਸਨੂੰ ਪ੍ਰਤੱਖ ਰੂਪ ਵਿਚ ਦੇਖ ਰਿਹਾ ਹੈ। ਬੱਚੇ ਮੁਹਾਰਨੀ ਉਚਾਰਿਆ ਕਰਦੇ ਹਨ। ਉਹ ਜਾਂ ਤਾਂ ਬੋਲੀ ਵਿਚ ਆਈਆਂ ਲਗਾਂ ਮਾਤਰਾਂ, ਲਾਵਾਂ ਦੁਲਾਵਾਂ ਦੀ ਹੁੰਦੀ ਹੈ ਜਾਂ ਗਣਿਤ ਵਿਚ ਪਹਾੜੇ ਆਦਿ ਦੀ ਉਚਾਰੀ ਜਾਂਦੀ ਹੈ ਪਰ ਇਸ ਦੇ ਵਿਪਰੀਤ ਹਰਨਾਖਸ਼ ਦੇ ਰਾਜ ਵਿਚ ਜੋ ਮੁਹਾਰਨੀ ਉਚਾਰੀ ਜਾਂਦੀ ਸੀ ਉਹ ਬਹੁਤ ਹੀ ਕੂੜ ਉਤੇ ਅਧਾਰਤ ਸੀ। ਉਸ ਵਿਚ ਹਰ ਰੋਜ਼ ਯਾਦ ਕਰਾਇਆ ਜਾਂਦਾ ਸੀ -

***ਜਲੇ ਹਰਨਾਖਸ਼ ਥਲੇ ਹਰਨਾਖਸ਼।***
***ਈਹਾਂ ਹਰਨਾਖਸ਼ ਊਹਾਂ ਹਰਨਾਖਸ਼।***

ਹਰਨਾਖਸ਼ ਹੀ ਹਰਨਾਖਸ਼, ਉਸ ਬਿਨਾਂ ਹੋਰ ਕੋਈ ਨਹੀਂ, ਉਹ ਸਾਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਉਸ ਨੂੰ ਹੀ ਨਮਸਕਾਰ ਹੋਵੇ, ਉਹ ਹੀ ਸਾਡੇ ਦੁਖਾਂ ਸੁਖਾਂ ਵਿਚ ਸਹਾਈ ਹੋਵੇ, ਉਹ ਸਾਡੀ ਕਾਲ ਤੋਂ ਰੱਖਿਆ ਕਰੇ, ਉਸੇ ਨੇ ਹੀ ਜਲ ਥਲ ਪਰਬਤ ਬਣਾਏ ਹਨ। ਇਹ ਇਕ ਕੂੜੀ ਮੁਹਾਰਨੀ ਸੀ। ਪ੍ਰਹਿਲਾਦ ਦੇ ਅੰਦਰ ਵਾਹਿਗੁਰੂ ਜੀ ਦਾ ਪੂਰਨ ਗਿਆਨ ਸੀ। ਉਹ ਉਸ ਨੂੰ ਘਟ ਘਟ ਵਿਚ ਦੇਖ ਰਿਹਾ ਸੀ ਉਸ ਦੀ ਮੁਹਾਰਨੀ ਕੁਝ ਇਸ ਭਾਵ ਦੀ ਹੁੰਦੀ ਸੀ ਜਿਵੇਂ ਕਿ ਬਾਣੀ ਵਿਚ ਆਉਂਦਾ ਹੈ -

***ਜਲੇ ਹਰੀ॥ ਥਲੇ ਹਰੀ॥***
***ਉਰੈ ਹਰੀ॥ ਬਨੇ ਹਰੀ॥***
***ਗਿਰੇ ਹਰੀ॥ ਗੁਫੇ ਹਰੀ॥***
***ਛਿਤੇ ਹਰੀ॥ ਨਭੈ ਹਰੀ॥***
***ਈਹਾਂ ਹਰੀ॥ ਊਹਾਂ ਹਰੀ॥***
***ਜਿਮੀ ਹਰੀ॥ ਜਮਾਂ ਹਰੀ॥***
***ਅਲੇਖ ਹਰੀ॥ ਅਭੇਖ ਹਰੀ॥***

***ਆਦਿ......ਆਦਿ.........॥ ਅਕਾਲ ਉਸਤਤਿ***

***ਜਿਮੀ ਜਮਾਨ ਕੇ ਬਿਥੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਅਤੇ

***ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ॥***
***ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ ਭੂਲੇ॥***
***ਕਹੂੰ ਪਵਨ ਹ੍ਵੈ ਕੈ ਬਹੇ ਬੇਗਿ ਐਸੇ॥***
***ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ॥ ੧੨॥***
***ਕਹੂੰ ਨਾਦ ਹ੍ਵੈ ਕੈ ਭਲੀ ਭਾਂਤਿ ਬਾਜੇ॥***
***ਕਹੂੰ ਪਾਰਧੀ ਹ੍ਵੈ ਧਰੇ ਬਾਨ ਰਾਜੇ॥***
***ਕਹੂੰ ਮ੍ਰਿਗ ਹ੍ਵੈ ਕੈ ਭਲੀ ਭਾਂਤਿ ਮੋਹੇ॥***
***ਕਹੂੰ ਕਾਮੁਕੀ ਜਿਉ ਧਰੇ ਰੂਪ ਸੋਹੇ॥੧੩॥***
***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸ ਤਾ ਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾ ਕੋ ਕਹਾ ਕੇ ਕਹਾਵੈ॥***
***ਕਹਾ ਮੈਂ ਬਖਾਨੋ ਕਹੇ ਮੋ ਨ ਆਵੈ॥ ੧੪॥***
***ਨ ਤਾ ਕੋ ਕੋਈ ਤਾਤ ਮਾਤੰ ਨ ਭਾਯੰ॥***
***ਨ ਪੁਤ੍ਰੰ ਨ ਪੌਤ੍ਰੰ, ਨ ਦਾਯਾ ਨ ਦਾਯੰ॥***
***ਨ ਨੇਹੰ ਨ ਗੇਹੰ ਨ ਸੈਨੰ ਨ ਸਾਥੰ॥***
***ਮਹਾਰਾਜ ਰਾਜੰ ਮਹਾ ਨਾਥ ਨਾਥੰ॥ ੧੫॥ ਬਚਿਤ੍ਰ ਨਾਟਕ***

ਇਹ ਸਤਿ ਦੀ ਮੁਹਾਰਨੀ ਹੈ ਜੋ ਸਤਿਪੁਰਸ਼ਾਂ ਦੇ ਹਿਰਦੇ ਵਿਚ ਵਸੀ ਹੋਈ ਹੁੰਦੀ ਹੈ। ਇਸੇ ਮੁਹਾਰਨੀ ਦਾ ਅਨੁਭਵ ਇਸ ਜੀਵ ਨੂੰ ਬ੍ਰਹਮਗਿਆਨ ਦੀ ਅਵਸਥਾ ਤਕ ਪਹੁੰਚਾ ਦਿੰਦਾ ਹੈ ਉਸ ਦੇ ਦਿਬਯ ਨੇਤਰ ਖੁਲ੍ਹ ਜਾਂਦੇ ਹਨ ਅਤੇ ਉਹ ਹਰ ਥਾਂ ਉਤੇ ਆਪਣੇ ਪ੍ਰਭੂ ਨੂੰ ਵੇਖਦਾ ਹੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677***

ਪ੍ਰਹਿਲਾਦ ਜੀ ਕੂੜ ਦੀ ਮੁਹਾਰਨੀ ਬਿਲਕੁਲ ਨਹੀਂ ਬੋਲਿਆ ਕਰਦੇ ਸਨ। ਰਾਜਕੁਮਾਰ ਨੇ ਬੱਚਿਆਂ ਨੂੰ ਪੂਰੀ ਤਰ੍ਹਾਂ ਨਾਲ ਦਸ ਦਿਤਾ ਸੀ ਕਿ ਇਥੇ ਪ੍ਰਮੇਸ਼ਰ ਹੀ ਅਨੇਕਾਂ ਰੂਪਾਂ ਰੰਗਾਂ ਵਿਚ ਵਰਤ ਰਿਹਾ ਹੈ। ਇਕੋ ਆਤਮਾ ਵਿਚ ਸਾਰੀ ਸ੍ਰਿਸ਼ਟੀ ਰੂਪਮਾਨ ਹੋਈ ਹੈ। ਇਕੋ ਆਤਮਾ ਵਿਚ ਸਮਾਈ ਹੋਈ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***



Sri Satguru Jagjit Singh Ji eLibrary NamdhariElibrary@gmail.com

ਪ੍ਰਹਿਲਾਦ ਦਾ ਨਿਸ਼ਚਾ ਸੀ ਕਿ ਆਤਮਾ ਅਮਰ ਹੈ, ਜਿਸ ਦਾ ਕੋਈ ਰੂਪ ਰੇਖ, ਭੇਖ, ਚਕਰ, ਚਿਹਨ ਨਹੀਂ। ਇਸੇ ਸ਼ਕਤੀ ਨੂੰ ਬ੍ਰਹਮ ਆਖਦੇ ਹਨ, ਪ੍ਰਮਾਤਮਾ ਆਖਦੇ ਹਨ। ਆਤਮਾ ਤੇ ਪ੍ਰਮਾਤਮਾ ਵਿਚ ਕੋਈ ਫਰਕ ਨਹੀਂ। ਸੰਸਾਰ ਦੀ ਸਾਰੀ ਖੇਲ੍ਹ ਆਤਮਾ ਅੰਦਰ ਹੀ ਹੋ ਰਹੀ ਹੈ। ਉਸ ਦੇ ਆਧਾਰ ਤੇ ਸਾਰੀ ਕਿਰਿਆ ਹੋ ਰਹੀ ਹੈ ਜਿਵੇਂ ਕਿ ਫੁਰਮਾਨ ਹੈ -

***ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥***
***ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥***
***ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥***
***ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥***
***ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥***
***ਆਪੇ ਬਹੁਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥***
***ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥***
***ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥***
***ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥***

***ਪੰਨਾ - 23***

ਸੋ ਇਸ ਤਰ੍ਹਾਂ ਦੇ ਨਿਸ਼ਚੇ ਵਿਚ ਪ੍ਰਹਿਲਾਦ ਪ੍ਰਭੂ ਨਾਲ ਪੂਰੀ ਤਰ੍ਹਾਂ ਜੁੜਿਆ ਰਹਿੰਦਾ ਸੀ। ਤਤ੍ਵ ਦਾ ਗਿਆਨ ਉਸ ਵਿਚ ਵਸਦਾ ਸੀ। ਜਲਾਂ ਥਲਾਂ ਪਹਾੜਾਂ ਵਿਚ ਵੀ ਉਸੇ ਨੂੰ ਹੀ ਦੇਖਦਾ ਸੀ, ਸੱਪਾਂ ਵਿਚ ਵੀ ਉਸ ਨੂੰ ਦੇਖਿਆ, ਅੱਗ ਵਿਚ ਵੀ ਉਸੇ ਨੂੰ ਦੇਖਦਾ ਸੀ ਸੋ ਉਸ ਨੇ ਬੱਚਿਆਂ ਨੂੰ ਇਹ ਗਿਆਨ ਦ੍ਰਿੜ ਕਰਾ ਦਿਤਾ, ਸਾਰੇ ਬੱਚੇ ਕੂੜ ਦੀ ਮੁਹਾਰਨੀ ਛੱਡ ਕੇ ਸੱਚ ਦੀ ਮੁਹਾਰਨੀ ਬੋਲ ਰਹੇ ਸਨ। ਹਰਨਾਖਸ਼ ਦਾ ਹੁਕਮ ਸੀ ਕਿ ਭੁੱਲ ਕੇ ਵੀ ਕੋਈ ਪ੍ਰਮੇਸ਼ਰ ਦਾ ਨਾਂ ਨਾ ਲਵੇ ਉਸ ਨੂੰ ਸਖਤ ਸਜ਼ਾ ਦਿਤੀ ਜਾਵੇਗੀ। ਮੈਂ ਸਮਰਾਟ ਹਾਂ ਮੈਨੂੰ ਬੇਅੰਤ ਵਰ ਮਿਲ ਚੁਕੇ ਹਨ, ਜਿਸ ਵਿਚ ਕਾਲ ਕਿਸੇ ਤਰ੍ਹਾਂ ਵੀ ਮੇਰੇ ਨੇੜੇ ਨਹੀਂ ਪਹੁੰਚ ਸਕਦਾ। ਇਸ ਕਰਕੇ ਮੇਰਾ ਹੀ ਹੁਕਮ ਚਲ ਰਿਹਾ ਹੈ। ਮੈਨੂੰ ਹੀ ਸਾਰੀ ਪਰਜਾ ਹਰ ਥਾਂ ਦੇਖੇ, ਹੋਰ ਈਸ਼ਵਰ ਕੇਵਲ ਕਲਪਤ ਹਸਤੀ ਹੈ। ਮੈਂ ਸਾਰੀ ਜਗ੍ਹਾ ਤੇ ਦ੍ਰਿਸ਼ਟਮਾਨ ਸ਼ਕਤੀ ਹਾਂ। ਹਰਨਾਖਸ਼ ਦੇ ਹੁਕਮ ਦੀਆਂ ਪ੍ਰਹਿਲਾਦ ਨੇ ਧੱਜੀਆਂ ਉਡਾ ਦਿਤੀਆਂ। ਜਦੋਂ ਸੰਡਾ ਤੇ ਮਾਰਕਾ ਪ੍ਰਹਿਲਾਦ ਦੀ ਮੁਹਾਰਨੀ ਸੁਣਦੇ ਸਨ, ਤਾਂ ਪ੍ਰਹਿਲਾਦ ਨੂੰ ਸਮਝਾਉਂਦੇ ਸਨ। ਪਰ ਪ੍ਰਹਿਲਾਦ ਨੇ ਕਹਿਣਾ ਕਿ ਮੈਂ ਕਿਵੇਂ ਝੂਠੀ ਗੱਲ ਤੇ ਯਕੀਨ ਕਰ ਲਵਾਂ? ਕੀ ਇਹ ਧਰਤੀ ਚੰਦ ਤਾਰੇ ਮੇਰੇ ਪਿਤਾ ਨੇ ਬਣਾਏ ਹਨ? ਮੇਰੇ ਪਿਤਾ ਦੀ ਉਮਰ ਕਿੰਨੀ ਹੈ? ਉਸ ਤੋਂ ਪਹਿਲਾਂ ਵੀ ਖੰਡ ਬ੍ਰਹਿਮੰਡ ਸਨ। ਸੋ ਮੈਂ ਪਿਤਾ ਵਲੋਂ ਥੋਪਿਆ ਹੋਇਆ ਕੂੜ ਨਹੀਂ ਮੰਨ ਸਕਦਾ। ਪ੍ਰਹਿਲਾਦ ਹਰ ਵਕਤ ਪ੍ਰਭੂ ਦਾ ਨਾਮ ਜਪਦਾ ਰਹਿੰਦਾ ਸੀ।

***ਧਾਰਨਾ - ਸਿਮਰੇ ਹਰੀ ਦਾ ਨਾਮ***
***ਮਨ ਵਿਚ ਸਿਮਰੇ, ਮਨ ਵਿਚ ਸਿਮਰੇ - 2, 2.***
***ਮਨ ਵਿਚ ਸਿਮਰੇ, ਮਨ ਵਿਚ ਸਿਮਰੇ - 2, 2.***
***ਸਿਮਰੇ ਹਰੀ ਦਾ ਨਾਮ.........-2***

ਨਾਮ ਸਿਮਰਨ ਦੀਆਂ ਬਹੁਤ ਸਾਰੀਆਂ ਅਵਸਥਾਵਾਂ ਹੋਇਆ ਕਰਦੀਆਂ ਹਨ, ਬੈਖਰੀ ਵਿਚ ਬੋਲ ਕੇ ਨਾਮ ਜਪਣਾ, ਮਧਮਾ ਵਿਚ ਜਪਣਾ, ਪਸੰਤੀ ਵਿਚ ਜਪਣਾ ਅਤੇ ਪਰਾ ਬਾਣੀ ਵਿਚ ਜੋ ਨਾਭੀ ਦੀ ਬਾਣੀ ਹੈ ਉਸ ਵਿਚ ਧਿਆਨ ਨਾਲ ਜਪਿਆ ਜਾਂਦਾ ਹੈ। ਨਾਮ ਦੀ ਧੁਨਿ ਆਪਣੇ ਆਪ ਸੁਣਦੀ ਹੈ, ਪ੍ਰਹਿਲਾਦ ਦੇ ਅੰਦਰੋਂ ਹਰ ਵਕਤ ਨਾਮ ਦੀ ਧੁਨ ਸੁਣਦੀ ਰਹਿੰਦੀ ਸੀ।

ਸੰਡਾ ਤੇ ਮਾਰਕਾ ਦੋਵੇਂ ਉਸਤਾਦ ਪ੍ਰਹਿਲਾਦ ਅਤੇ ਬੱਚਿਆਂ ਦੀ ਹਾਲਤ ਦੇਖ ਕੇ ਬਹੁਤ ਹੀ ਪਰੇਸ਼ਾਨ ਹੋ ਰਹੇ ਸਨ ਕਿ ਜੇ ਕਿਤੇ ਇਸ ਗੱਲ ਦਾ ਪਤਾ ਹਰਨਾਖਸ਼ ਨੂੰ ਲਗ ਗਿਆ ਤਾਂ ਇਹ ਨਹੀਂ ਪਤਾ ਕਿ ਉਹ ਸਾਨੂੰ ਜੀਉਂਦੇ ਛੱਡੇ ਜਾਂ ਮ੍ਰਿਤੂ ਦੰਡ ਦੇਵੇ। ਜਦੋਂ ਪ੍ਰਹਿਲਾਦ ਨਾਲ ਗੱਲ ਕਰਦੇ ਹਨ ਤਾਂ ਉਹ ਹਮੇਸ਼ਾਂ ਇਨ੍ਹਾਂ ਨੂੰ ਸਤਿ ਨੂੰ ਅਪਨਾਉਣ ਦਾ ਉਪਦੇਸ਼ ਦਿੰਦਾ। ਉਸ ਦੀਆਂ ਦਲੀਲਾਂ ਦੇ ਸਾਮ੍ਹਣੇ ਇਨ੍ਹਾਂ ਦੀ ਕੋਈ ਮੰਤਕ ਨਾ ਚਲਦੀ। ਸ਼ਾਇਦ ਉਹ ਅੰਦਰੋਂ ਜਾਣਦੇ ਹੋਣ ਕਿ ਹਰਨਾਖਸ਼ ਦਾ ਜੋ ਫਲਸਫਾ ਹੈ ਉਹ ਸਤਿ ਤੇ ਅਧਾਰਤ ਨਹੀਂ ਹੈ ਪਰ ਹੁਕਮ ਦੇ ਬੰਨ੍ਹੇ ਹੋਏ ਕੁਝ ਵੀ ਨਹੀਂ ਕਰ ਸਕਦੇ ਸਨ। ਪ੍ਰਮੇਸ਼ਰ ਦੇ ਨਾਮ ਦੀ ਯਾਦ ਹਿਰਦੇ ਵਿਚ ਵਸ ਜਾਣੀ ਅਤੇ ਹਰ ਸਮੇਂ ਉਸ ਨਾਮ ਦੇ ਵਿਚ ਆਪ ਰਚੇ ਰਹਿਣਾ, ਇਹ ਬਹੁਤ ਵੱਡੀ ਅਵਸਥਾ ਹੈ। ਸਿਆਣਿਆਂ ਦਾ ਮਤ ਹੈ ਕਿ ਭਗਤੀ ਨੌਂ ਪ੍ਰਕਾਰ ਦੀ ਗਿਣੀ ਜਾਂਦੀ ਹੈ। ਪ੍ਰਮੇਸ਼ਰ ਤਕ ਪਹੁੰਚਣ ਵਾਸਤੇ ਕਰਮ, ਉਪਾਸਨਾ ਅਤੇ ਗਿਆਨ ਤਿੰਨ ਮਾਰਗ ਹਨ। ਪਹਿਲਾਂ ਆਪਣੇ ਕਰਮਾਂ ਨੂੰ ਸ਼ੁਧ ਕਰਨਾ ਅਤੇ ਫੇਰ ਉਪਾਸਨਾ ਰਾਹੀਂ ਰਾਹੀਂ ਪ੍ਰਭੂ ਦਾ ਧਿਆਨ, ਪ੍ਰਤੀਕ, ਸੰਪਤ, ਅਹੰਗ੍ਰਹਿ ਦੀ ਅਵਸਥਾ ਵਿਚ ਅੰਦਰ ਵਸਾਉਣਾ, ਮਨ ਦਾ ਪੂਰੀ ਤਰ੍ਹਾਂ ਅਫੁਰ ਹੋ ਜਾਣਾ, ਫੇਰ ਗਿਆਨ ਦੀ ਅਵਸਥਾ ਪੂਰੀ ਤਰ੍ਹਾਂ ਪ੍ਰਗਟ ਹੋ ਜਾਇਆ ਕਰਦੀ ਹੈ ਅਤੇ ਅਗਿਆਨ ਦਾ ਹਨ੍ਹੇਰਾ ਨਾਸ਼ ਹੋਣ ਤੇ ਕੇਵਲ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ ਅਤੇ ਆਪਣੇ ਆਪ ਹੀ ਉਸ ਵਿਚ ਲੀਨ ਹੋ ਜਾਂਦਾ ਹੈ। ਗਿਆਨ ਮਾਰਗ ਨਰ ਮਾਰਗ ਹੈ ਇਸ ਵਿਚ ਮਾਇਆ ਜਗਿਆਸੂ ਨੂੰ ਮੋਹ ਸਕਦੀ ਹੈ। ਇਸ ਵਿਚ ਵਾਚਕ ਤੌਰ ਤੇ ਕਿਹਾ ਹੋਇਆ ਅਹੰਬ੍ਰਹਮਅਸਵੀ ਹੋਂਦ ਨੂੰ ਪੂਰੀ ਤਰ੍ਹਾਂ ਮਿਟਾਉਂਦਾ ਨਹੀਂ ਹੈ। ਜੀਵ ਭਾਵ ਵਾਲੀ ਹੋਂਦ ਉਸਦੀ ਬਣੀ ਰਹਿੰਦੀ ਹੈ ਅਤੇ ਕਈ ਵਾਰੀ ਉਹ ਆਪਣੇ ਨਿਸ਼ਚਿਆਂ ਤੋਂ ਪਤਿਤ ਹੋ ਕੇ ਕੇਵਲ ਵਾਚ ਗਿਆਨੀ ਰਹਿ ਜਾਂਦਾ ਹੈ। ਪਰ ਭਗਤੀ ਸਹਿਤ ਜੋ ਗਿਆਨ ਹੈ ਇਹ ਮਾਇਆ ਤੋਂ ਨਹੀਂ ਮੋਹਿਆ ਜਾਂਦਾ ਕਿਉਂਕਿ ਭਗਤੀ ਤੇ ਮਾਇਆ ਇਸਤ੍ਰੀ ਰੂਪ ਹਨ। ਇਸਤ੍ਰੀ ਇਸਤ੍ਰੀ ਨੂੰ ਨਹੀਂ ਮੋਹ ਸਕਦੀ। ਗੁਰੂ ਘਰ ਅੰਦਰ ਭਗਤੀ ਸਹਿਤ ਗਿਆਨ ਦੀ ਪ੍ਰਧਾਨਤਾ ਹੈ। ਭਗਤੀ ਨੌਂ ਪ੍ਰਕਾਰ ਦੀ ਗਿਣੀ ਹੈ -

***ਭਗਤਿ ਨਵੈ ਪਰਕਾਰਾ॥***
***ਪੰਡਿਤੁ ਵੇਦੁ ਪੁਕਾਰਾ॥*** ***ਪੰਨਾ - 71***

ਇਸ ਵਿਚ ਸਿਮਰਨ ਭਗਤੀ ਅਤੇ ਕੀਰਤਨ ਭਗਤੀ ਨੂੰ ਕਾਫੀ ਮਹੱਤਤਾ ਦਿਤੀ ਜਾਂਦੀ ਹੈ, ਕੀਰਤਨ ਭਗਤੀ ਬਾਰੇ ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***



Sri Satguru Jagjit Singh Ji eLibrary NamdhariElibrary@gmail.com

*ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ - 1075*

ਸਿਮਰਨ ਭਗਤੀ ਨੂੰ ਕੂੰਜ ਦੀ ਸਿਮਰਤ ਸ਼ਕਤੀ ਨਾਲ ਰਲਾ ਕੇ ਦੱਸਿਆ ਜਾਂਦਾ ਹੈ ਕਿ ਉਹ ਆਪਣੇ ਬੱਚੇ ਪਹਾੜਾਂ ਵਿਚ ਦੇ ਕੇ ਮੈਦਾਨਾਂ ਵਿਚ ਉਤਰ ਆਉਂਦੀ ਹੈ -

*ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥*
*ਪੰਨਾ - 10*

ਉਹ ਯਾਦ ਸ਼ਕਤੀ ਨਾਲ ਆਪਣੇ ਬੱਚਿਆਂ ਨੂੰ ਪਾਲਦੀ ਹੈ ਸਿਮਰਨ ਭਗਤੀ ਵਿਚ ਪ੍ਰਭੂ ਨੂੰ ਹਰ ਵਕਤ ਆਪਣੇ ਹਿਰਦੇ ਵਿਚ ਯਾਦ ਰੱਖਿਆ ਜਾਂਦਾ ਹੈ, ਜਦੋਂ ਪੂਰਨ ਰੂਪ ਵਿਚ ਉਹ ਹਿਰਦੇ ਵਿਚ ਸਮਾਅ ਜਾਵੇ ਤਾਂ ਉਸ ਦੇ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ।। ਪੰਨਾ - 649*

ਸਰਵਣ ਭਗਤੀ, ਅਰਦਾਸ ਭਗਤੀ, ਨਮਸਕਾਰ ਭਗਤੀ, ਅਰਚਣ, ਪੂਜਾ, ਦਾਸਾ ਭਾਵ, ਮਿਤ੍ਰ ਭਾਵ ਆਦਿ ਭਗਤੀਆਂ ਨੂੰ ਪ੍ਰੇਮ ਦਾ ਫਲ ਲਗਦਾ ਹੈ ਅਤੇ ਪ੍ਰੇਮਾ ਭਗਤੀ ਸਭ ਤੋਂ ਸ਼੍ਰੋਮਣੀ ਹੈ ਜਿਸ ਦੇ ਬਾਰੇ ਫੁਰਮਾਨ ਹੈ -

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਪ੍ਰੇਮਾ ਭਗਤੀ ਵਿਚੋਂ ਜਗਿਆਸੂ ਤਰੱਕੀ ਕਰਦਾ ਹੋਇਆ ਪਰਾ ਅਤੇ ਅਪਰਾ ਭਗਤੀ ਵਿਚ ਪੁਜ ਜਾਇਆ ਕਰਦਾ ਹੈ ਅਤੇ ਉਸ ਨੂੰ ਪ੍ਰਤੱਖ ਰੂਪ ਵਿਚ ਗਿਆਨ ਹੋ ਜਾਂਦਾ ਹੈ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ।।*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ॥ ਪੰਨਾ - 827*

ਕਿਉਂਕਿ ਉਸ ਨੂੰ ਸਤਿ ਅਵਸਥਾ ਪ੍ਰਤੱਖ ਰੂਪ ਵਿਚ ਅਨੁਭਵ ਹੋ ਜਾਂਦੀ ਹੈ, ਉਹ ਸਭ ਕੁਝ ਵਿਚੋਂ ਵਾਹਿਗੁਰੂ ਨੂੰ ਦੇਖਦਾ ਹੈ। ਵਾਹਿਗੁਰੂ ਵਿਚ ਹੀ ਲੈਅ ਹੁੰਦਾ ਤਕਦਾ ਹੈ। ਇਹ ਭਗਤੀ ਦੀ ਅਵਸਥਾ ਹੈ। ਇਸ ਵਿਚ ਭਗਤ ਦੋ ਤੋਂ ਸ਼ੁਰੂ ਹੋ ਕੇ ਇਕ ਵਿਚ ਸਮਾਪਤ ਹੋ ਜਾਂਦਾ ਹੈ, ਦੂਜੇ ਅੱਖਰਾਂ ਵਿਚ ਉਹ ਆਪ ਹੀ ਪ੍ਰਮੇਸ਼ਰ ਬਣ ਜਾਂਦਾ ਹੈ। ਹਉਮੈ ਦੇ ਪਾਏ ਹੋਏ ਪਰਦਿਆਂ ਦਾ ਨਾਸ਼ ਕਰਕੇ ਉਹ ਪ੍ਰਮੇਸ਼ਰ ਦਾ ਅਸਲੀ ਸਰੂਪ ਘਟ ਘਟ ਵਿਚ ਤਕ ਲੈਂਦਾ ਹੈ। ਉਸ ਦੇ ਭਰਮ ਦੀ ਨਵਿਰਤੀ ਹੋ ਜਾਂਦੀ ਹੈ, ਹੁਣ ਉਸ ਨੂੰ ਰੱਸੀ ਹਨ੍ਹੇਰੇ ਕਰਕੇ ਸੱਪ ਨਜ਼ਰ ਨਹੀਂ ਆਉਂਦੀ। ਰੜੇ ਵਿਚ ਚਮਕਦਾ, ਲਹਿਰਾਂ ਮਾਰਦਾ ਪਾਨੀ ਹੁਣ ਉਸ ਨੂੰ ਪਾਨੀ ਦਾ ਭੁਲੇਖਾ ਨਹੀਂ ਦਿੰਦਾ। ਇਸਦੇ ਵਿਪਰੀਤ ਉਸ ਨੂੰ ਸੂਰਜ ਦੀਆਂ ਕਿਰਨਾਂ ਦਾ ਹੇਰ ਫੇਰ ਹੀ ਨਜ਼ਰ ਆਉਂਦਾ ਹੈ। ਸਿੱਪ ਵਿਚ ਜੋ ਭੁਲੇਖੇ ਨਾਲ ਚਾਂਦੀ ਵੇਖਦਾ ਹੈ ਉਸ ਦੀ ਥਾਂ ਸਿੱਪੀ ਨੂੰ ਉਸ ਦੇ ਅਸਲੀ ਰੂਪ ਵਿਚ ਤਕਦਾ ਹੈ। ਸਾਧਨ ਪੱਖ ਵਿਚ ਇਸ ਮੰਜ਼ਲ ਤਕ ਪਹੁੰਚਣ ਲਈ ਮਹਾਂਪੁਰਸ਼ਾਂ ਨੇ ਅਨੇਕਾਂ ਹੀ ਤਰੀਕੇ ਅਪਣਾਏ ਹਨ, ਗੁਰੂ ਘਰ ਵਿਚ ਸਪਸ਼ਟ ਤੌਰ ਉਪਰ ਫੁਰਮਾਨ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।।*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 305*

ਗੁਰੂ ਘਰ ਵਿਚ ਗੱਲਾਂ ਦਾ ਗਿਆਨੀ ਨਹੀਂ ਹੋ ਸਕਦਾ ਇਸ ਦੇ ਵਿਪਰੀਤ ਕਰਨੀ ਕਮਾਈ ਨਾਲ ਅਭਿਆਸ ਕਰਕੇ ਜਗਿਆਸੂ ਤਰੱਕੀ ਕਰਦਾ ਹੈ।

ਨਾਮ ਜਪਣ ਲਈ ਉਦਮ ਕਰਨਾ ਆਵੱਸ਼ਕ ਹੈ ਅਤੇ ਅੰਮ੍ਰਿਤ ਸਰੋਵਰ ਵਿਚ ਜਿਸਨੂੰ ਆਤਮ ਸਥਿਤੀ ਦਾ ਸਰੋਵਰ ਵੀ ਆਖਿਆ ਹੈ, ਉਸ ਵਿਚ ਪਹੁੰਚਣਾ ਜ਼ਰੂਰੀ ਹੁੰਦਾ ਹੈ, ਆਤਮਾ ਸਾਰੇ ਸੰਸਾਰ ਵਿਚ ਪਰੀਪੂਰਨ ਹੈ, ਹਰ ਚੀਜ਼ ਦੇ ਅੰਦਰ ਆਤਮਾ ਦਾ ਹੀ ਜਲਵਾ ਹੈ। ਜਿਸ ਤਰ੍ਹਾਂ ਸਾਰੀ ਬਨਸਪਤੀ ਵਿਚ ਅੱਗ ਸਮਾਈ ਹੁੰਦੀ ਹੈ ਅਤੇ ਸਾਰੇ ਦੁੱਧਾਂ ਵਿਚ ਘਿਉ ਹੁੰਦਾ ਹੈ, ਇਸੇ ਤਰ੍ਹਾਂ ਸਾਰੇ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟਮਾਨ ਵਿਚ ਆਤਮਾ ਇਕ ਰਸ ਪਰੀਪੂਰਨ ਹੈ। ਇਸ ਅਨੁਭਵ ਨੂੰ ਪ੍ਰਾਪਤ ਕਰਨਾ ਨਾਮ ਪ੍ਰਾਪਤ ਕਰਨਾ ਵੀ ਕਹਾਉਂਦਾ ਹੈ, ਇਹ ਆਤਮਾ ਸਰੀਰ ਵਿਚ ਹੈ ਜਿਸ ਤਰ੍ਹਾਂ ਕਿ ਬਾਨੀ ਵਿਚ ਫੁਰਮਾਨ ਆਉਂਦਾ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥ ਪੰਨਾ - 309*

ਇਸੇ ਨੂੰ ਅੰਮ੍ਰਿਤ ਕਿਹਾ ਗਿਆ ਹੈ ਜੋ ਮਨਮੁਖਾਂ ਦੇ ਹਿੱਸੇ ਵਿਚ ਨਹੀਂ ਆਇਆ ਕਰਦਾ, ਗੁਰੂ ਦੁਆਰਾ ਕੀਤੀ ਹੋਈ ਸਾਧਨਾ ਇਸ ਅੰਮ੍ਰਿਤ ਤਕ ਪਹੁੰਚਾਉਂਦੀ ਹੈ। ਇਸੇ ਨੂੰ ਨਾਮ ਆਖਿਆ ਗਿਆ ਹੈ -



Sri Satguru Jagjit Singh Ji eLibrary NamdhariElibrary@gmail.com

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਸੋ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਉਸ ਅੰਮ੍ਰਿਤ ਤਕ ਪਹੁੰਚ ਕੇ ਅਮਰ ਜੀਵਨ ਬਖਸ਼ਦਾ ਹੈ ਪਰ ਇਹ ਮਨਮੁਖਾਂ ਨੂੰ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੇ ਅੰਦਰ ਭਰਮ ਦੀ ਦੀਵਾਰ, ਹਉਮੈ ਦੀ ਕਾਈ ਉਸ ਨੂੰ ਇਸ ਥਾਂ ਪਹੁੰਚਣ ਨਹੀਂ ਦਿੰਦੀ।

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥*
*ਪੰਨਾ - 644*

ਜੋ ਅੰਮ੍ਰਿਤ ਦਾ ਸਰੋਵਰ ਹਰ ਪ੍ਰਾਣੀ ਦੇ ਅੰਦਰ ਹੈ। ਉਥੇ ਜਾਣ ਦੀ ਜਾਚ ਗੁਰੂ ਨੂੰ ਮਿਲ ਕੇ ਸਿਖਣੀ ਪੈਂਦੀ ਹੈ ਜੋ ਮਹਾਂਪੁਰਸ਼ ਇਸ ਅੰਮ੍ਰਿਤ ਸਰੋਵਰ ਵਿਚ ਨਿਵਾਸ ਰਖਦੇ ਹਨ ਉਹ ਜਗਿਆਸੂ ਦੀ ਮਦਦ ਕਰਕੇ ਉਸ ਘਟ ਘਟ ਵਿਚ ਵਸ ਰਹੇ ਵਾਹਿਗੁਰੂ ਤਕ ਪਹੁੰਚਾ ਦੇਣਾ ਆਪਣਾ ਫਰਜ਼ ਹੀ ਸਮਝਦੇ ਹਨ ਕਿਉਂਕਿ ਗੁਰੂ ਮਹਾਰਾਜ ਦਾ ਹੁਕਮ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 305*

ਗੁਰੂ ਨਾਨਕ ਪਾਤਸ਼ਾਹ ਸਤਿ ਨੂੰ ਜਾਨਣ ਲਈ ਕੁਝ ਰਹਿਤਾਂ ਦਾ ਫੁਰਮਾਨ ਕਰਦੇ ਹਨ ਇਸ ਜੀਵ ਨੇ ਸੰਸਾਰ ਵਿਚ ਆ ਕੇ ਸੱਚ ਨੂੰ ਸਮਝਣ ਦਾ ਯਤਨ ਨਹੀਂ ਕੀਤਾ ਅਤੇ ਉਸ ਦੀ ਥਾਂ ਕੂੜ ਦੇ ਨਾਲ ਪੂਰੀ ਤਰ੍ਹਾਂ ਲਿਪਤ ਹੋ ਗਿਆ ਹੈ ਅਤੇ ਕੂੜ ਦੀਆਂ ਕੀਮਤਾਂ ਨੂੰ ਸੱਚੀਆਂ ਜਾਨਣ ਦਾ ਭੁਲੇਖਾ ਖਾ ਗਿਆ ਹੈ, ਪ੍ਰਕ੍ਰਿਤੀ ਦੀਆਂ ਜਿੰਨੀਆਂ ਵੀ ਵਸਤਾਂ ਹਨ ਉਨ੍ਹਾਂ ਦੀ ਸ਼ਕਲ ਸੂਰਤ ਛਿਨ ਭੰਗਰ ਹੈ, ਥੋੜ੍ਹਾ ਚਿਰ ਰਹਿੰਦੀਆਂ ਹਨ, ਫੇਰ ਬਦਲ ਜਾਂਦੀਆਂ ਹਨ। ਗੁਰੂ ਮਹਾਰਾਜ ਨੇ ਤਾਂ ਸੰਸਾਰ ਨੂੰ ਵੀ ਕੂੜ ਦਾ ਪਸਾਰਾ ਹੀ ਦੱਸਿਆ ਹੈ। ਕੀ ਰਾਜਾ, ਕੀ ਪਰਜਾ, ਮੰਡਪ, ਮਾੜੀਆਂ, ਰੁਪਿਆ, ਪੈਸਾ, ਸੋਨਾ, ਰੇਸ਼ਮ, ਵਰਗੇ ਕੀਮਤੀ ਕਪੜੇ ਇਥੋਂ ਤਕ ਕਿ ਇਹ ਸਰੀਰ ਅਤੇ ਇਸ ਦਾ ਰੂਪ ਦੁਨਿਆਵੀ ਸਬੰਧ, ਪੁਤਰ, ਧੀਆਂ ਸਾਰੇ ਕੂੜ ਦਾ ਹੀ ਰੂਪ ਹਨ। ਇਥੇ ਜੋ ਸਤਿ ਹੈ ਉਹ ਪਾਰਬ੍ਰਹਮ ਪ੍ਰਮੇਸ਼ਰ ਹੈ ਹੋਰ ਸਾਰਾ ਪਸਾਰਾ ਕੂੜ ਉਤੇ ਅਧਾਰਿਤ ਹੈ। ਕੂੜ ਦੇ ਨਾਲ ਨੇਹੁੰ ਲਗਣ ਕਰਕੇ ਇਸਨੂੰ ਸਿਰਜਣਹਾਰ ਭੁੱਲ ਚੁਕਿਆ ਹੈ, ਕਰਤਾਰ ਭੁੱਲ ਗਿਆ ਜਿਸ ਨੇ ਇਸ ਸੰਸਾਰ ਨੂੰ ਰਚਿਆ ਅਤੇ ਜੋ ਆਪ ਹੀ ਇਕ ਤੋਂ ਅਨੇਕ ਰੂਪ ਹੋ ਕੇ ਸੰਸਾਰ ਵਿਚ ਦ੍ਰਿਸ਼ਟਮਾਨ ਹੋਇਆ। ਪੂਰਾਂ ਦੇ ਪੂਰ ਖਪ ਗਏ ਪਰ ਸੱਚ ਦੀ ਪਛਾਣ ਨਾ ਆਈ। ਫੇਰ ਕਿਸ ਨਾਲ ਪਿਆਰ ਕੀਤਾ ਜਾਵੇ ਜਦੋਂ ਕਿ ਕੋਈ ਵੀ ਇਥੇ ਥਿਰ ਨਹੀਂ ਹੈ? ਪਰ ਇਹ ਕੂੜ ਐਨਾ ਪਿਆਰਾ ਲਗਦਾ ਹੈ ਕਿ ਇਸ ਦੇ ਮੁਕਾਬਲੇ ਸ਼ਹਿਦ ਦੀ ਮਿਠਾਸ ਵੀ ਫਿੱਕੀ ਪੈਂਦੀ ਹੈ ਇਸ ਕੂੜ ਨੇ ਪੂਰਾਂ ਦੇ ਪੂਰ ਡੋਬ ਦਿਤੇ ਹਨ ਜੇ ਇਥੇ ਕੋਈ ਸਤਿ ਹੈ ਤਾਂ ਵਾਹਿਗੁਰੂ ਜੀ ਹਨ, ਹੋਰ ਕੋਈ ਭੀ ਵਸਤੂ ਸਤਿ ਨਹੀਂ। ਇਥੋਂ ਤਕ ਕਿ ਜੀਵ ਭਾਵ ਭੀ ਕੂੜਾ ਹੈ, ਇਕ ਭ੍ਰਾਂਤੀ ਹੈ। ਇਹ ਜੀਵ ਭਾਵ ਮਿਥਿਆ ਹੈ, ਸਤਿ ਤਾਂ ਕੇਵਲ ਵਾਹਿਗੁਰੂ ਜੀ ਹੀ ਹਨ। ਦ੍ਰਿਸ਼ਟਮਾਨ ਕੂੜ ਹੈ। ਬਾਣੀ ਵਿਚ ਆਉਂਦਾ ਹੈ -

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥*
*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥*
*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥*
*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥*
*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥*
*ਪੰਨਾ - 468*

ਹੁਣ ਆਪ ਜੀ ਸੱਚ ਦੀ ਪਛਾਣ ਕਰਾਂਦਿਆਂ ਹੋਇਆਂ ਫੁਰਮਾਨ ਕਰਦੇ ਹਨ ਕਿ ਉਸਦਾ ਸਾਧਨ ਪੱਖ ਅਪਨਾਉਣਾ ਚਾਹੀਦਾ ਹੈ। ਆਦਮੀ ਦੇ ਅੰਦਰ ਵਾਹਿਗੁਰੂ ਜੀ ਦੇ ਨਾਮ ਦਾ ਪ੍ਰਵੇਸ਼ ਹੋਵੇ ਅਤੇ ਉਹ ਹਰ ਥਾਂ ਹਾਜ਼ਰ ਨਾਜ਼ਰ ਪ੍ਰਤੱਖ ਰੂਪ ਵਿਚ ਸਮਾਇਆ ਅਨੁਭਵ ਹੋਵੇ, ਇਸ ਨਾਲ ਜੋ ਕੂੜ ਦਾ ਪਸਾਰਾ ਹੋਇਆ ਹੈ ਜਿਸ ਨੇ ਜਨਮਾਂ ਜਨਮਾਂਤਰਾਂ ਤੋਂ ਅੰਤਸ਼ਕਰਣ ਅੰਦਰ ਮੈਲ ਲਾਈ ਹੋਈ ਹੈ, ਉਹ ਮੈਲ ਦੂਰ ਹੋ ਜਾਂਦੀ ਹੈ। ਇਸ ਸੱਚ ਦੀ ਪਛਾਣ ਨਾਲ ਤਨ ਹੀ ਅਤੇ ਮਨ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਅਨੁਭਵ ਨਿਰਮਲ ਹੋ ਕੇ ਲਿਸ਼ਕਾਂ ਮਾਰਦਾ ਹੈ। ਇਸ ਸੱਚ ਦੀ ਪ੍ਰਾਪਤੀ ਲਈ ਸੱਚ ਨੂੰ ਸਮਝਣ ਦੀ ਲੋੜ ਹੈ, ਸੰਸਾਰ ਵਿਚ ਵਾਹਿਗੁਰੂ ਜੀ ਜਿਸ ਨੂੰ ਗੁਰੂ ਮਹਾਰਾਜ ਜੀ ਸੱਚ ਕਹਿੰਦੇ ਹਨ ਉਹ ਪਿਆਰ ਦਾ ਰੂਪ ਧਾਰ ਕੇ ਪਰੀਪੂਰਨ ਹੋ ਰਿਹਾ ਹੈ। ਉਹ ਦਿਆਲੂ ਹੈ, ਕ੍ਰਿਪਾਲੂ ਹੈ, ਰਹੀਮ ਹੈ, ਕਰੀਮ ਹੈ, ਰੋਜ਼ੀ ਦੇਣ ਵਾਲਾ ਹੈ, ਸਾਰੇ ਸੰਸਾਰ ਨੂੰ ਸੰਭਾਲਦਾ ਹੈ, ਉਹ ਪਿਆਰ ਦਾ ਰੂਪ ਹੋ ਕੇ ਫੈਲਿਆ ਹੋਇਆ ਹੈ ਜਿਵੇਂ ਕਿ ਫੁਰਮਾਨ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਜਦੋਂ ਉਸ ਦੇ ਨਾਲ ਪਿਆਰ ਪਵੇਗਾ ਉਸ ਵੇਲੇ ਜੇ ਕੋਈ ਉਸ ਸੱਚ ਦੀ ਗੱਲ ਵੀ ਸੁਣਾਵੇਗਾ ਤਾਂ ਉਹ ਆਪਣੇ ਸਕੇ ਸਬੰਧੀਆਂ ਤੋਂ ਵੀ ਪਿਆਰਾ ਲਗੇਗਾ ਅਤੇ ਜੀਅ ਕਰੇਗਾ ਕਿ ਮੈਂ ਉਸ ਦਾ ਆਦਰ ਸਤਿਕਾਰ ਐਨਾ ਕਰਾਂ ਕਿ ਆਪਣਾ ਸੀਸ ਉਤਾਰ ਕੇ ਉਸ ਲਈ ਦੇਵਾਂ। ਜਦੋਂ ਉਸ ਦਾ ਨਾਮ ਗੋਬਿੰਦ, ਵਾਹਿਗੁਰੂ, ਅੱਲਾਹ, ਰਾਮ, ਕਰੀਮ, ਰਹੀਮ ਦੇ ਰੂਪ ਵਿਚ ਲਵੇ ਉਸ ਵੇਲੇ ਚਿੱਤ ਖਿੜ ਜਾਵੇ। ਅਜਿਹੇ ਪਿਆਰ ਦੇ ਕਾਰਨ ਪ੍ਰਭੂ ਦਾ ਦੁਆਰਾ ਪ੍ਰਾਪਤ ਹੋ ਜਾਵੇ ਜਿਸਨੂੰ ਮੋਖ ਦੁਆਰਾ ਕਿਹਾ ਜਾਂਦਾ ਹੈ। ਇਸ ਸੱਚ ਨੂੰ ਜਾਨਣ ਲਈ ਸੱਚੇ ਜੀਵਨ ਦੀ ਜੁਗਤੀ ਆਉਣੀ ਚਾਹੀਦੀ ਹੈ। ਨਿੰਦਿਆ, ਚੁਗਲੀ, ਈਰਖਾ, ਬਖੀਲੀ ਆਦਿ ਜਿੰਨੇ ਵੀ ਭੱਦੇ ਜਜ਼ਬੇ ਹਨ ਉਹ ਅੰਦਰ ਨਹੀਂ ਟਿਕਣੇ ਚਾਹੀਦੇ। ਸਰੀਰ ਰੂਪੀ ਧਰਤੀ ਨੂੰ ਵਾਹ ਕੇ, ਸੰਵਾਰ ਕੇ ਉਸ ਵਿਚ ਕਰਤੇ ਦਾ ਨਾਮ ਬੀਜਣ ਲਈ ਤਤਪਰ ਰਹਿਣਾ ਚਾਹੀਦਾ ਹੈ ਇਸ ਕੰਮ ਲਈ ਮਨ ਨੂੰ


Sri Satguru Jagjit Singh Ji eLibrary NamdhariElibrary@gmail.com

ਹਾਲੀ ਬਣਾਵੇ, ਕਿਰਸਾਨ ਬਣਾਏ, ਮਿਹਨਤ ਦਾ ਪਾਣੀ ਦੇਵੇ ਅਤੇ ਆਪਣੇ ਤਨ ਨੂੰ ਖੇਤ ਬਣਾਏ। ਇਸ ਸਰੀਰ ਰੂਪੀ ਧਰਤੀ ਵਿਚ ਨਾਮ ਦਾ ਬੀਜ ਪਾਵੇ। ਉਸ ਉਪਰ ਸੰਤੋਖ ਦਾ ਸੁਹਾਗਾ ਦੇਵੇ, ਪੰਜਾਂ ਗਿਆਨ ਇੰਦਰਿਆਂ, ਪੰਜਾਂ ਕਰਮ ਇੰਦਰਿਆਂ ਵਿਚ ਸੰਤੋਖ ਹੋਣਾ ਜ਼ਰੂਰੀ ਹੈ ਯਥਾ ਲਾਭ ਸੰਤੁਸ਼ਟੇ ਦੇ ਅਸੂਲ ਨੂੰ ਮੰਨਣਾ ਜ਼ਰੂਰੀ ਹੈ। ਇਸ ਖੇਤੀ ਦੀ ਰਾਖੀ ਕਰਨ ਲਈ ਮਨ ਦੇ ਅੰਦਰ ਨਿਮਰਤਾ ਦੀ ਆਵਸ਼ਕਤਾ ਹੈ। ਇਸ ਖੇਤੀ ਦੇ ਵਿਚ ਕੂੜ ਕਬਾੜ ਜਿਸ ਨੂੰ ਨਦੀਣ ਆਖਿਆ ਜਾਂਦਾ ਹੈ ਉਹ ਭਗਤੀ ਦੇ ਖੁਰਪੇ ਵਗੈਰਾ ਲੈ ਕੇ ਚੁਣ ਕੇ ਬਾਹਰ ਕੱਢ ਦੇਵੇ ਅਤੇ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਪ੍ਰਮੇਸ਼ਰ ਦਾ ਪਿਆਰ ਹਿਰਦੇ ਵਿਚ ਉਤਪੰਨ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਜਦੋਂ ਅਸੀਂ ਮਨ ਤੇ ਤਨ ਨੂੰ ਸੰਵਾਰ ਕੇ ਸੱਚੇ ਵਲ ਵਧਾਂਗੇ, ਉਸ ਵੇਲੇ ਸੱਚ ਦੀ ਪਛਾਣ ਹੁੰਦੀ ਹੈ ਅਤੇ ਇਹ ਸੱਚ ਦੀ ਖੇਤੀ ਲਹਿਲਹਾ ਕੇ ਐਨਾ ਫਲਦੀ ਹੈ ਕਿ ਹਰ ਥਾਂ ਉਤੇ ਕਰਤਾ ਪੁਰਖ ਹੀ ਹੁਲਾਰੇ ਮਾਰਦਾ ਹੈ। ਇਸ ਸੱਚ ਨੂੰ ਜਾਨਣ ਲਈ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ, ਤੱਤ ਦੀ ਸਿਖਿਆ ਧਾਰਨ ਕਰਨੀ ਜ਼ਰੂਰੀ ਹੈ ਕਿਉਂਕਿ ਤੱਤ ਬੇਤੇ ਮਹਾਂਪੁਰਸ਼ਾਂ ਤੋਂ ਬਗੈਰ ਸੰਸਾਰ ਅੰਨ੍ਹਾ ਹੈ, ਇਸ ਦੇ ਪ੍ਰਚਾਰਕ ਅੰਨ੍ਹੇ ਹਨ, ਇਸ ਦੇ ਉਸਤਾਦ, ਮਾਸਟਰ ਅੰਨ੍ਹੇ ਹਨ। ਸੰਸਾਰ ਨੂੰ ਕਰਮਕਾਂਡਾ ਵਿਚ ਫਸਾ ਕੇ ਆਪ ਵੀ ਡੁਬਦੇ ਹਨ ਅਤੇ ਸੰਸਾਰ ਨੂੰ ਵੀ ਡੋਬ ਦਿੰਦੇ ਹਨ ਇਸ ਬਾਰੇ ਸਖਤ ਤਾੜਨਾ ਕੀਤੀ ਹੈ -

***ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥***
***ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥***

***ਪੰਨਾ - 1370***

ਇਸ ਕਰਕੇ ਸੱਚੀ ਸਿਖਿਆ ਧਾਰਨ ਕਰਨੀ ਚਾਹੀਦੀ ਹੈ, ਸਤਿ ਇਹ ਹੈ ਕਿ ਇਥੇ ਇਕੋ ਆਤਮਾ ਦਾ ਪਸਾਰਾ ਹੈ ਉਸੇ ਨੇ ਅਨੇਕਾਂ ਰੂਪ ਰੰਗ ਧਾਰਨ ਕਰਕੇ ਸੰਸਾਰ ਦੀ ਖੇਲ੍ਹ ਰਚੀ ਹੋਈ ਹੈ ਇਸ ਨੂੰ ਆਤਮ ਪਸਾਰਾ ਕਿਹਾ ਜਾਂਦਾ ਹੈ। ਵਾਹਿਗੁਰੂ ਜੀ ਸਾਰੇ ਪਰੀਪੂਰਨ ਹੈ, ਸਾਰੀ ਖੇਲ੍ਹ ਉਸ ਦੀ ਹੈ ਪਰ ਜੀਵ ਦਾ ਇਸ ਦ੍ਰਿਸ਼ਟਮਾਨ ਪਸਾਰੇ ਵਿਚ ਪ੍ਰਭੂ ਨੂੰ ਭੁੱਲੇ ਰਹਿਣਾ ਠੀਕ ਨਹੀਂ, ਇਹ ਤਾਂ ਅਗਿਆਨ ਦੀ ਅਵਸਥਾ ਹੈ, ਫੁਰਮਾਨ ਹੈ-

***ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਸੱਚੀ ਸਿਖਿਆ ਧਾਰਨ ਕਰਕੇ ਨਿਹਚਾ ਹੁੰਦਾ ਹੈ ਕਿ ਸਾਰੇ ਜੀਵ ਜੰਤੂ ਪ੍ਰਮੇਸ਼ਰ ਦੇ ਰਚੇ ਹੋਏ ਹਨ ਅਤੇ ਉਸ ਦੇ ਅਧੀਨ ਹਨ, ਉਨ੍ਹਾਂ ਉਪਰ ਦਇਆ ਧਾਰਨ ਕਰਨੀ ਚਾਹੀਦੀ ਹੈ ਅਤੇ ਆਪਣੀ ਕਮਾਈ ਵਿਚੋਂ ਸਭ ਕੁਝ ਆਪਣੇ ਵਾਸਤੇ ਹੀ ਨਹੀਂ ਰਖਣਾ ਚਾਹੀਦਾ, ਕੁਝ ਪ੍ਰਮੇਸ਼ਰ ਦੇ ਨਮਿਤ ਦੇਣਾ ਜ਼ਰੂਰੀ ਹੈ, ਸੋ ਇਸ ਤਰ੍ਹਾਂ ਦੀ ਰਹਿਤ ਧਾਰਨ ਕਰਕੇ ਇਹ ਜੀਵ ਰੂਪੀ ਜਗਿਆਸੂ ਆਤਮਾ ਦੇ ਤੀਰਥ ਤਕ ਪਹੁੰਚ ਜਾਂਦਾ ਹੈ, ਜਿਥੇ ਜਾ ਕੇ ਦੇਹ ਅਧਿਆਸ ਟੁੱਟ ਜਾਂਦਾ ਹੈ ਅਤੇ ਆਪਣੇ ਆਪ ਨੂੰ ਪੂਰਨ ਰੂਪ ਵਿਚ ਆਤਮਾ ਅਨੁਭਵ ਕਰਕੇ ਆਤਮ ਚਿੰਤਨ ਕਰਦਾ ਹੈ। ਹਰ ਤਰਫ ਅੰਦਰ ਬਾਹਰ ਹੀ ਪ੍ਰਮੇਸ਼ਰ ਨੂੰ ਹੀ ਦੇਖਦਾ ਹੈ ਅਤੇ ਸਤਿ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਸੋ ਇਸ ਬਾਰੇ ਹੀ ਕਿਹਾ ਗਿਆ ਹੈ ਕਿ ਆਤਮਾ ਦੇ ਤੀਰਥ ਤੇ ਨਿਵਾਸ ਕਰੇ। ਪਰ ਇਹ ਪੂਰਨ ਸਤਿਗੁਰੂ ਦੀ ਕ੍ਰਿਪਾ ਤੋਂ ਬਗੈਰ ਉਸ ਦੇ ਦਿਤੇ ਹੋਏ ਗਿਆਨ ਤੋਂ ਬਿਨਾਂ ਪ੍ਰਾਪਤ ਨਹੀਂ ਹੋਇਆ ਕਰਦੀ। ਸਤਿਗੁਰੂ ਦੀ ਮਿਹਰ ਹੋਵੇ ਤਾਂ ਆਤਮ ਚਿੰਤਨ ਦੀ ਜੁਗਤ ਆਉਂਦੀ ਹੈ ਇਸ ਨੂੰ ਬ੍ਰਹਮ ਚਿੰਤਨ, ਸਵੈ ਸਰੂਪ ਦਾ ਚਿੰਤਨ ਅਨੇਕਾਂ ਨਾਮਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਸੱਚ ਦਾ ਅਨੁਭਵ ਜਨਮ ਮਰਨ ਦੇ ਰੋਗ ਨੂੰ ਕੱਟਣ ਲਈ ਹਉਮੈ ਅਤੇ ਮਾਇਆ ਦੀ ਵਿਹੁ ਉਤਾਰਨ ਲਈ ਪੂਰਨ ਦਵਾਈ ਹੈ। ਜਿਸ ਦੇ ਪੱਲੇ ਸੱਚ ਹੋਵੇ ਉਹ ਮਹਾਨ ਪੁਰਸ਼ ਪ੍ਰਮੇਸ਼ਰ ਦਾ ਹੀ ਰੂਪ ਹੋਇਆ ਕਰਦਾ ਹੈ। ਸੋ ਇਸ ਬਾਰੇ ਬਾਣੀ ਵਿਚ ਫੁਰਮਾਨ ਹੈ -

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥***
***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥***
***ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥***
***ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥***
***ਸਚੁ ਤਾ ਪਰੁ ਜਾਣੈ ਜਾ ਜੁਗਤਿ ਜਾਣੈ ਜੀਉ॥***
***ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥***
***ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥***
***ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥***
***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***
***ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥***
***ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥***

***ਪੰਨਾ - 468***

ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਆਦਮੀ ਦੇ ਮਨ ਵਿਚ ਵੈਰਾਗ ਹੋਣਾ ਜ਼ਰੂਰੀ ਹੈ। ਫਿਰ ਵਿਚਾਰ ਹੋਣੀ ਚਾਹੀਦੀ ਹੈ ਜਿਸ ਨੂੰ ਵਿਵੇਕ ਆਖਿਆ ਜਾਂਦਾ ਹੈ। ਗੁਰੂ ਦੀ ਸੰਗਤ, ਗੁਰੂ ਨਾਲ ਪਿਆਰ ਅਤੇ ਉਸ ਦੇ ਬਚਨਾਂ ਰੂਪੀ ਸਤਿਸੰਗ ਵੱਡਾ ਦਰਵਾਜ਼ਾ ਹੈ। ਇਸ ਲਈ ਤਤਿਕਸ਼ਾ ਦੀ ਲੋੜ ਹੈ ਜਿਸ ਵਿਚ ਜੀਵਨ ਦੀਆਂ ਰਹਿਤਾਂ ਅਤੇ ਮਨ ਦੀਆਂ ਰਹਿਤਾਂ ਧਾਰਨ ਕਰਨੀਆਂ ਹੁੰਦੀਆਂ ਹਨ। ਜਿਸ ਨੂੰ ਸਮ ਅਤੇ ਦਮ ਕਰਕੇ ਦਸਿਆ ਗਿਆ ਹੈ। ਜੋ ਆਦਮੀ ਦੇ ਅੰਦਰਲੇ ਅਨੁਭਵ ਨਾਲ ਸਬੰਧ ਰਖਦੀਆਂ ਹਨ। ਇਸ ਤੋਂ ਉਪਰੰਤ ਪੂਰਨ ਸ਼ਰਧਾ ਮਨ ਵਿਚ ਹੋਣੀ ਚਾਹੀਦੀ ਹੈ, ਗੁਰੂ ਦਾ ਵਾਕ, ਗੁਰੂ ਦੀ ਬਾਣੀ ਧੁਰ ਪ੍ਰਮੇਸ਼ਰ ਦੀ ਬਾਣੀ ਕਰਕੇ ਮੰਨੀ ਜਾਂਦੀ ਹੈ ਅਤੇ ਆਪਣੇ ਗੁਰੂ ਅਤੇ ਪ੍ਰਮੇਸ਼ਰ ਨੂੰ ਇਕ ਰੂਪ ਕਰਕੇ ਜਾਨਣਾ ਜ਼ਰੂਰੀ ਹੈ, ਸੰਸਾਰ ਦੀਆਂ ਲੁਭਾਇਮਾਨ ਵਸਤੂਆਂ ਵਿਚੋਂ ਆਪਣੇ ਮਨ ਨੂੰ ਖਿੱਚ ਕੇ ਰੱਖਣਾ ਅਤੇ ਕੋਈ ਸ਼ੰਕਾ ਮਨ ਵਿਚ ਨਾ ਆਉਣ ਦੇਣਾ, ਜੇ ਆਵੇ ਉਸੇ ਸਮੇਂ ਆਪਣੇ ਗੁਰੂ ਤੋਂ ਉਸ ਦਾ ਸਮਾਧਾਨ ਕਰਾਉਣਾ। ਸਰੀਰਕ ਅਤੇ ਮਾਨਸਿਕ ਰੂਪ ਵਿਚ ਮਾਨ-ਅਪਮਾਨ, ਦੁਖ-ਸੁਖ, ਨਿੰਦਿਆ-ਉਸਤਤਿ, ਹਾਨ-ਲਾਭ ਨੂੰ ਸਹਿਨ ਕਰਨਾ ਅਤੇ ਮੌਸਮ ਗਰਮੀ, ਸਰਦੀ ਤੋਂ ਨਾ ਘਬਰਾਉਣਾ ਇਸ ਨੂੰ ਸੰਖੇਪ ਰੂਪ ਵਿਚ ਇਸ ਤਰ੍ਹਾਂ ਕਿਹਾ ਗਿਆ ਹੈ -

***ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ॥***



Sri Satguru Jagjit Singh Ji eLibrary NamdhariElibrary@gmail.com

*ਛਠੀ ਤਿਤੀਕਸ਼ਾ ਜਾਨਿਏਂ ਭਿੱਨ ਭਿੱਨ ਯਹ ਨਾਮ॥*
*ਮਨ ਵਿਸ਼ਯਨ ਤੇ ਰੋਕ ਨੌਂ ਸ਼ਮ ਤਿਹਿਂ ਕਹਤ ਸੁਧੀਰ॥*
*ਇੰਦ੍ਰਯਗਣ ਕੋ ਰੋਕਨੋਂ ਦਮ ਭਾਖਤ ਬੁਧ ਵੀਰ॥*
**ਵਿਚਾਰ ਸਾਗਰ**

ਇਸ ਤੋਂ ਅੱਗੇ ਅੰਤਰੰਗ ਸਾਧਨ ਸ਼ੁਰੂ ਹੁੰਦਾ ਹੈ ਅਤੇ ਉਨ੍ਹਾਂ ਅੰਤਰੰਗ ਸਾਧਨਾ ਨੂੰ ਅਪਣਾਉਂਦਿਆਂ ਹੋਇਆ ਗੁਰੂ ਵਾਕ ਨੂੰ ਸੁਣਨਾ ਅਤੇ ਸਤਿ ਜਾਣ ਕੇ ਮੰਨਣਾ ਜ਼ਰੂਰੀ ਹੈ। ਇਸ ਸਤਿ ਅਵਸਥਾ ਨੂੰ ਪ੍ਰਾਪਤ ਕਰਨ ਲਈ ਅਭਿਆਸ ਕਰਨਾ ਅਤੇ ਤੱਤ ਤਕ ਪਹੁੰਚਣਾ ਜਗਿਆਸੂ ਲਈ ਆਵਸ਼ਕ ਹੈ, ਇਹ ਚਾਰ ਸਾਧਨ ਸੁਣਨਾ, ਮੰਨਣਾ ਅਤੇ ਨਿਧਿਆਸਣ ਅਤੇ ਤੱਤ ਅਵਸਥਾ ਨੂੰ ਪਛਾਨਣਾ ਅੰਤਰੰਗ ਸਾਧਨ ਵਿਚ ਸ਼ਾਮਲ ਹਨ। ਸੋ ਜਦੋਂ ਤੱਤ ਦੀ ਪ੍ਰਾਪਤੀ ਹੋ ਜਾਵੇ ਫੇਰ ਉਸ ਅਵਸਥਾ ਵਿਚ ਵਿਚਰਨਾ ਆਪਣਾ ਆਪਾ ਭਾਵ ਬਿਲਕੁਲ ਖਤਮ ਕਰ ਦੇਣਾ ਅਤੇ ਹਰ ਥਾਂ ਪ੍ਰਮੇਸ਼ਰ ਦੇਖਣਾ। ਇਸ ਅਵਸਥਾ ਨੂੰ ਨਾਮ ਨਿਵਾਸ ਦੀ ਅਵਸਥਾ ਕਿਹਾ ਜਾਂਦਾ ਹੈ। ਗੁਰਬਾਣੀ ਦੇ ਅੰਦਰ ਬੜੇ ਸਪਸ਼ਟ ਹੁਕਮ ਹਨ ਜੋ ਜਗਿਆਸੂ ਨੂੰ ਪਹਿਲੀ ਦੂਜੀ ਜਮਾਤ ਤੋਂ ਪੜ੍ਹਾ ਕੇ ਪੀ-ਐਚ. ਡੀ., ਡੀ. ਲਿਟ ਤਕ ਪਹੁੰਚਾਉਣ ਦਾ ਕੋਰਸ ਹਨ। ਸਭ ਤੋਂ ਪਹਿਲਾਂ ਜ਼ਰੂਰੀ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰ ਨਾਵੈ॥* *ਪੰਨਾ - 305*

ਅੰਮ੍ਰਿਤ ਵੇਲੇ ਟਿਕੀ ਰਾਤ ਵਿਚ ਜਾਗੇ, ਜੋ ਗੁਰੂ ਘਰ ਵਿਚ ਬਹੁਤ ਜ਼ਰੂਰੀ ਸਾਧਨ ਦਸਿਆ ਗਿਆ ਹੈ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥*
*ਪੰਨਾ - 611*

ਵੈਸੇ ਵੀ ਅੰਮ੍ਰਿਤ ਵੇਲੇ ਦੇ ਇਸ਼ਨਾਨ ਬਾਰੇ ਮਹਾਰਾਜ ਫੁਰਮਾਨ ਕਰਦੇ ਹਨ ਕਿ ਟਿਕੀ ਹੋਈ ਰਾਤ ਵਿਚ ਇਸ਼ਨਾਨ ਕੌਣ ਕਰਦੇ ਹਨ ਅਤੇ ਉਹ ਇਸ਼ਨਾਨ ਕਰਕੇ ਕੀ ਕਿਰਿਆ ਕਰਦੇ ਹਨ, ਫੁਰਮਾਨ ਹੈ -

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਪੰਨਾ - 459*

ਇਹ ਕਿਰਿਆ ਹੈ ਜੋ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਤਿ ਦੀ ਪ੍ਰਾਪਤੀ ਲਈ ਕਰਨੀ ਜ਼ਰੂਰੀ ਹੈ। ਇਹ ਕੌਣ ਕਰਦੇ ਹਨ? ਜਿਨ੍ਹਾਂ ਦੇ ਹਿਰਦੇ ਵਿਚ ਪ੍ਰਮੇਸ਼ਰ ਦੇ ਮਿਲਾਪ ਦੀ ਖਿੱਚ ਪਈ ਹੋਈ ਹੈ, ਉਹ ਰਾਤ ਦੇ ਆਰਾਮ ਨੂੰ ਛੱਡ ਦਿੰਦੇ ਹਨ ਉਹ ਆਪਣੇ ਪਿਆਰ ਦੇ ਰਸ ਦੀਆਂ ਝਰਨਾਟਾਂ ਦਾ ਅਨੰਦ ਮਾਣਦੇ ਹਨ। ਉਹ ਪ੍ਰਭੂ ਪਿਆਰੇ ਜਗਿਆਸੂਆਂ ਦੇ ਸਾਂਗੋ ਪਾਂਗ ਸਾਮ੍ਹਣੇ ਹੋ ਜਾਂਦਾ ਹੈ ਅਤੇ ਆਪਣਾ ਪਿਆਰ ਦਿੰਦਾ ਹੈ। ਇਸਦੇ ਬਾਰੇ ਫੁਰਮਾਨ ਹੈ -

*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥*
*ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥*
*ਪੰਨਾ - 459*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਪੰਨਾ - 305*

ਸੋ ਇਸ ਕਾਰਜ ਲਈ ਉਦਮ ਕਰਨਾ ਜ਼ਰੂਰੀ ਹੈ ਤਾਂ ਹੀ ਆਤਮ ਤੀਰਥ ਤਕ ਪਹੁੰਚ ਕੇ ਅੰਮ੍ਰਿਤ ਕੁੰਡ ਵਿਚ ਇਸ਼ਨਾਨ ਕਰਨ ਦਾ ਸੁਭਾਗ ਪ੍ਰਾਪਤ ਕਰ ਸਕਦਾ ਹੈ। ਗੁਰੂ ਮਹਾਰਾਜ ਕੇਵਲ ਸਰੀਰ ਦੇ ਇਸ਼ਨਾਨ ਬਾਰੇ ਹੀ ਨਹੀਂ ਕਹਿੰਦੇ ਕਿਉਂਕਿ ਸਰੀਰ ਕੇਵਲ ਨਹਾਉਣ ਨਾਲ ਸ਼ੁਧ ਨਹੀਂ ਹੁੰਦਾ। ਜੇਕਰ ਮਨ ਵਿਚ ਮੈਲ ਹੈ ਤਾਂ ਮੈਲ ਸਰੀਰ ਦੇ ਧੋਤਿਆਂ ਨਹੀਂ ਉਤਰਦੀ ਕਿਉਂਕਿ ਫੁਰਮਾਨ ਹੈ -

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥*
*ਪੰਨਾ - 558*

ਮਨ ਅਤੇ ਬੁੱਧੀ ਦਾ ਇਸ਼ਨਾਨ ਕਰਾਉਣਾ ਵੀ ਜ਼ਰੂਰੀ ਹੈ, ਮਨ ਨੂੰ ਪ੍ਰਭੂ ਪਿਆਰ ਵਿਚ ਜੋੜ ਕੇ ਨਾਮ ਜਪਣਾ ਅਤੇ ਫੁਰਨਿਆਂ ਤੋਂ ਰਹਿਤ ਜਪਣਾ ਮਨ ਦਾ ਇਸ਼ਨਾਨ ਹੈ, ਬੁੱਧੀ ਨਾਲ ਵਿਚਾਰ ਕੇ ਬਾਣੀ ਪੜ੍ਹਨੀ ਅਤੇ ਇਹ ਬੁੱਧੀ ਦਾ ਇਸ਼ਨਾਨ ਹੋਇਆ ਕਰਦਾ ਹੈ। ਆਤਮ ਚਿੰਤਨ ਕਰਨਾ ਇਹ ਆਤਮਾ ਦਾ ਇਸ਼ਨਾਨ ਹੈ। ਫਿਰ ਆਪ ਫੁਰਮਾਨ ਕਰਦੇ ਹਨ-

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥* *ਪੰਨਾ - 305*

ਗੁਰੂ ਦਾ ਉਪਦੇਸ਼ ਬਹੁਤ ਰੂਪਾਂ ਵਿਚ ਹੋਇਆ ਕਰਦਾ ਹੈ ਸਾਰੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰੂ ਉਪਦੇਸ਼ ਹੈ। ਸਾਰਾ ਉਪਦੇਸ਼ ਪ੍ਰਮੇਸ਼ਰ ਦੇ ਨਾਮ ਚਿੰਤਨ ਵਿਚ ਆ ਜਾਂਦਾ ਹੈ। ਜਿਸ ਦੇ ਕਰਨ ਨਾਲ ਜਨਮਾਂ ਜਨਮਾਂਤਰਾਂ ਦੇ ਪਾਪ ਅਤੇ ਦੋਖ ਲਹਿ ਜਾਂਦੇ ਹਨ। ਇਸ ਤਰ੍ਹਾਂ ਜਦੋਂ ਦਿਨ ਚੜ੍ਹਨ ਵਾਲਾ ਹੋ ਜਾਂਦਾ ਹੈ ਅਤੇ ਬਿਰਤੀਆਂ ਖਿੰਡਨ ਲਗ ਜਾਣ ਉਸ ਵੇਲੇ ਗੁਰੂ ਦੀ ਬਾਣੀ ਨੂੰ ਵਿਚਾਰ ਕੇ ਪੜ੍ਹਨਾ ਅਤੇ ਦਿਨ ਦੇ ਕਾਰੋਬਾਰ ਧੰਦਿਆਂ ਦੇ ਹੋਣ ਦੇ ਸਮੇਂ ਪਰੀਪੂਰਨ ਵਾਹਿਗੁਰੂ ਦਾ ਹਰ ਸਮੇਂ ਹਰ ਥਾਂ ਧਿਆਨ ਰੱਖਣਾ ਇਹ ਹਰਿ ਨਾਮ ਦਾ ਧਿਆਉਣਾ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਪੰਨਾ - 305*

ਅੰਮ੍ਰਿਤ ਵੇਲੇ ਉਠ ਕੇ ਮਨ ਇਕਾਗਰ ਕਰਕੇ ਪ੍ਰਭੂ ਦਾ ਸਿਮਰਨ ਕਰਨਾ ਜ਼ਰੂਰੀ ਹੈ, ਉਸ ਦੀ ਪਰੀਪੂਰਨ ਹੋਂਦ ਦਾ ਮੰਨਨ ਕਰਨਾ ਬਹੁਤ ਹੀ ਜ਼ਰੂਰੀ ਹੈ ਅਤੇ ਜਿਸ ਦੀ ਬਿਰਤੀ ਉਚੀ ਲੰਘ ਗਈ ਉਹ ਆਪਣੇ ਸਵੈ ਸਰੂਪ ਦਾ ਚਿੰਤਨ ਕਰੇ ਪਰ ਇਸ ਦੀ ਸੋਝੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਨਹੀਂ ਹੋਇਆ ਕਰਦੀ। ਸਿਮਰਨ ਯਾਦ ਕਰਨ ਨੂੰ ਕਿਹਾ ਜਾਂਦਾ ਹੈ। ਇਸੇ ਯਾਦ ਨੂੰ ਹਿਰਦੇ ਵਿਚ ਵਸਾਉਣ ਲਈ ਗੁਰੂ ਨੇ ਜੋ



Sri Satguru Jagjit Singh Ji eLibrary NamdhariElibrary@gmail.com

ਸ਼ਬਦ ਦਿਤਾ ਹੈ ਜਿਵੇਂ ਕਿ ਗੁਰੂ ਘਰ ਵਿਚ ਪੰਜ ਪਿਆਰੇ ਵਾਹਿਗੁਰੂ ਸ਼ਬਦ ਦਿੰਦੇ ਹਨ, ਉਸ ਦਾ ਰਸਨਾ ਨਾਲ ਜਾਪ ਕਰਨਾ ਜ਼ਰੂਰੀ ਹੈ, ਮਨ ਵਿਚ ਵਸਾਉਣ ਲਈ ਅਸੀਂ ਉਚੀ ਬੋਲ ਕੇ ਵਾਹਿਗੁਰੂ ਵਾਹਿਗੁਰੂ ਕਹਿ ਕੇ ਆਪਣੇ ਅੰਦਰ ਮਧਮਾ ਬਾਣੀ ਵਿਚ ਮਾਲਾ ਦੀ ਮਦਦ ਨਾਲ ਜਾਪ ਕਰ ਸਕਦੇ ਹਾਂ। ਮਧਮਾ ਬਾਣੀ ਵਿਚ ਬੈਖਰੀ ਨਾਲੋਂ 10 ਗੁਣਾਂ ਜ਼ਿਆਦਾ ਟਿਕਾਅ ਹੁੰਦਾ ਹੈ। ਇਸ ਕਰਕੇ ਫਲ ਵੀ 10 ਗੁਣ ਮਹਾਂਪੁਰਸ਼ਾਂ ਨੇ ਜ਼ਿਆਦਾ ਦੱਸਿਆ ਹੈ। ਜਦੋਂ ਅਭਿਆਸ ਹੋਰ ਪਰਪੱਕ ਹੋ ਜਾਂਦਾ ਹੈ ਤਾਂ ਇਹੀ ਨਾਮ ਬਿਨਾਂ ਜੀਭ ਹਿਲਾਏ ਆਪਣੇ ਆਪ ਜਪ ਹੁੰਦਾ ਹੈ। ਇਸ ਨੂੰ ਅਜਪਾ ਜਾਪ ਵੀ ਕਹਿੰਦੇ ਹਨ। ਇਸ ਦੇ ਕਈ ਰੂਪ ਹਨ। ਇਕ ਤਾਂ ਸ਼ਬਦ ਦੀ ਲਗਾਤਾਰ ਧੁਨੀ ਸੁਣਦੇ ਰਹਿਣਾ, ਦੂਸਰਾ ਜਦੋਂ ਅੰਦਰ ਟਿਕਾਅ ਆ ਜਾਵੇ ਤਾਂ ਅੰਦਰ ਛੁਪੇ ਹੋਏ ਅਨਹਦ ਸ਼ਬਦ ਪ੍ਰਗਟ ਹੋ ਜਾਂਦੇ ਹਨ ਉਨ੍ਹਾਂ ਅਨਹਦ ਸ਼ਬਦਾਂ ਦੇ ਨਾਲ ਨਾਮ ਜਪਣਾ। ਪਹਿਲਾਂ ਪਹਿਲਾਂ ਅਨਹਦ ਸ਼ਬਦ ਪੰਜ ਰੂਪਾਂ ਵਿਚ ਸੁਣਾਈ ਦਿੰਦੇ ਹਨ ਜਿਸਨੂੰ ਪੰਜ ਸ਼ਬਦ ਕਿਹਾ ਜਾਂਦਾ ਹੈ। ਫੇਰ ਇਸ ਵਿਚ ਸੰਗੀਤਕ ਧੁਨਾਂ ਰਲ ਜਾਂਦੀਆਂ ਹਨ। ਉਸ ਵੇਲੇ ਸਰੀਰ ਵਿਚ ਝਰਨਾਟਾਂ ਛਿੜਦੀਆਂ ਹਨ ਅਤੇ ਐਨਾ ਅਨੰਦ ਵਧ ਜਾਂਦਾ ਹੈ ਕਿ ਕਿਹਾ ਨਹੀਂ ਜਾ ਸਕਦਾ। ਇਨ੍ਹਾਂ ਅਨਹਦ ਸ਼ਬਦਾਂ ਵਿਚ ਅਨੇਕਾਂ ਵਾਜੇ ਸੁਣਦੇ ਹਨ ਪਰ ਜਗਿਆਸੂ ਧਿਆਨ ਨਹੀਂ ਦਿੰਦਾ। ਜੇ ਉਸ ਦੀ ਉਚਾਈ ਦੇ ਪੱਧਰ ਤੋਂ ਹੇਠਾਂ ਸੁਰਤ ਹੈ ਇਸ ਨੂੰ ਪਸੰਤੀ ਬਾਣੀ ਦਾ ਸਿਮਰਨ ਕਹਿੰਦੇ ਹਨ। ਮਹਾਂਪੁਰਸ਼ਾਂ ਦੇ ਮਤ ਅਨੁਸਾਰ ਇਸ ਦਾ ਫਲ ਬੈਖਰੀ ਨਾਲੋਂ ਸੌ ਗੁਣਾਂ ਵਧ ਹੁੰਦਾ ਹੈ। ਯਾਨਿ ਕਿ ਬੈਖਰੀ ਵਿਚ ਸੌ ਵਾਰੀ ਵਾਹਿਗੁਰੂ ਵਾਹਿਗੁਰੂ ਬੋਲ ਕੇ ਅਤੇ ਪਸੰਤੀ ਵਿਚ ਇਕ ਵਾਰ ਬੋਲਣ ਨਾਲ ਬਹੁਤ ਜ਼ਿਆਦਾ ਫਲ ਹੁੰਦਾ ਹੈ। ਇਸ ਤੋਂ ਉਤੇ ਸਿਮਰਨ ਵਿਚ ਹੋਰ ਡੂੰਘਿਆਈ ਵਿਚ ਸੁਰਤ ਚਲੀ ਜਾਂਦੀ ਹੈ ਆਪਣੇ ਸਰੀਰ ਦਾ, ਸੰਸਾਰ ਦਾ ਖਿਆਲ ਭੁਲ ਜਾਂਦਾ ਹੈ ਅਤੇ ਸ਼ਬਦ ਦੀ ਅਤਿ ਮਿੱਠੀ ਧੁਨ ਅੰਦਰ ਜਾਗ ਪੈਂਦੀ ਹੈ। ਸਮੇਂ ਦਾ ਕੋਈ ਪਤਾ ਨਹੀਂ ਲਗਦਾ ਅਤੇ ਉਸ ਧੁਨ ਵਿਚ ਧਿਆਨ ਟਿਕ ਜਾਂਦਾ ਹੈ। ਬਿਰਤੀ ਅੰਤਰਮੁਖ ਹੋ ਜਾਂਦੀ ਹੈ। ਸੰਸਾਰ ਦੀ ਫਿਕੀ ਬਿਰਤੀ, ਫਿਕੇ ਕੰਮ ਬਿਲਕੁਲ ਫਿੱਕੇ ਲਗਦੇ ਹਨ, ਵਾਹਿਗੁਰੂ ਦੀ ਹੋਂਦ ਉਪਰ ਪੂਰਾ ਵਿਸ਼ਵਾਸ਼ ਆ ਜਾਂਦਾ ਹੈ ਅਤੇ ਉਹ ਧੁਨ ਅੰਦਰ ਆ ਜਾਂਦੀ ਹੈ ਜਿਸ ਦੇ ਬਾਰੇ ਫੁਰਮਾਨ ਹੈ–

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਪੰਨਾ – 879***

ਇਸ ਤਰ੍ਹਾਂ ਦੇ ਨਾਲ ਸਿਮਰਨ ਦੀਆਂ ਅਵਸਥਾਵਾਂ ਅੱਗੇ ਤੋਂ ਅੱਗੇ ਵਧਦੀਆਂ ਜਾਂਦੀਆਂ ਹਨ, ਆਪਣੇ ਆਪ ਹੀ ਗਿਆਨ ਦਾ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ, ਸਤਿਗੁਰੂ ਦੇ ਸੁਣੇ ਹੋਏ ਬਚਨ ਉਥੇ ਮਾਰਗ ਦਰਸ਼ਨ ਕਰਦੇ ਹਨ ਅਤੇ ਉਨ੍ਹਾਂ ਉਪਰ ਵਿਸ਼ਵਾਸ਼ ਵਧਦਾ ਹੀ ਚਲਿਆ ਜਾਂਦਾ ਹੈ। ਬਹੁਤ ਸਮੇਂ ਤਕ ਸੰਸਾਰ ਭੁੱਲਣਾ ਸ਼ੁਰੂ ਹੋ ਜਾਂਦਾ ਹੈ, ਨਜ਼ਰ ਕੀ ਆਉਂਦਾ ਹੈ? ਇਕੋ ਵਾਹਿਗੁਰੂ ਦੀ ਜੋਤ, ਇਕੋ ਵਾਹਿਗੁਰੂ ਦਾ ਕਰਿਸ਼ਮਾ ਪਰ ਜਦੋਂ ਸੰਸਾਰ ਵਿਚ ਬਿਰਤੀ ਪ੍ਰਵਿਰਤ ਹੁੰਦੀ ਹੈ ਅਤੇ ਫੇਰ ਕੁਝ ਸਮੇਂ ਬਾਅਦ ਭੁੱਲ ਪੈ ਜਾਂਦੀ ਹੈ, ਜਗਿਆਸੂ ਦੀ ਸੁਰਤ ਖਿਚੀ ਰਹਿੰਦੀ ਹੈ ਅਤੇ ਉਹ ਲੋਚਦਾ ਰਹਿੰਦਾ ਹੈ ਕਿ ਕਦੋਂ ਮੈਂ ਸੰਸਾਰਕ ਝਮੇਲਿਆਂ ਤੋਂ ਵਿਹਲਾ ਹੋਵਾਂ ਤੇ ਵਾਹਿਗੁਰੂ ਦੀ ਯਾਦ ਦੇ ਰਸ ਦਾ ਅਨੰਦ ਮਾਣਾ। ਇਹ ਅਵਸਥਾ ਆ ਜਾਂਦੀ ਹੈ ਜਿਥੇ ਗੁਰੂ ਦੀ ਬਾਣੀ ਪੂਰਨ ਰੂਪ ਵਿਚ ਮੰਨਨ ਕੀਤੀ ਜਾਂਦੀ ਹੈ। ਸੋ ਇਸ ਤਰ੍ਹਾਂ ਨਾਲ ਸਰੀਰਕ ਜਾਪ ਅਤੇ ਮਾਨਸਕ ਜਾਪ ਅਤੇ ਸ੍ਵਾਸ ਦਾ ਜਾਪ, ਸੁਰਤ ਦਾ ਜਾਪ ਵਖਰੀਆਂ ਵਖਰੀਆਂ ਅਵਸਥਾਵਾਂ ਹੋਇਆ ਕਰਦੀਆਂ ਹਨ। ਗੁਰੂ ਮਹਾਰਾਜ ਜੀ ਸ੍ਵਾਸ ਦੇ ਨਾਮ ਬਾਰੇ ਫੁਰਮਾਨ ਕਰਦੇ ਹਨ –

***ਸਾਸਿ ਸਾਸਿ ਸਿਮਰਹੁ ਗੋਬਿੰਦ॥***
***ਮਨ ਅੰਤਰ ਕੀ ਉਤਰੈ ਚਿੰਦ॥ ਪੰਨਾ – 295***

ਮਾਨਸਕ ਜਾਪ ਆਪਣੇ ਆਪ ਹੀ ਹੁੰਦਾ ਰਹਿੰਦਾ ਹੈ ਜਦੋਂ ਸ੍ਵਾਸ ਬਾਹਰ ਨੂੰ ਆਉਂਦਾ ਹੈ ਉਸ ਵੇਲੇ ਉਹ ਸ੍ਵਾਸ ਵਾਹਿਗੁਰੂ ਨਾਲ loaded ਹੁੰਦਾ ਹੈ ਅਤੇ ਜਦੋਂ ਅੰਦਰ ਨੂੰ ਜਾਂਦਾ ਹੈ ਤਾਂ ਉਸ ਵੇਲੇ ਵੀ ਭਰਿਆ ਹੁੰਦਾ ਹੈ। ਆਪਣੇ ਆਪ ਹੀ ਨਾਮ ਜਾਪ ਹੁੰਦਾ ਰਹਿੰਦਾ ਹੈ ਅਤੇ ਮਹਾਤਮਾ ਦਾ ਮਤ ਹੈ ਕਿ ਸਹਿਜ ਸੁਭਾਅ 21000 ਵਾਰ ਵਾਹਿਗੁਰੂ ਵਾਹਿਗੁਰੂ ਕਹਿ ਹੋ ਜਾਂਦਾ ਹੈ, ਕੋਈ ਸ੍ਵਾਸ ਖਾਲੀ ਨਹੀਂ ਜਾਂਦਾ। ਜਦੋਂ ਆਦਮੀ ਦਾ ਅੰਤ ਸਮਾਂ ਆਉਂਦਾ ਹੈ ਤਾਂ ਸ੍ਵਾਸ ਸ੍ਵਾਸ ਜਪਣ ਵਾਲੇ ਵੀ ਗਤੀ ਉਤਮ ਹੁੰਦੀ ਹੈ, ਉਸ ਵੇਲੇ ਕੰਨ ਵੀ ਘੱਟ ਸੁਣਦੇ ਹਨ, ਅੱਖਾਂ ਦੀ ਦ੍ਰਿਸ਼ਟੀ ਭੀ ਮੱਧਮ ਪੈ ਜਾਂਦੀ ਹੈ, ਨੱਕ ਵੀ ਆਪਣਾ ਕੰਮ ਛੱਡ ਦਿੰਦਾ ਹੈ। ਉਸ ਵੇਲੇ ਇਹ ਸ੍ਵਾਸ ਸ੍ਵਾਸ ਨਾਮ ਅੰਤਲੇ ਸ੍ਵਾਸ ਤੇ ਜਪ ਹੁੰਦਾ ਹੈ। ਸ਼ਬਦ, ਸਪਰਸ਼, ਰੂਪ, ਰਸ, ਗੰਧ; ਅੱਖਾਂ, ਨੱਕ, ਕੰਨ, ਜੀਭ ਆਪਣੀ ਕਿਰਿਆ ਛੱਡ ਦਿੰਦੇ ਹਨ, ਆਦਮੀ ਬੋਲ ਵੀ ਨਹੀਂ ਸਕਦਾ। ਹੱਥ, ਪੈਰ ਵੀ ਕੰਮ ਨਹੀਂ ਕਰਦੇ, ਕੇਵਲ ਸ੍ਵਾਸ ਅਤੇ ਸੁਰਤ ਦੋ ਚੀਜ਼ਾਂ ਰਹਿ ਜਾਂਦੀਆਂ ਹਨ, ਸ੍ਵਾਸ ਉਪਰ ਨਾਮ ਹੁੰਦਾ ਹੈ ਅਤੇ ਸੁਰਤ ਉਸ ਨੂੰ ਸੁਣਦੀ ਹੈ। ਜਦੋਂ ਇਸ ਹਾਲਤ ਵਿਚ ਪ੍ਰਾਨ ਛੁਟ ਜਾਣ ਤਾਂ ਜੀਵ ਵਾਹਿਗੁਰੂ ਦੇ ਦੇਸ਼ ਵਿਚ ਚਲਿਆ ਜਾਂਦਾ ਹੈ। ਕਿਉਂਕਿ ਐਸਾ ਗੁਰਬਾਣੀ ਦਾ ਮਤ ਹੈ –

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥***
***ਪੰਨਾ – 526***

ਇਸੇ ਤਰ੍ਹਾਂ ਨਾਲ ਅਜਾਮਲ ਦਾ ਜ਼ਿਕਰ ਆ ਕੇ ਬਾਣੀ ਵਿਚ ਫੁਰਮਾਨ ਹੈ ਕਿ –

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਪੰਨਾ – 902***

ਅਜਾਮਲ ਭਾਵੇਂ ਅੰਤ ਦੇ ਸਮੇਂ ਜਮਦੂਤਾਂ ਨੂੰ ਦੇਖ ਕੇ ਡਰ ਗਿਆ। ਜਦੋਂ ਜਮਦੂਤਾਂ ਨੂੰ ਦੇਖ ਕੇ ਡਰਿਆ ਤਾਂ ਉਸ ਵੇਲੇ ਸਤਵੇਂ ਪੁੱਤਰ, ਜਿਸ ਦਾ ਨਾਮ ਮਹਾਂਪੁਰਸ਼ਾਂ ਦੇ ਬਚਨ ਕਰਕੇ ਨਾਰਾਇਨ ਰੱਖਿਆ ਸੀ, ਆਵਾਜ਼ ਦੇ ਦਿਤੀ ਪਰ ਭਾਵਨਾ ਪ੍ਰਮੇਸ਼ਰ ਵਲ ਚਲੀ ਗਈ। ਸੁਰਤ ਵਿਚ ਅਸਲੀ ਨਾਰਾਇਨ ਚੇਤੇ ਆ ਗਿਆ ਅਤੇ ਉਤਮ ਗਤੀ ਪ੍ਰਾਪਤ ਹੋ ਗਈ। ਇਕ ਥਾਂ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ –



Sri Satguru Jagjit Singh Ji eLibrary NamdhariElibrary@gmail.com

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥*
*ਪੰਨਾ - 981*

ਸੋ ਇਸ ਤਰ੍ਹਾਂ ਦੇ ਨਾਲ ਨਾਮ ਦੀਆਂ ਬਹੁਤ ਅਵਸਥਾਵਾਂ ਹਨ। ਬੈਖਰੀ ਬਾਣੀ ਵਿਚ ਨਾਮ ਜਪਣਾ, ਸੁਰਤ ਨਾਲ ਨਾਮ ਜਪਣਾ, ਮਾਨਸਕ ਜਾਪ ਕਰਨਾ, ਅਜਪਾ ਜਾਪ ਜਪਣਾ, ਰੋਮ ਰੋਮ ਤੋਂ ਨਾਮ ਜਪਣਾ ਅਤੇ ਤ੍ਰਿਕੁਟੀ ਵਿਚ ਸੁਰਤ ਇਕਾਗਰ ਕਰਕੇ ਨਾਮ ਜਪਣਾ। ਇਕ ਲਿਵ ਲੱਗੀ ਰਹਿਣੀ ਕਿ ਸਾਰੇ ਪ੍ਰਭੂ ਹੈ, ਪ੍ਰਮੇਸ਼ਰ ਹੈ ਇਸ ਤੋਂ ਅੱਗੇ ਕੁਦਰਤ ਵੀ ਨਾਮ ਜਪਦੀ ਪ੍ਰਤੀਤ ਦਿੰਦੀ ਹੈ। ਤ੍ਰਿਕੁਟੀ ਵਿਚ ਨਾਮ ਜਪਣਾ, ਪੰਛੀ ਦੀ ਆਵਾਜ਼ ਵਿਚੋਂ ਵੀ ਨਾਮ ਦੀ ਧੁਨ ਸੁਣਨੀ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥*
*ਪੰਨਾ - 1420*

ਸੋ ਪ੍ਰਹਿਲਾਦ ਜੀ ਮਾਨਸਕ ਨਾਮ ਹਰ ਵੇਲੇ ਜਪਦੇ ਸਨ-

*ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ॥*
*ਭਾਈ ਗੁਰਦਾਸ ਜੀ, ਵਾਰ 10/2*

ਸਿਮਰਨ ਇਸ ਕਰਕੇ ਕੀਤਾ ਜਾਂਦਾ ਹੈ ਕਿ ਅਸਾਡੀ ਸੁਰਤ ਨਿਰੰਤਰ ਬਿਨਾਂ ਵਿਥ ਪੈਣ ਤੋਂ ਪ੍ਰਮੇਸ਼ਰ ਦੀ ਯਾਦ ਵਿਚ ਪਰੋਤੀ ਰਹੇ, ਕਿਉਂਕਿ ਆਦਮੀ ਦੇ ਉਤੇ, ਪ੍ਰਕ੍ਰਿਤੀ ਦਾ ਬਹੁਤ ਜ਼ਬਰਦਸਤ ਅਸਰ ਹੈ। ਜਿਸ ਨੂੰ ਮਨੁੱਖ ਆਖਿਆ ਜਾਂਦਾ ਹੈ ਇਸ ਵਿਚ ਦੋ ਚੀਜ਼ਾਂ ਹਨ, ਇਕ ਤਾਂ ਪਰੀਪੂਰਨ ਪ੍ਰਮੇਸ਼ਰ ਦੀ ਜੋਤ ਹੈ ਜੋ ਕਣ ਕਣ ਦੇ ਵਿਚ ਸਮਾਈ ਹੋਈ ਹੈ ਦੂਸਰਾ ਪ੍ਰਕ੍ਰਿਤੀ ਰਾਹੀਂ ਬਣੀਆਂ ਹੋਈਆਂ ਗਿਆਨ ਇੰਦ੍ਰੀਆਂ, ਪ੍ਰਾਨ, ਮਨ ਚਿੱਤ, ਬੁੱਧ ਅਤੇ ਅਹੰਭਾਵ ਹੈ, ਪ੍ਰਮ ਜੋਤ ਅਤੇ ਪ੍ਰਕ੍ਰਿਤੀ ਦੇ ਅੰਸ ਨਾਲ ਮਿਲ ਕੇ ਹੋਂਦ ਵਿਚ ਆਏ ਹੋਏ ਵਜੂਦ ਨੂੰ ਮਨੁੱਖ ਕਿਹਾ ਜਾਂਦਾ ਹੈ, ਮਾਨਸ ਕਿਹਾ ਜਾਂਦਾ ਹੈ। ਪ੍ਰਕ੍ਰਿਤੀ ਦੇ ਅੰਦਰ ਬੇਅੰਤ ਕਿਸਮ ਦੀਆਂ ਖਿੱਚਾਂ ਹਨ ਕਿਉਂਕਿ ਇਹ ਅੱਖਾਂ ਨਾਲ ਦੇਖੀ ਜਾਂਦੀ ਹੈ, ਨੱਕ ਨਾਲ ਸੁੰਘੀ ਜਾਂਦੀ ਹੈ, ਸਰੀਰ ਨਾਲ ਸਪਰਸ਼ ਹੁੰਦੀ ਹੈ, ਰਸਨਾ ਦੇ ਨਾਲ ਸੁਆਦ ਪਰਖਿਆ ਜਾਂਦਾ ਹੈ, ਇਸ ਕਰਕੇ ਮਨ ਪ੍ਰਕਿਰਤੀ ਦਾ ਹਿੱਸਾ ਹੋਣ ਕਰਕੇ ਹਰ ਵਕਤ ਪ੍ਰਕਿਰਤੀ ਵਲ ਝੁਕਾਅ ਰਖਦਾ ਹੈ ਅਤੇ ਉਸ ਨੂੰ ਕਦੇ ਵੀ ਨਹੀਂ ਭੁਲਦਾ, ਵਾਹਿਗੁਰੂ ਜੀ ਕਿਉਂਕਿ ਪਰੀਪੂਰਨ ਹਨ, ਸੂਖਮ ਤੋਂ ਸੂਖਮ ਜੋਤ ਹੈ ਜਿਸ ਦਾ ਅਨੁਭਵ ਹੋਣਾ ਹੀ ਮੁਸ਼ਕਲ ਹੈ, ਇਸ ਨੂੰ ਚੇਤਨ ਅੰਸ,ਬ੍ਰਹਮ, ਪ੍ਰਮਾਤਮਾ, ਸ਼ਬਦ ਅੱਖਰ ਆਦਿ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਉਸ ਦਾ ਵਜੂਦ ਤਾਂ ਸਾਰੇ ਹੀ ਨਜ਼ਰ ਆਉਂਦਾ ਹੈ ਕਿਉਂਕਿ ਉਹ ਪਸਾਰੇ ਵਿਚ ਵਸਦਾ ਹੈ, ਪਸਾਰਾ ਉਸ ਵਿਚ ਵਸਦਾ ਹੈ ਉਸ ਦੀ ਸ਼ਕਤੀ ਨਾਲ ਇਹ ਸੰਸਾਰ ਕਾਇਮ ਹੈ, ਨਹੀਂ ਤਾਂ ਉਸ ਦੇ ਅਣੂ ਖੇਰੂੰ ਖੇਰੂੰ ਹੋ ਕੇ ਖਿੰਡ ਜਾਣ ਪਰ ਗਿਆਨ ਇੰਦ੍ਰੀਆਂ ਦਾ ਬਾਹਰਮੁਖ ਹੋਣ ਕਰਕੇ ਇਹ ਚਿੱਤ ਨੂੰ ਦੇਖਦੇ ਹਨ। ਇਸ ਕਰਕੇ ਹਰ ਮਨੁੱਖ ਦਾ ਸੰਸਾਰ ਪ੍ਰਕ੍ਰਿਤੀ ਤੋਂ ਪੈਦਾ ਹੋਏ ਸ਼ਬਦ, ਸਪਰਸ਼, ਰੂਪ, ਰਸ, ਗੰਧ, ਆਸਾ, ਤ੍ਰਿਸ਼ਨਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਨ੍ਹਾਂ ਜਜ਼ਬਿਆਂ ਦੇ ਅੰਦਰ ਲਿਪਤ ਰਹਿੰਦਾ ਹੈ। ਵਾਹਿਗੁਰੂ ਭਾਵੇਂ ਪਰੀਪੂਰਨ ਹੈ ਠੀਕ ਇਸੇ ਤਰ੍ਹਾਂ ਦੇ ਨਾਲ ਜਿਵੇਂ ਸਾਰੇ ਦੁੱਧਾਂ ਵਿਚ ਘਿਉ ਹੋਇਆ ਕਰਦਾ ਹੈ ਅਤੇ ਸਾਰੀ ਬਨਸਪਤੀ ਵਿਚ ਹੀ ਅਗਨ ਹੋਇਆ ਕਰਦੀ ਹੈ ਪਰ ਵਾਹਿਗੁਰੂ ਸੂਖਸ਼ਮ ਹੋਣ ਕਰਕੇ ਉਨ੍ਹਾਂ ਦੀ ਯਾਦ ਮਨ ਵਿਚ ਠਹਿਰਦੀ ਨਹੀਂ ਹੈ। ਜਦੋਂ ਤੋਂ ਸੰਸਾਰ ਰਚਿਆ ਹੈ, ਉਸ ਸਮੇਂ ਤੋਂ ਹੀ ਆਦਮੀ ਨੂੰ ਪਤਾ ਹੈ ਪ੍ਰਕਿਰਤੀ ਦੇ ਵਿਚ ਮਨੁੱਖ ਦੀ ਸੂਝ ਜੇ ਰਚ ਜਾਵੇ ਤਾਂ ਵਾਸ਼ਨਾਵਾਂ ਦੇ ਅਧੀਨ ਇਸ ਦੇਹੀ ਦੇ ਅੰਦਰ ਅਹੰਭਾਵ ਤੋਂ ਉਪਜੀ ਸੂਝ ਜਿਸ ਨੂੰ ਜੀਵ ਜਾਂ ਜੀਵ ਆਤਮਾ ਕਹਿੰਦੇ ਹਨ, ਇਹ ਜੰਮਣ ਮਰਨ ਦੇ ਚੱਕਰ ਵਿਚ ਪਈ 84 ਲੱਖ ਜੂਨਾਂ ਵਿਚ ਗੇੜੇ ਖਾਂਦੀ ਰਹਿੰਦੀ ਹੈ। ਪ੍ਰਕਿਰਤੀ ਕਿਉਂਕਿ ਨਾਸ਼ਵਾਨ ਹੈ ਇਹ ਹਰ ਵਾਰੀ ਹਰ ਸਰੀਰ ਵਿਚ ਰੂਪ ਬਦਲਦੀ ਹੈ, ਇਸ ਦੀ ਕੋਈ ਪੱਕੀ ਹੋਂਦ ਨਹੀਂ। ਵਾਹਿਗੁਰੂ ਜੀ ਦੀ ਜੋਤ ਅਮਰ ਜੋਤ ਹੈ ਉਹ ਇਕ ਰਸ ਰਹਿੰਦੀ ਹੈ ਜਿਸ ਦੇ ਲੱਛਣ ਗੁਰੂ ਮਹਾਰਾਜ ਜੀ ਨੇ ਏਕੰਕਾਰ ਕਹਿ ਕੇ ਮੂਲਮੰਤਰ ਵਿਚ ਦੱਸੇ ਹਨ -

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*
*ਜਪੁ॥ ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1*

ਸਰੀਰਕ ਸੂਝ ਨੂੰ ਅਹੰਭਾਵ ਨੇ ਇਸ ਪਰਮ ਜੋਤੀ ਨਾਲੋਂ ਤੋੜਿਆ ਹੋਇਆ ਹੈ ਜੋ ਸਤਿ ਹੈ, ਚਿਤ ਹੈ, ਅਨੰਦ ਹੈ ਅਤੇ ਨਿਰਾ ਪਿਆਰ ਹੈ। 'ਸਦਾ ਸਦਾ ਦਇਆਲ ਹੈ', 'ਆਪਣਾ ਆਪਾ ਹੈ' ਉਸ ਤਕ ਪਹੁੰਚਣ ਲਈ ਬਹੁਤ ਸਾਰੇ ਸਾਧਨ ਕੀਤੇ ਜਾਂਦੇ ਹਨ, ਕਿਤੇ ਜਗ ਕੀਤੇ ਜਾਂਦੇ ਹਨ। ਜਗ ਨੂੰ ਸਮਝਣ ਲਈ ਇਸ ਤਰ੍ਹਾਂ ਹੈ ਕਿ ਕਿਸੇ ਮੰਤਰ ਦਾ ਲਗਾਤਾਰ ਜਾਪ, ਅੱਗ ਵਗੈਰਾ ਜਲਾ ਕੇ ਉਸ ਦੇ ਨੇੜੇ ਬੈਠ ਕੇ ਕੀਤਾ ਜਾਂਦਾ ਸੀ। ਕਿਤੇ ਇਕ ਪੈਰ ਦੇ ਭਾਰ ਖੜ੍ਹੇ ਹੋ ਕੇ, ਕਿਤੇ ਪੁੱਠੇ ਲਟਕ ਕੇ, ਭੁੱਖੇ ਰਹਿ ਕੇ, ਹੋਰ ਬਹੁਤ ਸਾਰੀਆਂ ਤਕਲੀਫਾਂ ਵਿਚ ਪਾ ਕੇ, ਭੁੱਖ, ਦੁਖ ਕੱਟ ਕੇ ਯਤਨ ਕੀਤੇ ਜਾਂਦੇ ਸੀ ਕਿ ਉਹ ਹਸਤੀ ਪ੍ਰਗਟ ਹੋਵੇ। ਇਸ ਨੂੰ ਹੱਠ ਯੋਗ ਕਹਿੰਦੇ ਸਨ, ਜਿਸ ਦੇ ਛੇ ਪ੍ਰਚਲਤ ਅੰਗ ਹਨ ਜਿਨ੍ਹਾਂ ਵਿਚ 'ਧੋਤੀ' ਦੀ ਕਿਰਿਆ ਕਰਨੀ ਪੈਂਦੀ ਸੀ। ਉਹ ਇਸ ਤਰ੍ਹਾਂ ਸੀ ਕਿ ਚਾਰ ਉਂਗਲ ਕਪੜਾ 22 ਫੁੱਟ ਦੀ ਲੰਬਾਈ ਤਕ ਲੈ ਕੇ ਇਕ ਫੁੱਟ ਕਪੜਾ ਹਰ ਰੋਜ਼ ਗਲ ਤੋਂ ਹੇਠਾਂ ਲੰਘਾਉਣਾ ਪੈਂਦਾ ਸੀ। 22 ਦਿਨਾਂ ਵਿਚ ਇਹ ਕਪੜਾ ਲੰਘਾਉਣਾ ਹੁੰਦਾ ਸੀ ਅਤੇ ਆਖਰੀ ਸਿਰਾ ਦੰਦਾਂ ਨਾਲ ਫੜ ਲੈਂਦੇ ਹਨ, ਇਸ ਤਰ੍ਹਾਂ ਮਿਹਦੇ ਦੀ ਸਫਾਈ ਕਰਦੇ ਸਨ। ਉਸ ਨੂੰ ਬਾਰ-ਬਾਰ ਪਾਣੀ ਨਾਲ ਧੋ ਕੇ ਸਾਫ ਕਰਦੇ ਰਹਿੰਦੇ ਸਨ। ਇਹ ਕ੍ਰਿਆ ਹਰ ਰੋਜ਼ ਕਰਨੀ ਪੈਂਦੀ ਹੈ।

ਇਸੇ ਤਰ੍ਹਾਂ 'ਨੇਤੀ' ਦੀ ਕਿਰਿਆ ਹੁੰਦੀ ਸੀ, ਸੂਤ ਦਾ ਡੋਰਾ ਲੈ ਕੇ ਉਸ ਨੂੰ ਨੱਕ ਵਿਚੋਂ ਲੰਘਾ ਕੇ ਮੂੰਹ ਵਿਚੀਂ ਕੱਢ ਲੈਂਦੇ, ਦੋਹਾਂ ਸਿਰਿਆ ਨੂੰ ਫੜ ਕੇ ਜਿਵੇਂ ਦੁਧ ਰਿੜਕਿਆ ਜਾਂਦਾ ਹੈ ਇਸ ਤਰ੍ਹਾਂ ਰਿੜਕ ਕੇ ਨੱਕ ਸਾਫ ਕਰਨਾ ਹੁੰਦਾ ਹੈ।

ਇਸੇ ਤਰ੍ਹਾਂ 'ਬਸਤੀ' ਹੈ ਇਹ ਨਰਮ ਬਾਂਸ ਦੀ ਨਾਲੀ ਹੁੰਦੀ ਹੈ ਜਿਸ ਨੂੰ ਹੇਠੋਂ ਪੇਟ ਵਿਚ ਦਾਖਲ ਕੀਤਾ ਜਾਂਦਾ ਹੈ ਅਤੇ ਮਲਮੂਤਰ ਦੀਆਂ ਨਾੜੀਆਂ ਸਾਫ ਕੀਤੀਆਂ ਜਾਂਦੀਆਂ



Sri Satguru Jagjit Singh Ji eLibrary NamdhariElibrary@gmail.com

ਹਨ। ਚੌਥੀ ਕਿਰਿਆ ਨਿਉਲੀ ਹੁੰਦੀ ਹੈ ਇਸ ਦੀ ਕਿਰਿਆ ਇਸ ਤਰ੍ਹਾਂ ਹੁੰਦੀ ਹੈ ਕਿ ਪੇਟ ਦੇ ਅੰਦਰ ਜ਼ੋਰ ਦੀ ਸਾਹ ਖਿੱਚ ਲੈਣਾ ਅਤੇ ਪੇਟ ਨੂੰ ਇਵੇਂ ਘੁੰਮਾਉਣਾ ਜਿਵੇਂ ਦੁਧ ਰਿੜਕਿਆ ਜਾਂਦਾ ਹੈ। ਇਸੇ ਤਰ੍ਹਾਂ ਕਪਾਲਭਾਤੀ ਦੀ ਕਿਰਿਆ ਹੁੰਦੀ ਹੈ ਜਿਵੇਂ ਲੁਹਾਰ ਦੀ ਧੌਂਕਣੀ ਭੱਠੀ ਵਿਚ ਹਵਾ ਦਿੰਦੀ ਹੈ ਇਸੇ ਤਰ੍ਹਾਂ ਤੇਜ਼ ਸ੍ਵਾਸ ਹਿਲਾ ਕੇ ਸ੍ਵਾਸ ਨੂੰ ਅੰਦਰ ਬਾਹਰ ਕੀਤਾ ਜਾਂਦਾ ਸੀ। ਇਹ ਕਿਰਿਆਵਾਂ ਬਾਰ ਬਾਰ ਕਰਨੀਆਂ ਪੈਂਦੀਆਂ ਸਨ ਅਤੇ ਛੇਵਾਂ ਸਾਧਨ ਤ੍ਰਾਟਕ ਹੁੰਦਾ ਸੀ। ਕਿਸੇ ਥਾਂ ਕਾਲਾ ਨਿਸ਼ਾਨ ਲਾ ਕੇ ਉਸ ਵਲ ਬਗੈਰ ਅੱਖ ਝਪਕੇ ਟਿਕਟਿਕੀ ਲਗਾ ਕੇ ਝਾਂਕਣਾ, ਜਦੋਂ ਅੱਖਾਂ ਵਿਚ ਪਾਣੀ ਆ ਜਾਵੇ ਅਤੇ ਆਸ ਪਾਸ ਦਿਸਣਾ ਬੰਦ ਹੋ ਕੇ ਕੇਵਲ ਨਿਸ਼ਾਨ ਹੀ ਨਜ਼ਰ ਆਵੇ ਤਾਂ ਇਸ ਤਰ੍ਹਾਂ ਤ੍ਰਾਟਕ ਦੀ ਕਿਰਿਆ ਕਰਨੀ, ਇਸ ਨਾਲ ਰਿੱਧੀਆਂ ਸਿੱਧੀਆਂ ਆ ਜਾਇਆ ਕਰਦੀਆਂ ਹਨ। ਕਈ ਪ੍ਰੇਮੀ ਸੂਰਜ ਵਲ ਝਾਂਕਦੇ ਸਨ ਪਰ ਇਸ ਵਿਚ ਅੱਖਾਂ ਦੀ ਜੋਤੀ ਜਾਣ ਦਾ ਡਰ ਰਹਿੰਦਾ ਸੀ। ਇਨ੍ਹਾਂ ਸਾਰੀਆਂ ਕਿਰਿਆਵਾਂ ਤੋਂ ਇਲਾਵਾ ਪ੍ਰਾਣਾਯਾਮ ਦੀ ਕਿਰਿਆ ਹੁੰਦੀ ਸੀ ਜਿਸ ਵਿਚ ਰੇਚਕ, ਪੂਰਕ, ਕੁੰਭਕ ਕੀਤਾ ਜਾਂਦਾ ਸੀ। ਪ੍ਰਾਣਾਯਾਮ - ਛੋਟਾ ਪ੍ਰਾਣਾਯਾਮ ਵੀ ਹੁੰਦਾ ਹੈ ਅਤੇ ਵੱਡਾ ਪ੍ਰਾਣਾਯਾਮ ਵੀ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਤਕ ਇਹ ਸਾਰੀਆਂ ਕਿਰਿਆਵਾਂ ਪ੍ਰਚਲਤ ਸਨ। ਕਲਜੁਗ ਦਾ ਬੰਦਾ ਆਚਾਰ, ਵਿਚਾਰ, ਅਹਾਰ ਵਿਚ ਪੂਰੀ ਸ਼ੁੱਧੀ ਨਹੀਂ ਸੀ ਰੱਖ ਸਕਦਾ, ਇਸ ਕਰਕੇ ਦਿਮਾਗ ਕਮਜ਼ੋਰ ਹਨ। ਪ੍ਰਾਣਾਯਾਮ ਦੀ ਝਾਲ ਨਹੀਂ ਝੱਲ ਸਕਦੇ ਸਨ ਜੇ ਇਕ ਹਜ਼ਾਰ ਬੰਦਾ ਆਪਣੇ ਆਪ ਪ੍ਰਾਣਾਯਾਮ ਕਰਨ ਲੱਗੇ ਤਾਂ ਸ਼ਾਇਦ ਇਕ ਹੀ ਕਾਮਯਾਬ ਹੋਵੇ। ਬਾਕੀ ਸਾਰੇ ਦਿਮਾਗੀ ਮਰੀਜ਼ ਹੋ ਜਾਣਗੇ ਅਤੇ ਹਸਪਤਾਲ ਵਿਚ ਲਿਜਾਏ ਜਾਣਗੇ। ਇਨ੍ਹਾਂ ਕਿਰਿਆਵਾਂ ਦੇ ਨਾਲ ਰਿੱਧੀਆਂ ਸਿੱਧੀਆਂ ਸ਼ਕਤੀਆਂ ਪੈਦਾ ਹੋ ਜਾਂਦੀਆਂ ਸਨ ਅਤੇ ਜਗਿਆਸੂ ਪ੍ਰਮੇਸ਼ਰ ਦੀ ਯਾਦ ਵਿਚ ਲੀਨ ਹੋ ਜਾਣ ਦੀ ਥਾਂ ਇਨ੍ਹਾਂ ਸ਼ਕਤੀਆਂ ਵਿਚ ਲੀਨ ਹੋ ਜਾਂਦਾ ਸੀ। ਦੂਸਰੀ ਕਿਰਿਆ ਕੁਝ ਸੁਲਝੀ ਹੋਈ ਸੀ। ਉਹ ਇਹ ਸੀ ਕਿ ਪ੍ਰਾਣਾਯਾਮ ਦੇ ਬਲ ਨਾਲ ਕੁੰਡਲਨੀ ਨੂੰ ਜਗਾਉਣਾ। ਰੀੜ੍ਹ ਦੀ ਹੱਡੀ ਦੇ ਹੇਠਲੇ ਸਿਰੇ ਤੇ ਇਕ ਬਹੁਤ ਹੀ ਸੂਖਸ਼ਮ ਨਾੜੀ ਹੈ ਇਹ ਜਦੋਂ ਪ੍ਰਾਣਾਯਾਮ ਦੇ ਬਲ ਨਾਲ ਜਗਾਈ ਜਾਂਦੀ ਸੀ ਤਾਂ ਇਸ ਦੇ ਵਿਚੋਂ ਬਿਜਲੀ ਦੀ ਸ਼ਕਤੀ ਜੋ ਵਾਹਿਗੁਰੂ ਜੀ ਨੇ ਸਰੀਰ ਵਿਚ ਰੱਖੀ ਹੋਈ ਹੈ ਉਹ ਆਪਣੀ ਅਲੌਕਿਕ ਬਲ ਨਾਲ ਪੈਦਾ ਹੁੰਦੀ ਸੀ। ਪੂਰਾ ਉਸਤਾਦ ਜੇ ਸਾਵਧਾਨੀ ਵਰਤ ਕੇ ਸਾਧਕ ਨੂੰ ਹਰ ਵਕਤ ਨਿਗ੍ਹਾ ਵਿਚ ਰੱਖੇ ਤਾਂ ਇਹ ਕਿਰਿਆ ਹੁੰਦੀ ਸੀ ਨਹੀਂ ਤਾਂ ਬਿਮਾਰੀਆਂ ਹੀ ਬਿਮਾਰੀਆਂ ਲਗ ਜਾਇਆ ਕਰਦੀਆਂ ਸਨ। ਭੁਜੰਗਾ ਨਾੜੀ ਦਾ ਮੂੰਹ ਖੁਲ੍ਹਣ ਪਿਛੋਂ ਸ੍ਵਾਸ ਰੀੜ੍ਹ ਦੀ ਹੱਡੀ ਵਿਚੋਂ ਸਭ ਤੋਂ ਹੇਠਲਾਂ ਛੇਕ ਜੋ ਬੰਦ ਹੋਇਆ ਹੈ ਉਹ ਸ੍ਵਾਸ ਦੀ ਗਰਮੀ ਨਾਲ ਪਿਘਲ ਜਾਂਦਾ ਸੀ ਅਤੇ ਸ੍ਵਾਸ ਉਸ ਵਿਚ ਦਾਖਲ ਹੋ ਜਾਂਦਾ ਹੈ। ਉਸ ਦਾ ਨਾਮ ਮੂਲਧਾਰ ਚੱਕਰ ਹੈ। ਇਸੇ ਤਰ੍ਹਾਂ ਮਿਹਨਤ ਕਰਦਿਆਂ ਕਰਦਿਆਂ ਸ੍ਵਾਸ ਚੜ੍ਹਾਦਿਆਂ ਚੜ੍ਹਾਦਿਆਂ ਸਵਾਧਿਸ਼ਠਾਨ ਚੱਕਰ ਵਿਚ ਦਾਖਲ ਹੋ ਜਾਂਦਾ ਸੀ ਜਿਸ ਦੀ ਜੜ੍ਹ ਕਾਮ ਕੁੰਡੇ ਵਿਚ ਹੈ। ਤੀਸਰਾ ਨਾਭੀ ਵਿਚ ਮਣੀਪੂਰਕ ਚੱਕਰ ਹੈ, ਚੌਥਾ ਅਨਾਹਤ ਚੱਕਰ ਛਾਤੀ ਵਿਚ ਕਉਡੀ ਤੋਂ ਉਪਰ ਹੈ, ਪੰਜਵਾਂ ਗਲ ਵਿਚ ਵਿਸ਼ੁਧ ਚੱਕਰ ਹੈ, ਛੇਵਾਂ ਅੱਖਾਂ ਅਤੇ ਨੱਕ ਦੀ ਜੜ੍ਹ ਵਿਚ ਭਰਵੱਟਿਆਂ ਦੇ ਵਿਚਾਲੇ ਆਗਿਆ ਚੱਕਰ ਹੈ, ਇਸ ਵਿਚ ਅੱਡ ਅੱਡ ਪੱਤੀਆਂ ਦੇ ਅੱਡ ਅੱਡ ਰੰਗ ਦੇ ਫੁਲ ਨਜ਼ਰ ਆਉਂਦੇ ਹਨ ਅਤੇ ਵੱਖਰੇ ਵੱਖਰੇ ਕਲਪਤ ਦੇਵਤਿਆਂ ਦੇ ਦਰਸ਼ਨ ਹੁੰਦੇ ਹਨ। ਗੁਰੂ ਮਹਾਰਾਜ ਜੀ ਨੇ ਇਸ ਵਲ ਇਸ਼ਾਰਾ ਕਰਦਿਆਂ ਫੁਰਮਾਨ ਕੀਤਾ ਹੈ -

***ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ॥***
***ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ॥***

***ਪੰਨਾ - 333***

ਇਸ ਕਿਰਿਆ ਵਿਚ ਤ੍ਰਿਕੁਟੀ ਨੂੰ ਲੰਘ ਕੇ ਰਿੱਧੀਆਂ ਸਿੱਧੀਆਂ ਦਾ ਮੰਡਲ ਆ ਜਾਇਆ ਕਰਦਾ ਹੈ ਜਿਸ ਨੂੰ ਸਹੰਸਰਾਰ ਦਲ ਕਮਲ ਕਹਿੰਦੇ ਹਨ ਜਿਸ ਦੇ ਉਪਰ ਦਸਵਾਂ ਦੁਆਰ ਹੁੰਦਾ ਹੈ ਜਿਥੇ ਤਕ ਪਵਨ ਨੂੰ ਲਿਜਾ ਕੇ ਰੋਕ ਲਿਆ ਜਾਂਦਾ ਹੈ ਅਤੇ ਲੰਮੀ ਸਮਾਧੀ ਲਾਉਣ ਉਪਰੰਤ ਆਦਮੀ ਜਿਉਂਦਾ ਰਹਿੰਦਾ ਸੀ ਕਿਉਂਕਿ ਸ੍ਵਾਸ ਅੰਦਰ ਰੁਕਿਆ ਹੁੰਦਾ ਸੀ। ਪਵਨ ਉਲਟਾ ਕੇ ਛੇ ਚੱਕਰਾਂ ਨੂੰ ਸੰਜਮ ਨਾਲ ਬੇਧਿਆ ਜਾਂਦਾ ਸੀ, ਇਹ ਇਕ ਲੰਮਾ ਰਸਤਾ ਸੀ ਜਿਸ ਨੂੰ ਕੀਟੀ ਮਾਰਗ ਕਹਿੰਦੇ ਹਨ ਪਰ ਕਈ ਇਸ ਨੂੰ ਰਾਜ ਯੋਗ ਵੀ ਕਹਿੰਦੇ ਹਨ। ਇਨ੍ਹਾਂ ਕਿਰਿਆਵਾਂ ਨੂੰ ਸਿੱਧ ਕਰਨ ਲਈ ਪੂਰਨ ਵਿਹਲ ਦੀ ਲੋੜ ਹੈ, ਕਿਸੇ ਕਿਸਮ ਦਾ ਮਨ ਵਿਚ ਖਿਚਾਅਪੁਣਾ ਨਾ ਹੋਵੇ ਅਤੇ ਸਰੀਰ ਬਿਲਕੁਲ ਤੰਦਰੁਸਤ ਹੋਵੇ ਤਾਂ ਕਿਤੇ ਦਸਵੇਂ ਦੁਆਰ ਤਕ ਪਹੁੰਚਿਆ ਜਾਂਦਾ ਸੀ। ਇਸ ਰਸਤੇ ਤੇ ਚੱਲਣ ਲਈ ਸੰਜਮ ਦੀ ਅਤੀ ਲੋੜ ਹੈ। ਸੰਜਮ ਵਿਚ ਸਮ ਤੇ ਦਮ ਦੀਆਂ ਰਹਿਤਾਂ ਆ ਜਾਂਦੀਆਂ ਹਨ, ਆਦਮੀ ਤ੍ਰਿਸ਼ਨਾ ਰਹਿਤ ਹੋਵੇ, ਕਿਸੇ ਦੀ ਨਿੰਦਿਆ, ਚੁਗਲੀ, ਈਰਖਾ ਨਾ ਕਰਦਾ ਹੋਵੇ, ਆਪਣੇ ਆਪ ਨੂੰ ਕਿਸੇ ਤੋਂ ਉਚਾ ਨਾ ਸਮਝਦਾ ਹੋਵੇ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***

***ਪੰਨਾ - 1364***

ਇਹ ਸਾਰੇ ਸਦਗੁਣ ਕਹਾਉਂਦੇ ਹਨ। ਇਹ ਜੀਵਨ ਦਾ ਸੰਜਮ ਕਹਾਉਂਦੇ ਹਨ। ਇਸ ਕਰਕੇ ਸੰਜਮ ਦੀ ਜ਼ਰੂਰਤ ਹੈ। ਪੁਰਾਣੇ ਜ਼ਮਾਨਿਆਂ ਵਿਚ ਜਦੋਂ ਆਦਮੀ ਤੰਦਰੁਸਤ ਹੁੰਦੇ ਸਨ ਆਚਾਰ, ਵਿਚਾਰ, ਵਿਹਾਰ ਸ਼ੁਧ ਹੁੰਦੇ ਸਨ, ਪਰੇਸ਼ਾਨੀਆਂ ਹੁੰਦੀਆਂ ਹੀ ਨਹੀਂ ਸਨ, ਫੈਸ਼ਨ ਪ੍ਰਾਪਤੀ ਅਤੇ ਮਾਇਆ ਦੀ ਦੌੜ ਨਹੀਂ ਸੀ ਲੱਗੀ ਹੁੰਦੀ, ਉਸ ਵੇਲੇ ਆਦਮੀ ਦਾ ਮਨ ਜਲਦੀ ਇਕਾਗਰ ਹੋ ਜਾਂਦਾ ਸੀ ਅਤੇ ਕੋਈ ਚਿੰਤਾ ਮਨ ਵਿਚ ਨਾ ਹੋਣ ਕਰਕੇ ਸਰੀਰ ਦੇ ਸੈਲ ਜਲਿਆ ਨਹੀਂ ਕਰਦੇ ਸਨ ਕਿਉਂਕਿ ਚਿੰਤਾ ਨੂੰ ਚਿਖਾ ਦੀ ਬਰਾਬਰੀ ਦਿੰਦੇ ਹਨ। ਅੱਜਕਲ੍ਹ ਸੰਸਾਰ ਵਿਚ ਬਹੁਤ ਵੱਡੀ ਦੌੜ ਲੱਗੀ ਹੋਈ ਹੈ, ਅਖੌਤੀ ਸਾਧੂ ਮਹਾਤਮਾ ਵੀ ਇਸ ਮਾਇਕ ਦੌੜ ਵਿਚ ਸ਼ਾਮਲ ਹੋ ਚੁੱਕੇ ਹਨ, ਓਹੋ ਜਿਹਾ ਹੀ ਸਮਾਂ ਚਲ ਰਿਹਾ ਹੈ, ਜਿਹੋ ਜਿਹਾ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਮੇਂ ਵਿਚ ਦੱਸਿਆ ਸੀ -

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***



Sri Satguru Jagjit Singh Ji eLibrary NamdhariElibrary@gmail.com

***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਪੰਨਾ - 145***

ਉਨ੍ਹਾਂ ਦਿਨਾਂ ਵਿਚ ਨਾ ਟੈਲੀਵੀਜ਼ਨਾਂ ਦਾ ਰੌਲਾ ਸੀ, ਨਾ ਟੈਲੀਫੂਨਾਂ ਦੀ ਟਰਨ-ਟਰਨ ਆਵਾਜ਼, ਨਾ ਈ-ਮੇਲ ਦੇ ਕਾਗਜ਼ ਅੱਖਾਂ ਸਾਮ੍ਹਣੇ ਆਉਂਦੇ ਸਨ, ਨਾ ਹੀ ਫੈਕਸਾਂ ਆਉਂਦੀਆਂ ਸਨ, ਉਸ ਸਮੇਂ ਦਾ ਬੰਦਾ ਵੀ ਰੱਜ ਕੇ ਰੋਟੀ ਖਾਂਦਾ ਸੀ, ਕੋਈ ਭੁੱਖਾ ਨਹੀਂ ਸੀ, ਸੰਤੋਖ ਦੇ ਵਿਚ ਯਥਾਲਾਭ ਸੰਤੁਸ਼ਟੇ ਦੀ ਭਾਵਨਾ ਨਾਲ ਗੁਜ਼ਾਰਾ ਕਰਦੇ ਸਨ, ਕੋਈ ਮਨ ਵਿਚ ਖਿਚਾਓ ਨਹੀਂ ਸੀ ਹੁੰਦਾ, ਉਸ ਸਮੇਂ ਦੁਨੀਆਂ ਬਹੁਤ ਵੱਡੀ ਸੀ। ਅੱਜ ਸੰਸਾਰ ਬਹੁਤ ਛੋਟਾ ਜਿਹਾ ਹੋ ਗਿਆ ਹੈ, ਇੰਟਰਨੈਟ ਨੇ ਤਾਂ ਬਹੁਤ ਹੀ ਛੋਟਾ ਕਰ ਦਿਤਾ ਹੈ, ਸਾਰੀ ਦੁਨੀਆਂ ਵਿਚ ਕਿਤੇ ਵੀ ਕੋਈ ਘਟਨਾ ਵਾਪਰਦੀ ਹੈ ਉਸੇ ਵੇਲੇ ਇੰਟਰਨੈਟ ਤੇ ਦ੍ਰਿਸ਼ਟਮਾਨ ਹੋ ਜਾਂਦਾ ਹੈ। ਅਖਬਾਰਾਂ, ਪੁਸਤਕਾਂ ਸਭ ਦੂਜੇ ਭਾਉ ਦੀਆਂ ਹਨ, ਕੋਈ ਰੂਹਾਨੀ ਲਿਟਰੇਚਰ ਪੜ੍ਹਨ ਨੂੰ ਨਹੀਂ ਮਿਲਦਾ ਹੈ। ਜਿਹੜੇ ਰੂਹਾਨੀਅਤ ਦੇ ਨਾਂ ਉਪਰ ਵੀ ਛਪਦੇ ਹਨ ਉਨ੍ਹਾਂ ਵਿਚ ਵੀ ਖਿਚਾ ਖਿਚੀ ਹੁੰਦੀ ਹੈ। ਪ੍ਰਮੇਸ਼ਰ ਨੂੰ ਭੁਲਾਉਣ ਵਾਲੀਆਂ ਚੀਜ਼ਾਂ ਸੰਸਾਰ ਵਿਚ ਪੈਦਾ ਹੋ ਗਈਆਂ, ਬਿਰਤੀ ਉਨ੍ਹਾਂ ਵਿਚ ਲਿਪਟ ਕੇ ਉਨ੍ਹਾਂ ਦੇ ਆਕਾਰ ਭਰ ਰਹੀ ਹੈ, ਰਸਾਂ ਕਸਾਂ ਦਾ ਤਾਂ ਕਹਿਣਾ ਹੀ ਕੀ ਹੈ। ਅਜਿਹੀ ਹਾਲਤ ਹੋਣ ਨਾਲ ਮਨ ਕਿਵੇਂ ਟਿਕੇ? ਇਕ planet (ਖੰਡ) ਵਾਲਾ ਦੂਸਰਾ ਖੰਡ ਵਿਚ ਦਾਖਲ ਹੋਣ ਦੇ ਤਜਰਬੇ ਕਰ ਰਿਹਾ ਹੈ ਅਤੇ ਆਸ ਲਾਈ ਹੋਈ ਹੈ ਕਿ ਅਨੇਕਾਂ ਬ੍ਰਹਿਮੰਡਾਂ ਵਿਚ ਕਿਸੇ ਨਾ ਕਿਸੇ ਦਿਨ ਪ੍ਰਵੇਸ਼ ਕਰ ਜਾਵੇਗਾ। ਜੰਗ ਦੇ ਅਜਿਹੇ ਮਾਰੂ ਹਥਿਆਰ ਬਣ ਗਏ ਹਨ ਕਿ ਸਾਰੀ ਦੁਨੀਆਂ ਖਤਮ ਹੋ ਸਕਦੀ ਹੈ। ਐਟਮ ਵਰਗੇ ਤਬਾਹ ਕਰਨ ਵਾਲੇ ਹੋਰ ਕਈ ਬੰਬ ਧਰਤੀ ਦੀ ਖੁਸ਼ਹਾਲੀ ਅਤੇ ਰੰਗੀਨਤਾ ਬਰਬਾਦ ਕਰਨ ਲਈ ਬਣਾਏ ਜਾ ਰਹੇ ਹਨ। ਇਕ ਦੂਜੇ ਤੋਂ ਸਹਿਮ ਵਿਚ ਆਏ ਹੋਏ ਦੇਸ਼ ਮਾਰੂ ਸ਼ਸ਼ਤਰ ਪੈਦਾ ਕਰ ਰਹੇ ਹਨ। ਆਦਮੀ ਦੇ ਅੰਦਰ ਪ੍ਰਮੇਸ਼ਰ ਨੇ ਖੇੜਾ ਹੀ ਖੇੜਾ ਵਰਤਾਇਆ ਹੈ, ਇਸ ਖੇੜੇ ਦਾ ਪ੍ਰਤੀਕ ਜਿਵੇਂ ਕਿਸੇ ਬੂਟੇ ਦਾ ਫੁੱਲ ਭਰ ਜੋਬਨ ਵਿਚ ਖਿੜ ਜਾਂਦਾ ਹੈ। ਅੰਦਰਲਾ ਕਮਲ ਫੁੱਲ ਚਿੰਤਾਵਾਂ ਆਸ਼ਾਵਾਂ ਦੇ ਕਾਰਨ ਪੁੱਠਾ ਹੋ ਗਿਆ ਹੈ, ਜੇ ਕੌਲ ਫੁੱਲ ਮੂਧਾ ਹੋ ਜਾਵੇ ਜਿਸ ਨੂੰ ਹਿਰਦੇ ਦਾ ਕਮਲ ਫੁੱਲ ਵੀ ਆਖਦੇ ਹਨ ਤਾਂ ਇਸ ਵਿਚ ਅੰਦਰੋਂ ਹੀ ਜੋ ਅੰਮ੍ਰਿਤ ਦੀਆਂ ਧਾਰਾਂ ਝਰ ਰਹੀਆਂ ਹਨ ਉਨ੍ਹਾਂ ਨੂੰ ਇਹ ਆਪਣੇ ਵਿਚ ਸਮਾਅ ਨਹੀਂ ਸਕਦਾ। ਗੁਰੂ ਮਹਾਰਾਜ ਨੇ ਬਾਣੀ ਦੇ ਅੰਦਰ ਇਸ ਕੌਲ ਫੁੱਲ ਦੇ ਖਿੜ੍ਹਨ ਦਾ ਵਰਨਣ ਕੀਤਾ ਹੈ ਜਿਵੇਂ ਕਿ -

***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥***
***ਪੰਨਾ - 1291***

ਇਹ ਅੰਦਰਲੀ ਪੂਰਨ ਅਮੀਰੀ ਨੂੰ ਪ੍ਰਗਟ ਕਰਦਾ ਹੈ। ਸੋ ਹੁਣ ਸੰਸਕਾਰਾਂ ਦਾ ਐਨਾ ਭਾਰੀ ਬੋਝ ਪੈ ਗਿਆ ਕਿ ਉਹ ਕਮਲ ਫੁੱਲ ਮੂਧਾ ਹੋ ਕੇ ਅੰਮ੍ਰਿਤ ਨੂੰ ਆਪਣੇ ਅੰਦਰ ਨਹੀਂ ਸਮਾਅ ਸਕਦਾ। ਇਸ ਕਮਲ ਫੁੱਲ ਦਾ ਨਾਮ ਨਾਲ ਸਬੰਧ ਹੈ, ਪ੍ਰਮੇਸ਼ਰ ਨਾਲ ਜੁੜੀ ਹੋਈ ਅਵਸਥਾ ਦਾ ਸਬੰਧ ਹੈ। ਆਦਮੀ ਦੇ ਕੋਲ ਕਿੰਨਾ ਹੀ ਧਨ ਹੋ ਜਾਵੇ, ਕਿੰਨੀ ਹੀ ਜਾਇਦਾਦ ਹੋ ਜਾਵੇ, ਕਿੰਨੀਆਂ ਹੀ ਕੋਠੀਆਂ ਹੋ ਜਾਣ, ਸੋਨਾ-ਚਾਂਦੀ, ਹੀਰੇ ਜਵਾਹਰਾਤ ਹੋ ਜਾਣ ਉਹ ਚੀਜ਼ਾਂ ਮਨ ਵਿਚ ਖੇੜਾ ਨਹੀਂ ਲਿਆ ਸਕਦੀਆਂ। ਇਕੋ ਇਕ ਸਾਧਨ ਹੈ ਕਿ ਜਦੋਂ ਤਕ ਆਤਮ ਸ਼ਾਖਸ਼ਾਤਕਾਰ ਹੋ ਕੇ ਕੌਲ ਫੁੱਲ ਸਿੱਧਾ ਨਹੀਂ ਹੁੰਦਾ, ਨਾਮ ਦਾ ਰਸ ਉਸ ਵਿਚ ਝਿਮ ਝਿਮ ਕਰਕੇ ਨਹੀਂ ਬਰਸਦਾ ਇਸ ਆਦਮੀ ਉਪਰ ਕਦੇ ਖੇੜਾ ਨਹੀਂ ਆ ਸਕਦਾ। ਜੇ ਭੋਗਾਂ ਵਿਚ, ਵਿਸ਼ਿਆਂ ਵਿਚ ਪ੍ਰਵਿਰਤ ਹੁੰਦਾ ਹੈ ਤਾਂ ਇਹ ਸਾਰੇ ਭੋਗ ਇਸ ਨੂੰ ਭੋਗ ਜਾਂਦੇ ਹਨ, ਭੋਗਾਂ ਨੂੰ ਅਜੇ ਤਕ ਕਿਸੇ ਨੇ ਨਹੀਂ ਭੋਗਿਆ, ਇਹ ਕਾਰਨ ਹਨ ਜਿਸ ਕਰਕੇ ਵੇਦਾਂ ਕਤੇਬਾਂ ਅਤੇ ਪੁਰਾਤਨ ਮਹਾਂਪੁਰਸ਼ਾਂ ਦੇ ਦੱਸੇ ਹੋਏ ਸਾਧਨ ਜਗਿਆਸੂ ਨਹੀਂ ਕਰ ਸਕਦੇ। ਪਹਿਲਾਂ ਤਾਂ ਜਗਿਆਸਾ ਦੀ ਘਾਟ ਹੈ। ਜੋ ਵੀ ਕੋਈ ਪ੍ਰਮੇਸ਼ਰ ਵਲ ਰੁਖ ਕਰਦਾ ਹੈ ਉਸ ਕੋਲ ਮੰਗਾਂ ਦਾ ਸੁਮਾਰ ਨਹੀਂ, ਉਹ ਬੇਅੰਤ ਚੀਜ਼ਾਂ ਮੰਗਦਾ ਹੈ ਕਿਉਂਕਿ ਵਾਹਿਗੁਰੂ ਜੀ ਮੰਗੇ ਤੇ ਦੇ ਦਿੰਦੇ ਹਨ -

***ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥***
***ਪੰਨਾ - 714***
***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਪੰਨਾ - 681***

ਆਦਮੀ ਦਾ ਸੁਭਾਅ ਕੁਝ ਐਸਾ ਬਣਿਆ ਹੈ ਕਿ ਜਦੋਂ ਇਹ ਨੇਤਰਾਂ ਨਾਲ ਕਿਸੇ ਚੀਜ਼ ਨੂੰ ਦੇਖਦਾ ਹੈ ਤਾਂ ਉਸ ਦੀ ਯਾਦ ਅੰਤਸ਼ਕਰਣ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਸੰਸਾਰ ਵਿਚ ਬੇਅੰਤ ਰਸ ਤੇ ਕੁਰਸ ਹਨ ਜਿਹੜੇ ਇਸ ਨੂੰ ਪ੍ਰਮੇਸ਼ਰ ਤੋਂ ਦੂਰ ਰੱਖਣ ਵਿਚ ਸਮਰੱਥ ਹੁੰਦੇ ਹਨ। ਇਸ ਕਰਕੇ ਇਹ ਬਿਰਤੀਆਂ ਹਰ ਵਕਤ ਆਪਣੇ ਵਲ ਨੂੰ ਖਿਚਦੀਆਂ ਰਹਿੰਦੀਆਂ ਹਨ। ਆਦਮੀ ਦੇ ਉਤੇ ਹਰ ਘਟਨਾ ਦਾ, ਹਰ ਵਸਤੂ ਦਾ ਅਸਰ ਹੁੰਦਾ ਹੈ, ਦ੍ਰਿਸ਼ਟਮਾਨ ਦਾ ਅਸਰ ਬਹੁਤ ਛੇਤੀ ਹੋ ਜਾਂਦਾ ਹੈ ਅੰਦਰਲੇ ਜੋ ਜਜ਼ਬੇ ਹਨ, ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ ਦਾ ਅਸਰ ਤਾਂ ਪ੍ਰਤੱਖ ਹੀ ਅਨੁਭਵ ਹੋ ਜਾਂਦਾ ਹੈ, ਕਿਸੇ ਬਾਰੇ ਕੋਈ ਘਟੀਆ ਗੱਲ ਕਹਿ ਦਿਓ ਉਸ ਦੇ ਅੰਦਰ ਧੱਸ ਜਾਵੇਗੀ, ਉਸ ਦੀ ਘਾੜਤ ਵਿਚ ਲੱਗਿਆ ਰਹਿੰਦਾ ਹੈ, ਕਿਉਂਕਿ ਆਦਮੀ ਪ੍ਰਸ਼ੰਸਾ ਚਾਹੁੰਦਾ ਹੈ, ਨੁਕਤਾਚੀਨੀ ਆਦਮੀ ਸਹਾਰ ਨਹੀਂ ਸਕਦਾ ਜਦੋਂ ਤਕ ਇਹ ਦ੍ਵੰਦ ਮਨ ਵਿਚ ਵਸਦੇ ਹਨ ਪ੍ਰਮੇਸ਼ਰ ਵਲ ਜਾਣਾ ਮੁਸ਼ਕਲ ਹੈ।

ਜੋ ਸਾਧਨ ਉਪਰ ਦੱਸੇ ਹਨ ਜਿਸ ਵੇਲੇ ਇਹ ਸਾਧਨ ਕੀਤੇ ਜਾਂਦੇ ਸਨ ਉਸ ਵੇਲੇ ਦੁਨੀਆਂ ਦੇ ਝਮੇਲੇ ਬਹੁਤ ਹੀ ਘੱਟ ਸਨ, ਹੁਣ ਕੋਈ ਵੀ ਜਗਿਆਸੂ ਬਾਬਾ ਫਰੀਦ ਵਾਂਗੂੰ ਤਨ ਸੁਕਾ ਕੇ ਤਪਸਿਆ ਨਹੀਂ ਕਰ ਸਕਦਾ, ਠੰਢੇ ਪਾਣੀਆਂ ਵਿਚ ਨਹੀਂ ਖੜ੍ਹਾ ਰਹਿ ਸਕਦਾ। ਅੱਜਕਲ੍ਹ ਦੇ ਜੋ ਸਾਧੂ ਹਨ ਜੋ ਹੱਠ ਯੋਗ ਵਿਚ ਪਏ ਹੋਏ ਹਨ, ਪੋਹ ਮਾਘ ਦੇ ਦਿਨਾਂ ਵਿਚ ਜਦੋਂ ਜ਼ੀਰੋ ਡਿਗਰੀ ਤੇ ਤਾਪਮਾਨ ਹੁੰਦਾ ਹੈ ਉਹ ਜਲ ਧਾਰੇ ਕਰਦੇ ਹਨ, ਉਹ ਆਪਣੇ ਸਰੀਰ ਨੂੰ ਸਰਦੀ ਤੋਂ ਬਚਾਉਣ ਲਈ ਸਿੰਗਰਫ ਅਤੇ ਬਾਰਾ ਸਿੰਘਾ ਵਗੈਰਾ ਦੇ ਕੁਸ਼ਤੇ ਖਾਂਦੇ


Sri Satguru Jagjit Singh Ji eLibrary NamdhariElibrary@gmail.com

ਹਨ ਜੋ ਸਰੀਰ ਤੇ ਐਨਾ ਪਾਣੀ ਪੈਣ ਤੇ ਹੀ ਹਜ਼ਮ ਹੁੰਦੇ ਹਨ ਨਹੀਂ ਤਾਂ ਅਨੇਕਾਂ ਵਿਕਾਰ ਖੜ੍ਹੇ ਕਰ ਦਿੰਦੇ ਹਨ। ੇਰ ਕੀ ਫਾਇਦਾ ਹੋਇਆ ਦਿਖਾਵਾ ਕਰਨ ਦਾ, ਗੁਰੂ ਮਹਾਰਾਜ ਨੇ ਤਾਂ ਇਸ ਰਸਤੇ ਨੂੰ ਪ੍ਰਵਾਨ ਹੀ ਨਹੀਂ ਕੀਤਾ।

ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਮੇਂ ਵਿਚ ਵੱਡੇ ਵੱਡੇ ਪੀਰਾਂ ਫਕੀਰਾਂ, ਸੰਤਾਂ, ਵਲੀਆਂ, ਯੋਗੀਆਂ ਦੇ ਪਾਸ ਜਾ ਕੇ ਇਨ੍ਹਾਂ ਗੱਲਾਂ ਬਾਰੇ ਚਾਨਣਾ ਪਾਇਆ ਕਿ ਪ੍ਰਮੇਸ਼ਰ ਹਰ ਘਟ ਦੇ ਵਿਚ ਵਿਆਪਕ ਹੈ ਉਹ ਸਤਿ ਹੈ, ਚਿਤ ਹੈ, ਅਨੰਦ ਹੈ, ਨਿਰਾ ਪਿਆਰ ਹੈ, ਉਸ ਨੂੰ ਪਿਆਰ ਕਰੋ, ਉਸ ਨੂੰ ਆਪਣੀ ਯਾਦ ਵਿਚ ਵਸਾਓ। ਉਹ ਤੁਹਾਡੇ ਪਿਆਰ ਤੇ ਖਿੱਚ ਦੇ ਨਾਲ ਤੁਹਾਡੇ ਸੰਪਰਕ ਵਿਚ ਆ ਜਾਵੇਗਾ, ਦੂਸਰਾ ਉਨ੍ਹਾਂ ਨੇ ਇਸ ਗੱਲ ਤੇ ਸਪਸ਼ਟ ਤੌਰ ਤੇ ਜ਼ੋਰ ਦਿਤਾ ਹੈ ਕਿ ਸਮਰੱਥ ਗੁਰੂ ਤੋਂ ਬਗੈਰ ਆਤਮ ਮਾਰਗ ਨਹੀਂ ਲੱਭ ਸਕਦਾ। ਸਮਰੱਥ ਗੁਰੂ ਦੀ ਅਣਹੋਂਦ ਹੈ, ਪਾਖੰਡ ਦਾ ਬੋਲ ਬਾਲਾ ਹੈ, ਗੁਰੂ ਮਹਾਰਾਜ ਨੇ ਤਾਂ ਇਉਂ ਸਪਸ਼ਟ ਕੀਤਾ ਹੈ ਕਿ ਐ ਪ੍ਰੇਮੀਆ! ਐਸਾ ਸਤਿਗੁਰੂ ਟੋਲ੍ਹ ਜੋ ਤੇਰਾ ਜੰਮਣ ਮਰਨ ਦਾ ਚੱਕਰ ਕੱਟ ਦੇਵੇ ਅਤੇ ਚਿੰਤਾ ਨੂੰ ਖਤਮ ਕਰਕੇ ਸਦੀਵੀ ਖੁਸ਼ੀਆਂ ਵਿਚ ਪ੍ਰਵੇਸ਼ ਕਰਾ ਦੇਵੇ।

***ਏ ਮਨ ਐਸਾ ਸਤਿਗੁਰੁ ਖੋਜਿ ਲਹੁ***
***ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ॥***
***ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ॥***
***ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ॥***
***ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ॥***
***ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ***
***ਹਰਿ ਜੀਉ ਕਿਰਪਾ ਕਰੇ ਰਜਾਇ॥ ਪੰਨਾ - 591***

ਗੁਰੂ ਮਹਾਰਾਜ ਜੀ ਜਦੋਂ ਸੁਮੇਰ ਪਰਬਤ ਅਤੇ ਬਰਫਾਨੀ ਪਰਬਤਾਂ ਉਤੇ ਬਹੁਤ ਉਚੀਆਂ ਪਹਾੜੀਆਂ ਤੇ ਸਿੱਧਾਂ ਤੇ ਨਾਥਾਂ ਪਾਸ ਗਏ ਤਾਂ ਉਸ ਵੇਲੇ ਬਹੁਤ ਵੱਡੇ ਵੱਡੇ ਯੋਗੀ ਜਿਨ੍ਹਾਂ ਦੀਆਂ ਉਮਰਾਂ ਉਸ ਸਮੇਂ ਹਜ਼ਾਰਾਂ ਸਾਲਾਂ ਦੀਆਂ ਸਨ ਉਨ੍ਹਾਂ ਨਾਲ ਮਿਲਾਪ ਹੋਇਆ। ਉਨ੍ਹਾਂ ਯੋਗੀਆਂ ਨੇ ਪ੍ਰਾਣਾਯਾਮ ਦੇ ਬਲ ਨਾਲ ਸਮਾਧੀਆਂ ਲਾ ਕੇ ਆਪਣੀਆਂ ਉਮਰਾਂ ਹਜ਼ਾਰਾਂ ਸਾਲ ਵਧਾ ਲਈਆਂ ਸਨ, ਗੁਰੂ ਘਰ ਦੇ ਇਤਿਹਾਸ ਵਿਚ ਕਈ ਸਾਧੂਆਂ ਦਾ ਜ਼ਿਕਰ ਆਉਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਜਦੋਂ ਮਾਲਵੇ ਵਿਚ ਸੰਗਤਾਂ ਦਾ ਉਧਾਰ ਕਰ ਰਹੇ ਸਨ ਤਾਂ ਉਸ ਵੇਲੇ ਇਕ ਪਿੰਡ ਦੀ ਢਾਬ ਕੋਲ ਆਪ ਠਹਿਰੇ। ਉਸ ਪਿੰਡ ਦਾ ਨਾਮ ਯੋਗੀਪੁਰ ਸੀ। ਆਪ ਨੇ ਇਕ ਤਲਾਬ ਦੇ ਕੰਢੇ ਕੈਂਪ ਲਾ ਲਿਆ, ਘੋੜਿਆਂ ਦਾ ਤੇ ਬੰਦਿਆਂ ਦਾ ਕੁਝ ਬੋਲ ਬੁਲਾਰਾ ਹੋਇਆ, ਉਸੇ ਤਲਾਬ ਦੇ ਦੂਜੇ ਪਾਸੇ ਇਕ ਮੱਠ ਸੀ ਜਿਸ ਵਿਚ ਇਕ ਯੋਗੀ ਰਹਿੰਦਾ ਸੀ, ਰੌਲਾ ਗੌਲਾ ਸੁਣ ਕੇ ਉਸ ਨੇ ਆਪਣੇ ਸੇਵਕਾਂ ਨੂੰ ਪੁਛਿਆ ਕਿ ਕੀ ਕਾਰਨ ਹੈ ਕਿ ਇਥੇ ਅੱਜ ਕਾਫੀ ਰੌਣਕ ਹੈ। ਸੇਵਕ ਨੇ ਦੱਸਿਆ ਕਿ ਮਹਾਂਪੁਰਸ਼ੋ! ਇਥੇ ਗੁਰੂ ਨਾਨਕ ਪਾਤਸ਼ਾਹ ਦੀ ਸੰਪਰਦਾ ਵਿਚੋਂ ਦਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਆਏ ਹੋਏ ਹਨ। ਆਪ ਕਿਉਂਕਿ ਯੋਧੇ ਹਨ, ਆਪ ਨੇ ਸੰਸਾਰ ਦਾ ਬੋਝ ਦੂਰ ਕਰਨ ਲਈ ਸ਼ਸ਼ਤਰ ਧਾਰਨ ਕੀਤੇ ਹੋਏ ਹਨ ਇਸ ਕਰਕੇ ਉਨ੍ਹਾਂ ਨਾਲ ਘੋੜੇ ਹਨ, ਫੌਜਾਂ ਹਨ ਉਨ੍ਹਾਂ ਦਾ ਬੋਲ ਬੁਲਾਰਾ ਸੁਣ ਰਿਹਾ ਹੈ। ਉਸ ਯੋਗੀ ਨੇ ਕਿਹਾ ਕਿ ਮੈਨੂੰ ਵਿਸਤਾਰ ਨਾਲ ਦਸੋ। ਉਸ ਪ੍ਰੇਮੀ ਨੇ ਜਿੰਨਾ ਕੁ ਸੁਣਿਆ ਸੀ ਕਿ ਆਪ ਦਾ ਯੁੱਧ ਪਹਾੜੀ ਰਾਜਿਆਂ ਨਾਲ ਵੀ ਹੁੰਦਾ ਹੈ ਅਤੇ ਔਰੰਗਜ਼ੇਬ ਨਾਲ ਵੀ ਚਲਦਾ ਰਿਹਾ ਹੈ, ਉਸ ਬਾਰੇ ਖੋਲ੍ਹ ਕੇ ਦੱਸਿਆ ਅਤੇ ਇਥੋਂ ਤਕ ਦੱਸਿਆ ਕਿ ਆਪ ਨੇ ਆਪਣਾ ਸਰਬੰਸ ਧਰਮ ਨੂੰ ਕਾਇਮ ਰੱਖਣ ਲਈ ਅਤੇ ਦੇਸ਼ ਦੇ ਸ੍ਵੈਮਾਨ ਨੂੰ ਚੜਦੀ ਕਲਾ ਵਿਚ ਰੱਖਣ ਲਈ ਬਲੀਦਾਨ ਕਰ ਦਿਤਾ ਹੈ। ਆਪ ਦੇ ਪਿਤਾ ਜੀ ਗੁਰੂ ਤੇਗ ਬਹਾਦਰ ਸਾਹਿਬ ਜੀ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਇਸ ਗੱਲ ਤੋਂ ਵਰਜ ਰਹੇ ਸਨ ਕਿ ਤੁਸੀਂ ਕਿਸੇ ਦਾ ਧਰਮ ਤਲਵਾਰ ਦੇ ਜ਼ੋਰ ਨਾਲ ਨਾ ਬਦਲਾਓ। ਧਰਮ ਸਾਰੇ ਹੀ ਚੰਗੇ ਹਨ, ਪੂਰਨ ਪੁਰਸ਼ਾਂ ਦੇ ਚਲਾਏ ਹੋਏ ਹਨ, ਇਸਲਾਮ ਵੀ ਠੀਕ ਹੈ ਅਤੇ ਹਿੰਦੂ ਧਰਮ, ਵੈਦਕ ਧਰਮ ਹੈ ਇਹ ਵੀ ਆਪਣੇ ਹਿਸਾਬ ਨਾਲ ਠੀਕ ਹਨ, ਆਪ ਜ਼ੋਰ ਜ਼ਬਰ ਨਾ ਕਰੋ, ਕਤਲਾਮ ਨਾ ਕਰੋ। ਹਿੰਦੂ ਧਰਮ ਨੂੰ ਬਚਾਉਣ ਲਈ ਆਪ ਨੇ ਆਪਣੇ ਸਰੀਰ ਦਾ ਬਲੀਦਾਨ ਦੇ ਦਿਤਾ। ਆਪ ਨੂੰ ਚਾਂਦਨੀ ਚੌਂਕ ਦਿੱਲੀ ਵਿਚ ਸ਼ਹੀਦ ਕਰ ਦਿਤਾ ਜਿਵੇਂ ਕਿ ਫੁਰਮਾਨ ਹੈ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ॥***
***ਕੀਨੋ ਬਡੋ ਕਲੂ ਮਹਿ ਸਾਕਾ॥ ਬਚਿਤ੍ਰ ਨਾਟਕ***

ਇਹ ਗੱਲਾਂ ਸੁਣ ਕੇ ਉਸ ਦੇ ਮਨ ਵਿਚ ਆਇਆ ਕਿ ਮੈਨੂੰ ਐਸੇ ਸਤਿਗੁਰੂ ਦੇ ਦਰਸ਼ਨ ਕਰਾਓ। ਤਿਆਰ ਹੋ ਗਿਆ ਜਦੋਂ ਪਾਲਕੀ ਵਿਚ ਬਿਠਾ ਕੇ ਗੁਰੂ ਮਹਾਰਾਜ ਦੇ ਦਰਬਾਰ ਵਿਚ ਲਿਆਉਣ ਲੱਗੇ ਤਾਂ ਉਸ ਨੇ ਸੁਭਾਵਿਕ ਹੀ ਪੁਛ ਲਿਆ ਕਿ ਗੁਰੂ ਸਾਹਿਬ ਦੀ ਕਿੰਨੀ ਕੁ ਉਮਰ ਹੈ। ਸੇਵਕ ਨੇ ਦੱਸਿਆ ਕਿ ਉਨ੍ਹਾਂ ਦੇ ਸਰੀਰ ਤੋਂ ਪ੍ਰਤੀਤ ਦਿੰਦਾ ਹੈ ਕਿ ਆਪ ਦੀ ਉਮਰ 40 ਕੁ ਸਾਲ ਦੀ ਹੈ। ਉਸ ਨੇ ਕਿਹਾ ਕਿ ਉਹ ਤਾਂ ਬੱਚਾ ਗੁਰੂ ਹੈ, ਉਸ ਨੇ ਯੋਗ ਦੇ ਸਾਧਨ ਕਿਸ ਤਰ੍ਹਾਂ ਪੂਰੇ ਕੀਤੇ ਹੋਣਗੇ। ਐਨੀ ਛੋਟੀ ਉਮਰ ਵਿਚ ਤਾਂ ਨੇਤੀ, ਧੋਤੀ, ਬਸਤੀ, ਤ੍ਰਾਟਕ ਦੇ ਸਾਧਨ ਕਰਨੇ ਔਖੇ ਹਨ, ਨਾ ਹੀ ਐਨੀ ਛੇਤੀ ਅੰਦਰਲੇ ਚੱਕਰ ਭੇਦੇ ਜਾ ਸਕਦੇ ਹਨ। ਕੁੰਡਲਨੀ ਨੂੰ ਜਾਗ੍ਰਤ ਕਰਨ ਤੇ ਹੀ ਬਹੁਤ ਚਿਰ ਲਗ ਜਾਂਦਾ ਹੈ। ਫੇਰ ਅੰਦਰਲੇ ਚੱਕਰ ਮੂਲਧਾਰ ਚੱਕਰ, ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਤ ਚੱਕਰ, ਵਿਸ਼ੁੱਧ ਚੱਕਰ, ਆਗਿਆ ਚੱਕਰ ਤਕ ਪ੍ਰਵੇਸ਼ ਕੀਤਾ ਜਾਂਦਾ ਹੈ, ਤੁਸੀਂ ਕਹਿੰਦੇ ਹੋ ਇਨ੍ਹਾਂ ਦਾ ਸਾਰਾ ਜੀਵਨ ਜੰਗਾਂ ਯੁੱਧਾਂ ਵਿਚ ਲੰਘਿਆ ਹੈ ਫੇਰ ਤਾਂ ਸਾਧਨ ਹੋ ਹੀ ਨਹੀਂ ਸਕਦੇ। ਇਹ ਕਹਿ ਕੇ ਯੋਗੀ ਰੁਕ ਗਿਆ। ਗੁਰੂ ਮਹਾਰਾਜ ਨੂੰ ਵੀ ਪਤਾ ਲੱਗਿਆ ਕਿ ਅਜਿਹੇ ਬਚਨ ਯੋਗੀ ਨੇ ਕੀਤੇ ਹਨ, ਆਪ ਨੇ ਸਹਿਜ ਸੁਭਾਅ ਹੀ ਕਿਹਾ ਕਿ ਇਹ ਯੋਗੀ ਪੁਰਾਣਾ ਖੱਲੜ ਚੁਕੀਂ ਫਿਰਦਾ ਹੈ, ਇਸ ਦੀ ਉਮਰ 5000 ਸਾਲ ਤੋਂ ਉਪਰ ਹੈ। ਇਹ ਗੱਲ ਯੋਗੀ ਕੋਲ ਪਹੁੰਚੀ ਤਾਂ ਉਸ ਨੇ ਕਿਹਾ ਕਿ ਗੁਰੂ ਤਾਂ ਪੂਰਨ ਅੰਤਰਜਾਮੀ ਹਨ ਉਹ ਗੁਰੂ ਮਹਾਰਾਜ ਜੀ ਦੇ ਪਾਸ ਚੱਲ ਕੇ ਆਇਆ, ਪਾਲਕੀ 'ਚ ਬੈਠ ਕੇ ਆਇਆ। ਗੁਰੂ ਮਹਾਰਾਜ ਜੀ ਨੇ ਕਿਹਾ


Sri Satguru Jagjit Singh Ji eLibrary NamdhariElibrary@gmail.com

ਯੋਗੀਰਾਜ! ਉਮਰ ਵਧਾਉਣ ਨਾਲ ਕੁਝ ਨਹੀਂ ਬਣਿਆ ਕਰਦਾ, ਵੱਡੀ ਆਰਜਾ ਧਾਰਨ ਕਰਕੇ ਵੀ ਜੰਮਣ ਮਰਨ ਦਾ ਚੱਕਰ ਖਤਮ ਨਹੀਂ ਹੁੰਦਾ।

*ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥*
*ਪੰਨਾ - 642*

ਉਸ ਵੇਲੇ ਉਸ ਯੋਗੀ ਨੇ ਬੇਨਤੀ ਕੀਤੀ ਕਿ ਹੇ ਪਾਤਸ਼ਾਹ! ਆਪ ਦੇ ਬਚਨ ਬਿਲਕੁਲ ਠੀਕ ਹਨ। ਅਜੇ ਮੈਨੂੰ ਉਹ ਚੀਜ਼ ਪ੍ਰਾਪਤ ਨਹੀਂ ਹੋਈ ਜਿਸਦਾ ਜ਼ਿਕਰ ਵੇਦਾਂ ਵਿਚ ਆਉਂਦਾ ਹੈ, ਅਜੇ ਮੇਰੇ ਮਨ ਦਾ ਭਰਮ ਨਹੀਂ ਟੁਟਿਆ, ਮਾਇਆ ਦੀ ਕਾਈ ਮੇਰੇ ਅੰਦਰੋਂ ਸਾਫ ਨਹੀਂ ਹੋਈ, ਕ੍ਰਿਪਾ ਕਰਕੇ ਮੈਨੂੰ ਬ੍ਰਹਮਗਿਆਨ ਦੀ ਦਾਤ ਬਖਸ਼ੋ। ਉਸ ਵੇਲੇ ਗੁਰੂ ਮਹਾਰਾਜ ਨੇ ਗੁਰਮਤਿ ਮਾਰਗ ਰਾਹੀਂ ਉਸ ਯੋਗੀ ਨੂੰ ਬ੍ਰਹਮ ਦਾ ਸਾਖਸ਼ਾਤਕਾਰ ਕਰਾਇਆ।

ਗੁਰੂ ਨਾਨਕ ਪਾਤਸ਼ਾਹ ਸੁਮੇਰ ਪਰਬਤ ਦੀਆਂ ਉਚੀਆਂ ਚੜ੍ਹਾਈਆਂ ਚੜ੍ਹ ਕੇ ਬਰਫਾਨੀ ਉਚੇ ਪਹਾੜਾਂ ਉਪਰ ਪਹੁੰਚੇ, ਜਿਥੇ ਗੋਰਖਨਾਥ 84 ਸਿੱਧਾਂ ਨਾਲ ਗੁਫਾਵਾਂ ਵਿਚ ਰਹਿ ਰਿਹਾ ਸੀ। ਗੁਰੂ ਮਹਾਰਾਜ ਜੀ ਨੂੰ ਦੇਖ ਕੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਉਪਰ ਬਹੁਤ ਪ੍ਰਸ਼ਨ ਕੀਤੇ। ਜਿਵੇਂ ਕਿ ਭਾਈ ਗੁਰਦਾਸ ਜੀ ਵਿਸਥਾਰ ਨਾਲ ਅੰਕਿਤ ਕਰਦੇ ਹਨ ਕਿ ਹੇ ਨਾਨਕ, ਤੈਨੂੰ ਕਿਹੜੀ ਸ਼ਕਤੀ ਹੈ ਜਿਹੜੀ ਐਨੀਆਂ ਉਚਾਈਆਂ ਤੇ ਲੈ ਆਈ, ਇਸ ਤਕ ਤਾਂ ਮਨੁੱਖ ਦੀ ਪਹੁੰਚ ਹੀ ਨਹੀਂ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਅਸੀਂ ਤੁਹਾਡੇ ਵਾਂਗੂੰ ਸ੍ਵਾਸ ਚਾੜ੍ਹ ਕੇ ਤਾੜੀਆਂ ਨਹੀਂ ਲਾਉਂਦੇ ਕਿਉਂਕਿ ਜੋ ਨਾਮ ਮਾਰਗ ਹੈ ਉਹ ਤੁਹਾਡੇ ਮਾਰਗ ਤੋਂ ਬਿਲਕੁਲ ਹੀ ਵਿਲੱਖਣ ਹੈ ਅਤੇ ਬਹੁਤ ਹੀ ਸਹਿਜ ਹੈ। ਤੁਹਾਡਾ ਮਾਰਗ ਚੀਟੀ ਮਾਰਗ ਹੈ ਜਿਸ ਤੇ ਚੱਲ ਕੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਚੀਟੀ ਉਚੇ ਦਰਖਤ ਦੇ ਫਲ ਤੇ ਪਹੁੰਚ ਵੀ ਜਾਵੇਗੀ ਜਾਂ ਰਸਤੇ ਵਿਚ ਹੀ ਰਹਿ ਜਾਵੇਗੀ। ਨਾਮ ਮਾਰਗ (ਗਿਆਨ) ਸਹਿਜ ਦਾ ਮਾਰਗ ਹੈ ਇਸ ਨੂੰ ਬਿਹੰਗਮ ਮਾਰਗ ਕਿਹਾ ਜਾਂਦਾ ਹੈ। ਇਸ ਵਿਚ ਗੁਰੂ ਉਪਰ ਪੂਰਨ ਵਿਸ਼ਵਾਸ਼, ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਆਪਣੀ ਭਾਵਨਾ ਤੇ ਭਰੋਸੇ ਅਨੁਸਾਰ ਉਚੀ ਤੋਂ ਉਚੀ ਮੰਜ਼ਲ ਤੇ ਪਹੁੰਚਿਆ ਜਾ ਸਕਦਾ ਹੈ। ਅਸੀਂ ਤੁਹਾਡੇ ਵਾਂਗੂੰ ਪ੍ਰਮੇਸ਼ਰ ਨੂੰ ਚੇਤਨ ਤੱਤ ਹੀ ਨਹੀਂ ਕਹਿੰਦੇ ਕਿਉਂਕਿ ਤੁਹਾਡੇ ਫਲਸਫੇ ਵਿਚ, ਸੰਸਾਰ ਵਿਚ ਇਕ ਚੇਤਨ ਤੱਤ ਅਨਾਦੀ ਹੈ, ਦੂਜਾ ਜੜ੍ਹ ਤਤ੍ਹ ਜਿਸਨੂੰ ਪ੍ਰਕਿਰਤੀ ਕਿਹਾ ਜਾਂਦਾ ਹੈ ਉਹ ਅਨਾਦੀ ਹੈ। ਤੁਸੀਂ ਮਾਇਆ (ਪ੍ਰਕਿਰਤੀ) ਨੂੰ ਅਨਾਦੀ ਤੱਤ ਮੰਨਦੇ ਹੋਂ ਅਤੇ ਪ੍ਰਕਿਰਤੀ ਦੇ ਅਵਿਅਕਤ ਰੂਪ ਨੂੰ ਤੁਸੀਂ ਚੇਤਨ ਤੱਤ ਦੇ ਨਾਲ ਹੀ ਰਖਦੇ ਹੋਂ। ਅਸੀਂ ਵਾਹਿਗੁਰੂ ਜੀ ਨੂੰ ਸਰਬ ਕਲਾ ਸਮਰੱਥ ਕਰਨ ਕਾਰਨ ਮੰਨਦੇ ਹਾਂ ਜਿਸ ਦੇ ਇਕ ਫੁਰਨੇ ਦੇ ਨਾਲ ਕ੍ਰੋੜਾਂ ਬ੍ਰਹਿਮੰਡਾਂ ਦੀ ਰਚਨਾ ਹੋਈ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥* *ਪੰਨਾ - 3*

ਅਤੇ

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* *ਪੰਨਾ - 463*

ਅਸੀਂ ਵਾਹਿਗੁਰੂ ਜੀ ਨੂੰ ਸਦਾ ਸਦਾ ਦਇਆਲ ਮੰਨਦੇ ਹਾਂ। ਉਹ ਪਿਆਰ ਦਾ ਰੂਪ ਹੈ, ਅਸੀਂ ਉਸਨੂੰ ਕੇਵਲ ਸਚਿਦਾਨੰਦ ਹੀ ਨਹੀਂ ਕਹਿੰਦੇ ਉਹ ਪ੍ਰਿਅ ਵੀ ਹੈ, ਉਹ ਪਿਆਰ ਕਰਕੇ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ, ਸਾਰੀ ਸ੍ਰਿਸ਼ਟੀ ਦੀ ਉਤਪਤੀ ਉਸ ਤੋਂ ਹੀ ਹੋਈ ਹੈ, ਉਹ ਸ੍ਰਿਸ਼ਟੀ ਵਿਚ ਹੈ ਅਤੇ ਸ੍ਰਿਸ਼ਟੀ ਉਹ ਦੇ ਵਿਚ ਹੈ, ਉਹ ਏਕੰਕਾਰ ਜੀ ਪਿਆਰ ਕਰਦੇ ਹਨ, ਆਪਣੇ ਭਗਤਾਂ ਦੀ ਰਾਖੀ ਕਰਦੇ ਹਨ ਅਸੀਂ ਉਨ੍ਹਾਂ ਦੀ ਹਜ਼ੂਰੀ ਹਰ ਵਕਤ ਅਨੁਭਵ ਕਰਦੇ ਹਾਂ, ਗੁਰੂ ਦਾ ਦਿਤਾ ਹੋਇਆ ਸ਼ਬਦ ਜਪਦੇ ਰਹਿੰਦੇ ਹਾਂ ਨਾਥ ਜੀ! ਉਸ ਦੀ ਹਜ਼ੂਰੀ ਹਰ ਵਕਤ ਮਨ ਵਿਚ ਵਸ ਜਾਵੇ, ਉਸ ਦੀ ਧੁਨ ਹਰ ਵਕਤ ਅੰਦਰ ਚਲਦੀ ਰਹੇ ਤਾਂ ਰਿੱਧੀਆਂ ਸਿੱਧੀਆਂ ਪਿਛੇ ਆਪੇ ਹੀ ਲੱਗੀਆਂ ਫਿਰਦੀਆਂ ਹਨ -

*ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ।।* *ਪੰਨਾ - 649*

*ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ॥*
*ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ*
*ਗੁਰ ਕੈ ਸਹਜਿ ਸੁਭਾਈ॥* *ਪੰਨਾ - 637*

ਅਸੀਂ ਰਿਧ ਸਿੱਧ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਕਿਉਂਕਿ ਰਿੱਧ ਸਿੱਧ ਮੋਹ ਵਿਚ ਫਸਾਉਂਦੀ ਹੈ, ਮਨ ਦੇ ਹਠ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਤੀਜੇ ਪਾਤਸ਼ਾਹ ਫੁਰਮਾਨ ਕਰਦੇ ਹਨ -

*ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥*
*ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥*
*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*
*ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥*
*ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥*
*ਪੰਨਾ - 593*

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਨਾਥ ਜੀ! ਰਿੱਧੀਆਂ ਸਿੱਧੀਆਂ ਪ੍ਰਾਪਤ ਕਰਕੇ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਅਜਿਹੇ ਅਨੇਕਾਂ ਬਚਨ ਤੱਤ ਗਿਆਨ ਦੇ ਸੁਣ ਕੇ ਸਿੱਧਾਂ ਨੇ ਕਿਹਾ, ਹੇ ਨਾਨਕ ਜੀ, ਤੁਸੀਂ ਭਾਰਤ ਵਰਸ਼ ਦੇ ਮੈਦਾਨਾਂ ਵਿਚੋਂ ਆਏ ਹੋ, ਉਥੇ ਕੀ ਵਰਤਾਰਾ ਚਲ ਰਿਹਾ ਹੈ, ਆਪਸ ਵਿਚ ਉਨ੍ਹਾਂ ਨੇ ਵਿਚਾਰ ਕੀਤੀ ਕਿ ਜੇ ਕਿਤੇ ਗੁਰੂ ਨਾਨਕ ਸਾਡੇ ਪੰਥ ਵਿਚ ਆ ਜਾਵੇ ਤਾਂ ਅਸਾਡਾ ਪੰਥ ਕਲਜੁਗ ਵਿਚ ਬਹੁਤ ਫੈਲ ਜਾਵੇਗਾ। ਉਸ ਵੇਲੇ ਗੋਰਖਨਾਥ ਨੇ ਕਿਹਾ ਕਿ ਨਾਨਕ ਦੀਆਂ ਗੱਲਾਂ ਤਾਂ ਠੀਕ ਹਨ ਪਰ ਅਸੀਂ ਜੇ ਇਸ ਨੂੰ ਸ਼ਕਤੀਆਂ ਦਾ ਝਲਕਾਰਾ ਦਿਖਾਈਏ ਤਾਂ ਹੋ ਸਕਦਾ ਹੈ ਕਿ ਇਹ ਸਾਡੇ ਪੰਥ ਵਿਚ ਆ ਜਾਵੇ, ਉਸ ਵੇਲੇ ਉਸ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕਿਹਾ ਕਿ ਪਹਾੜੀ ਦੀ ਜੜ੍ਹ ਵਿਚ ਇਕ ਤਾਲ ਪਾਣੀ ਦਾ ਭਰਿਆ ਪਿਆ ਹੈ, ਤੁਸੀਂ



Sri Satguru Jagjit Singh Ji eLibrary NamdhariElibrary@gmail.com

ਹੇਠਾਂ ਜਾ ਕੇ ਇਕ ਚਿੱਪੀ ਪਾਣੀ ਦੀ ਭਰ ਲਿਆਓ। ਗੁਰੂ ਨਾਨਕ ਪਾਤਸ਼ਾਹ ਤਾਲ ਦੇ ਕੰਢੇ ਆਉਂਦੇ ਹਨ, ਕੀ ਦੇਖਦੇ ਹਨ ਕਿ ਉਥੇ ਤਾਲ ਤਾਂ ਹੈ ਹੀ ਨਹੀਂ, ਉਥੇ ਹੀਰੇ ਲਾਲ ਜਵਾਹਰਾਤ ਅਨੇਕਾਂ ਪੱਥਰ ਝਿਲਮਿਲ ਝਿਲਮਿਲ ਕਰ ਰਹੇ ਹਨ। ਗੋਰਖਨਾਥ ਨੇ ਮਾਇਆ ਦਾ ਪੂਰਾ ਵਰਤਾਰਾ ਉਥੇ ਵਰਤਾਇਆ ਪਰ ਗੁਰੂ ਨਾਨਕ ਦੇ ਅੱਗੇ ਕੋਈ ਪੇਸ਼ ਨਾ ਗਈ, ਉਹ ਰਿਧੀ ਸਿੱਧੀ ਸਾਰੀ ਛੁਪ ਗਈ। ਉਥੇ ਪਾਣੀ ਦਾ ਨਾਮ ਨਿਸ਼ਾਨ ਨਾ ਰਿਹਾ। ਆਪ ਨੇ ਵਾਪਸ ਆ ਕੇ ਕਿਹਾ ਕਿ ਪਾਣੀ ਤਾਂ ਹੈ ਹੀ ਨਹੀਂ, ਉਥੇ ਤੁਸੀਂ ਜੋ ਮਾਇਆ ਦਾ ਪ੍ਰਭਾਵ ਵਰਤਾਇਆ ਸੀ ਉਹ ਵੀ ਨਹੀਂ ਰਿਹਾ। ਅਖੀਰ ਸਿੱਧਾਂ ਨੂੰ ਮੰਨਣਾ ਪਿਆ ਕਿ ਸਚਮੁੱਚ ਕਲਜੁਗ ਵਿਚ ਨਾਮ ਸੁਖਾਲਾ ਹੈ ਜਿਸ ਨੂੰ ਬਿਹੰਗਮ ਮਾਰਗ ਕਿਹਾ ਹੈ, ਭਾਈ ਗੁਰਦਾਸ ਜੀ ਨੇ ਸੰਖੇਪ ਵਿਚ ਕਿਹਾ ਹੈ –

***ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ॥***
***ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ॥***
***ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਨਿ ਉਠਿ ਚਾਲਾ॥***
***ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ॥***
***ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ॥***
***ਫਿਰਿ ਆਇਆ ਗੁਰ: ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ॥***
***ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਨਾ ਪੰਥੁ ਨਿਰਾਲਾ॥***
***ਕਲਿਜੁਗਿ ਨਾਨਕ ਨਾਮੁ ਸੁਖਾਲਾ॥***

***ਭਾਈ ਗੁਰਦਾਸ ਜੀ, ਵਾਰ 1/31***

ਮਹਾਂਪੁਰਸ਼ ਐਸਾ ਦਸਿਆ ਕਰਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਜੇ ਹੁਣ ਤੁਹਾਨੂੰ ਪਾਣੀ ਦੀ ਪਿਆਸ ਲਗ ਜਾਵੇ ਅਤੇ ਪਾਣੀ ਨਾ ਮਿਲੇ ਫੇਰ ਤੁਸੀਂ ਕੀ ਕਰੋਂ? ਤੁਹਾਡੇ ਹੀਰੇ ਜਵਾਹਾਰਤ ਪਿਆਸ ਨਹੀਂ ਬੁਝਾ ਸਕਦੇ ਅਤੇ ਸਾਰੇ ਹੀਰੇ ਜਵਾਹਾਰਾਤ ਇਕ ਪਾਣੀ ਦੇ ਗਿਲਾਸ ਦੀ ਕੀਮਤ ਤੋਂ ਘਟ ਹਨ ਕਿਉਂਕਿ ਇਹ ਇਕ ਪਿਆਸੇ ਆਦਮੀ ਦੀ ਜਾਨ ਨਹੀਂ ਬਚਾ ਸਕਦੇ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਨਾਥ ਜੀ! ਇਨ੍ਹਾਂ ਖੇਡਾਂ ਨਾਲ ਕੁਝ ਨਹੀਂ ਹੋਣਾ, ਇਹ ਖੇਡਾਂ ਮਾਇਕ ਹਨ, ਨਾਟਕ ਚੇਟਕ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।*** ***ਬਚਿਤ੍ਰ ਨਾਟਕ***

ਸਾਡਾ ਮਾਰਗ ਤਾਂ ਸਹਿਜ ਦਾ ਹੈ, ਇਹ ਨਾਮ ਮਾਰਗ ਹੈ, ਨਾਮ ਨਾਮੀ ਨਾਲ ਅਭੇਦ ਹੈ ਸਾਡੇ ਮਾਰਗ ਵਿਚ ਗੁਰੂ ਤੇ ਭਰੋਸਾ, ਸ਼ਬਦ ਤੇ ਭਰੋਸਾ, ਸ਼ਬਦ ਦਾ ਜਾਪ ਤੇ ਵਾਹਿਗੁਰੂ ਦੀ ਯਾਦ ਹਰ ਸਮੇਂ ਹਿਰਦੇ ਵਿਚ ਵਸਾਉਣਾ ਅਤੇ ਉਸ ਨੂੰ ਆਪਣੀ ਸ੍ਰਿਸ਼ਟੀ ਵਿਚ ਰਚਿਆ ਹੋਇਆ ਦੇਖਣਾ, ਮਾਇਕ ਦ੍ਰਿਸ਼ਟੀ ਬੰਦ ਕਰਕੇ ਬ੍ਰਹਮ ਦ੍ਰਿਸ਼ਟੀ ਰਾਹੀਂ ਹਰ ਘਟ ਵਿਚ ਪ੍ਰਭੂ ਨੂੰ ਦੇਖਣਾ ਜੋ ਬਿਲਕੁਲ ਸਤਿ ਅਵਸਥਾ ਹੈ। ਇਸ ਨੂੰ ਅਸੀਂ ਨਾਮ ਮਾਰਗ ਕਹਿੰਦੇ ਹਾਂ। ਉਹ ਵਾਹਿਗੁਰੂ ਜੀ ਸ੍ਰਿਸ਼ਟੀ ਦੇ ਬਣਨ ਤੋਂ ਪਹਿਲਾਂ ਵੀ ਸਤਿ ਸੀ, ਜਦੋਂ ਸ੍ਰਿਸ਼ਟੀ ਆਰੰਭ ਹੋਈ ਉਸ ਵੇਲੇ ਵੀ ਸਤਿ ਸੀ, ਜਦੋਂ ਸਮਾਂ ਤੇ ਸਥਾਨ ਬਣਿਆ ਉਸ ਵੇਲੇ ਵੀ ਆਪ ਸੀ, ਹੁਣ ਵੀ ਉਹ ਆਪ ਹੈ, ਅੱਗੇ ਨੂੰ ਵੀ ਆਪ ਹੀ ਹੋਵੇਗਾ। ਨਾਥ ਜੀ! ਉਹ ਪ੍ਰਭੂ ਆਪੇ ਹੀ ਆਪਣਾ ਵਿਸਥਾਰ ਕਰ ਲੈਂਦਾ ਹੈ ਉਸ ਤੋਂ ਬਗੈਰ ਨਾ ਕੋਈ ਮਾਇਆ ਹੈ, ਨਾ ਛਾਇਆ ਹੈ ਕੇਵਲ ਉਹ ਪਿਆਰਾਂ ਦਾ ਮਾਲਕ ਪਿਆਰ ਵਿਚ ਖੇਲ੍ਹ ਕਰ ਰਿਹਾ ਹੈ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***

***ਜਾਪੁ ਸਾਹਿਬ***

ਜਦੋਂ ਅਸੀਂ ਸਾਧਨ ਪੱਖ ਲੈਂਦੇ ਹਾਂ ਤਾਂ ਇਸ ਜੀਵ ਨੂੰ ਮਾਇਆ ਦੇ ਬੰਧਨਾਂ ਤੋਂ ਕੱਢਣ ਲਈ ਪ੍ਰਭੂ ਦੀ ਸਦੀਵੀ ਯਾਦ ਵਾਸਤੇ ਗੁਰਮੰਤ੍ਰ ਦਿਤਾ ਜਾਂਦਾ ਹੈ, ਉਹ ਮਾਲਾ ਦੀ ਮਦਦ ਨਾਲ ਜਾਪ ਕਰਦਾ ਹੈ। ਨਾਮ ਚਾਰ ਬਾਣੀਆਂ ਦੇ ਰਾਹੀਂ ਜਪਦੇ ਹਾਂ। ਪਹਿਲਾਂ ਬੈਖਰੀ ਤੇ ਫੇਰ ਮਧਮਾ, ਪਸੰਤੀ ਤੇ ਪਰਾ ਰਾਹੀਂ ਅਵਸਥਾ ਦੇ ਮੁਤਾਬਿਕ ਵਾਹਿਗੁਰੂ ਮੰਤਰ ਦਾ ਜਾਪ ਕਰਦਾ ਰਹਿੰਦਾ ਹੈ। ਜਿਉਂ ਜਿਉਂ ਬਿਰਤੀ ਇਕਾਗਰ ਹੁੰਦੀ ਜਾਂਦੀ ਹੈ ਤਿਉਂ ਤਿਉਂ ਫਲ ਵਧਦਾ ਜਾਂਦਾ ਹੈ। ਮਧਮਾ ਬਾਣੀ ਵਿਚ ਨਾਮ ਜਪਣ ਨਾਲ ਬੈਖਰੀ ਤੋਂ ਦੱਸ ਗੁਣਾ ਵਧ ਫਲ ਹੁੰਦਾ ਹੈ। ਮੱਧਮਾ ਤੋਂ ਪਸੰਤੀ ਵਿਚ ਫਲ ਫੇਰ ਦਸ ਗੁਣਾਂ ਫਲ ਵਧ ਜਾਂਦਾ ਹੈ। ਇਸ ਤੋਂ ਅੱਗੇ ਪਰਾ ਬਾਣੀ ਰਾਹੀਂ ਨਾਮ ਜਪਣ ਨਾਲ ਪਸੰਤੀ ਤੋਂ ਦਸ ਗੁਣਾ ਫਲ ਹੋਰ ਵਧ ਜਾਂਦਾ ਹੈ। ਪਰਾ ਬਾਣੀ ਫੁਰਨਿਆਂ ਤੋਂ ਉਪਰ ਮਹਾਨ ਇਕਾਗਰਤਾ ਦੀ ਬਾਣੀ ਹੁੰਦੀ ਹੈ। ਇਹ ਨਾਮ ਜਪਦੇ ਹੋਏ ਕੇਵਲ ਜਾਪ ਹੀ ਨਹੀਂ ਹੋਇਆ ਕਰਦਾ ਇਸ ਵਿਚ ਅੰਦਰਲੀਆਂ ਗੁਪਤ ਖੇਡਾਂ ਵੀ ਨਜ਼ਰ ਆਉਂਦੀਆਂ ਹਨ, ਜੋਤੀਆਂ ਨਜ਼ਰ ਆਉਂਦੀਆਂ ਹਨ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਆਇਆ ਹੈ –

***ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ॥***
***ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ॥***
***ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ***
***ਅਹਿਨਿਸ ਦੇਖਿ ਬੀਚਾਰਿਆ॥***
***ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧ ਬਿਖੁ ਮਾਰਿਆ॥***
***ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥***
***ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ॥***

***ਪੰਨਾ – 1110***

ਬਿਜਲੀ ਵਾਂਗ ਲਿਸ਼ਕਾਰਾ ਪੈਂਦਾ ਹੈ। ਚੰਦ, ਸੂਰਜ, ਤਾਰੇ ਸਾਰੇ ਨਜ਼ਰ ਆਉਂਦੇ ਹਨ ਅਤੇ ਅਨੇਕ ਕਿਸਮ ਦੇ ਪ੍ਰਕਾਸ਼ ਦਿੰਦੇ ਹਨ –

***ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ॥***

***ਪੰਨਾ – 700***

ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਨਾਲ ਵੀ ਅਗਿਆਨ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ ਪਰ ਨਾਮ ਜਪ ਕੇ ਕਰੋੜਾਂ ਸੂਰਜਾਂ ਤੋਂ ਵੀ ਵੱਧ ਚਾਨਣਾ ਹੋ ਜਾਂਦਾ ਹੈ ਅਤੇ ਅਗਿਆਨ ਦਾ ਜੋ ਹਨ੍ਹੇਰਾ ਸੁਰਤ ਵਿਚ ਪਿਆ ਹੋਇਆ ਹੈ ਉਹ ਦੂਰ ਹੋ ਕੇ ਹਰ ਥਾਂ ਦੇ ਉਤੇ ਵਾਹਿਗੁਰੂ ਜੀ ਦ੍ਰਿਸ਼ਟੀਗੋਚਰੇ ਹੁੰਦੇ ਹਨ, ਸਭ ਕੁਝ ਵਾਹਿਗੁਰੂ ਜੀ ਹੀ ਨਜ਼ਰ ਆਉਣ ਲਗ ਜਾਂਦੇ ਹਨ ਅਤੇ ਇਸ ਪ੍ਰਕਾਸ਼ ਦੇ ਹੁੰਦਿਆਂ ਸੰਸਾਰ ਵਿਚ ਜੀਵ ਨਜ਼ਰ ਨਹੀਂ ਆਉਂਦੇ ਸਗੋਂ ਇਸ ਦੀ ਥਾਂ ਹਰ ਪਾਸੇ ਪ੍ਰਭੂ ਹੀ ਦ੍ਰਿਸ਼ਟੀ ਆਉਂਦਾ ਹੈ–

***ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ।।***



Sri Satguru Jagjit Singh Ji eLibrary NamdhariElibrary@gmail.com

***ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ॥***
***ਪੰਨਾ - 700***

ਪ੍ਰਭੂ ਦੀ ਜੋਤ ਅੰਦਰ ਪ੍ਰਗਟ ਹੋ ਜਾਂਦੀ ਹੈ। ਭਰਮ ਦਾ ਹਨ੍ਹੇਰਾ ਕੱਟ ਕੇ ਪ੍ਰਕਾਸ਼ ਹੋ ਜਾਂਦਾ ਹੈ -

***ਪ੍ਰਗਟਿਆ ਸੂਰੁ ਜੋਤਿ ਉਜੀਆਰਾ॥***
***ਸੇਜ ਵਿਛਾਈ ਸਰਧ ਅਪਾਰਾ॥ ਪੰਨਾ - 737***

ਵੈਸੇ ਬੰਦਗੀ ਕਰਦੇ ਹੋਏ ਨਛੱਤਰ, ਤਾਰਾ ਮੰਡਲ, ਚੰਦ, ਸੂਰਜ ਆਦਿ ਬੰਦਗੀ ਕਰਨ ਵਾਲਿਆਂ ਨੂੰ ਸ਼ੌਕ ਵਾਲਿਆਂ ਨੂੰ ਨਜ਼ਰ ਆਇਆ ਕਰਦੇ ਹਨ। ਪੰਜ ਕਿਸਮ ਦੇ ਸ਼ਬਦ ਵੀ ਸੁਣਾਈ ਦਿੰਦੇ ਹਨ, ਜਿਨ੍ਹਾਂ ਨੂੰ ਪੰਚ ਸ਼ਬਦ ਕਹਿੰਦੇ ਹਨ। ਪੂਰਾ ਸਤਿਗੁਰੂ ਉਹ ਹੁੰਦਾ ਹੈ ਜੋ ਇਸ ਸਰੀਰ ਦੇ ਅੰਦਰ ਵਾਹਿਗੁਰੂ ਦੇ ਤਖਤ ਤਕ ਪਹੁੰਚਾ ਦੇਵੇ ਜਿਵੇਂ ਕਿ ਬਚਨ ਆਉਂਦਾ ਹੈ-

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਪੰਨਾ - 1291***

ਐਸੀਆਂ ਅਵਸਥਾਵਾਂ ਭਜਨ ਬੰਦਗੀ ਵਿਚ ਸਹਿਜ ਸੁਭਾਅ ਆ ਜਾਇਆ ਕਰਦੀਆਂ ਹਨ, ਨਾ ਹੀ ਪਤਾ ਲਗਦਾ ਹੈ ਕਿ ਨਾਮ ਜਪ ਰਿਹਾ ਹੈ ਅਤੇ ਅੰਦਰਲੀਆਂ ਅਵਸਥਾਵਾਂ ਦਾ ਅਨੰਦ ਮਾਣ ਰਿਹਾ ਹੈ।

***ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ॥***
***ਪੰਨਾ - 672***

***ਤਪਿਤ ਬੁਝੀ ਸੀਤਲ ਆਘਾਨੇ***
***ਸੁਨਿ ਅਨਹਦ ਬਿਸਮ ਭਏ ਬਿਸਮਾਦ॥ ਪੰਨਾ - 1217***

ਐਨਾ ਅਨੰਦ ਆਉਂਦਾ ਹੈ ਕਿ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਵਾਹਿਗੁਰੂ ਮੰਤਰ ਦਾ ਭੇਤ ਖੁਲ੍ਹਣ ਲਗ ਜਾਂਦਾ ਹੈ ਕਿਉਂਕਿ ਇਹ ਮੰਤਰ ਨਿਰਗੁਣ ਅਤੇ ਸਰਗੁਣ ਪ੍ਰਮੇਸ਼ਰ ਦੇ ਦੋਹਾਂ ਰੂਪਾਂ ਵਾਸਤੇ ਹੈ। ਜਦੋਂ ਨਿਰਗੁਣ ਰੂਪ ਦਾ ਝਲਕਾਰਾ ਵਜਦਾ ਹੈ, ਉਸ ਵੇਲੇ ਬਹੁਤ ਹੀ ਵਿਸਮਾਦ ਦੀ ਅਵਸਥਾ ਹੁੰਦੀ ਹੈ ਅਤੇ ਸਰਗੁਣ ਸਰੂਪ ਵਿਚ ਅੰਧੇਰੇ ਨੂੰ ਦੂਰ ਕਰਨ ਵਾਲਾ, ਮਾਇਆ ਤੋਂ ਨਿਰਲੇਪ, ਪੂਰਨ ਰੂਪ ਵਿਚ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਕੋਈ ਅੱਲਾਹ ਹੂ ਦਾ ਜਾਪ ਕਰਦਾ ਹੈ, ਕੋਈ ਹਰੇ ਰਾਮ, ਹਰੇ ਗੋਬਿੰਦ ਅਨੇਕਾਂ ਕਿਸਮ ਦੇ ਜਾਪ ਹਨ। ਜਿਸ ਤਰ੍ਹਾਂ ਦਾ ਵੀ ਸਮਰੱਥ ਗੁਰੂ ਨੇ ਗੁਰਮੰਤਰ ਦੇ ਦਿਤਾ, ਉਸ ਦੀ ਕਮਾਈ ਨਾਲ ਆਦਮੀ ਉਚੀਆਂ ਉਡਾਰੀਆਂ ਮਾਣਦਾ ਹੈ।

ਸੋ ਪ੍ਰਹਿਲਾਦ ਜੀ ਦੀ ਗੱਲ ਚਲ ਰਹੀ ਸੀ, ਪ੍ਰਹਿਲਾਦ ਜੀ ਆਪਣੇ ਅੰਦਰ ਪਸੰਤੀ ਬਾਣੀ ਵਿਚ ਨਾਮ ਜਪ ਰਹੇ ਹਨ ਜਿਸ ਨੂੰ ਕਿਹਾ ਗਿਆ ਹੈ -

***ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ।***
***ਭਾਈ ਗੁਰਦਾਸ ਜੀ, ਵਾਰ 10/2***

ਅਨਹਦ ਸ਼ਬਦਾਂ ਦੀ ਧੁਨ ਵਿਚ ਬਿਰਤੀ ਇਕਾਗਰ ਕਰਕੇ ਨਾਮ ਧੁਨ ਚਲ ਰਹੀ ਹੈ। ਇਹ ਹਾਲਤ ਦੇਖ ਕੇ ਸੰਡਾ ਅਤੇ ਮਾਰਕਾ ਜੋ ਉਸਤਾਦ ਸਨ ਜਿਨ੍ਹਾਂ ਨੂੰ ਸਖਤ ਹੁਕਮ ਦਿਤਾ ਗਿਆ ਸੀ ਕਿ ਕਿਸੇ ਨੇ ਵੀ ਪ੍ਰਮੇਸ਼ਰ ਦਾ ਨਾਮ ਨਹੀਂ ਜਪਣਾ, ਤੁਸੀਂ ਵਿਦਿਆ ਮੰਦਰਾਂ ਵਿਚ ਜੋ ਵੀ ਪੜ੍ਹਾਈ ਕਰਾਉਣੀ ਹੈ ਉਸ ਪ੍ਰਮੇਸ਼ਰ ਦੀ ਥਾਂ ਮੇਰੀ ਸ਼ਕਤੀ ਹੀ ਯਾਦ ਕਰਾਉਣੀ ਹੈ। ਪਰ ਪ੍ਰਹਿਲਾਦ ਖੁਦ ਵੀ ਨਾਮ ਜਪਦਾ ਹੈ ਅਤੇ ਸਾਰੇ ਸਾਥੀਆਂ ਨੂੰ ਵੀ ਨਾਮ ਜਪਾਉਂਦਾ ਹੈ। ਸੰਡਾ ਮਾਰਕਾ ਨੇ ਸਮਝਾਉਣ ਦਾ ਯਤਨ ਕੀਤਾ ਪਰ ਸਾਰੇ ਚਾਟੜੇ ਭਗਤੀ ਕਰ ਰਹੇ ਹਨ ਅਤੇ ਆਪਣੇ ਉਸਤਾਦਾਂ ਦਾ ਕੋਈ ਕਹਿਣਾ ਨਹੀਂ ਮੰਨ ਰਹੇ ਜਿਵੇਂ ਕਿ -

***ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ॥***
***ਭਾਈ ਗੁਰਦਾਸ ਜੀ, ਵਾਰ 10/2***

ਉਸ ਵੇਲੇ ਉਨ੍ਹਾਂ ਨੇ ਜਾ ਕੇ ਪੁਕਾਰ ਕੀਤੀ ਕਿ ਮਹਾਰਾਜ, ਪ੍ਰਹਿਲਾਦ ਜੀ ਅੱਗੇ ਅਸੀਂ ਹਾਰ ਗਏ ਹਾਂ, ਉਹ ਜੋ ਗਣਿਤ ਦੀ ਮੁਹਾਰਨੀ ਛੱਡ ਕੇ ਈਸ਼ਵਰ ਦੇ ਨਾਮ ਦੀ ਮੁਹਾਰਨੀ ਬੋਲਦਾ ਹੈ ਅਤੇ ਸਾਰੇ ਚਾਟੜੇ ਉਸ ਦੇ ਪਿਛੇ ਬੋਲਦੇ ਹਨ। ਫੁਰਮਾਨ ਆਉਂਦਾ ਹੈ ਕਿ -

***ਸੰਡਾ ਮਰਕਾ ਸਭਿ ਜਾਇ ਪੁਕਾਰੇ॥***
***ਪ੍ਰਹਿਲਾਦ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ॥***
***ਪੰਨਾ - 1133***

ਰਾਜੇ ਪਾਸ ਜਾ ਕੇ ਰੋ ਰੋ ਬੇਨਤੀ ਕੀਤੀ ਜਾਂਦੀ ਹੈ, ਭਾਈ ਗੁਰਦਾਸ ਜੀ ਅੰਕਿਤ ਕਰਦੇ ਹਨ -

***ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ॥***
***ਭਾਈ ਗੁਰਦਾਸ ਜੀ, ਵਾਰ 10/2***

ਸੰਡਾ ਮਾਰਕਾ ਪ੍ਰਹਿਲਾਦ ਦੇ ਪਿਤਾ ਨੂੰ ਦਸ ਰਹੇ ਹਨ ਕਿ ਤੁਹਾਡਾ ਆਪਣਾ ਪੁੱਤਰ ਹੀ ਤੁਹਾਡੇ ਹੁਕਮ ਦੀਆਂ ਧੱਜੀਆਂ ਉਡਾ ਰਿਹਾ ਹੈ। ਹਰਨਾਖਸ਼ ਕਹਿਣ ਲੱਗਿਆ, ਹੈਂ ਮੇਰਾ ਪੁੱਤਰ ਇਸ ਤਰ੍ਹਾਂ ਦੀ ਉਲੰਘਣਾ ਕਰ ਰਿਹਾ ਹੈ? ਤੁਸੀਂ ਉਸ ਨੂੰ ਸਮਝਾਵੋ ਕਿ ਬਹੁਤ ਸਖਤ ਦੰਡ ਦਿਤੇ ਜਾਣਗੇ। ਸੰਡਾ ਮਾਰਕਾ ਕਹਿਣ ਲੱਗੇ ਕਿ ਉਹ ਸਾਡੀ ਪੜ੍ਹਾਈ ਤਾਂ ਪੜ੍ਹਦਾ ਹੀ ਨਹੀਂ, ਅੱਖਾਂ ਮੀਚ ਕੇ ਬੈਠਾ ਰਹਿੰਦਾ ਹੈ ਤੇ ਜਦੋਂ ਅਸੀਂ ਪਾਸੇ ਹੋ ਜਾਂਦੇ ਹਾਂ ਉਸੇ ਵੇਲੇ ਰਾਮ-ਰਾਮ ਦੀ ਧੁਨ ਉਚਾਰਨੀ ਸ਼ੁਰੂ ਕਰ ਦਿੰਦਾ ਹੈ ਅਤੇ ਸਾਰੇ ਬੱਚੇ ਉਚੀ ਆਵਾਜ਼ ਵਿਚ ਉਸ ਨਾਲ ਬੋਲਦੇ ਹਨ 'ਓਮੰ ਨਮੋ ਭਗਵਤੇ ਵਾਸੂ ਦੇਵ੍ਹਾ'। ਅਸੀਂ ਬਹੁਤ ਹੈਰਾਨ ਤੇ ਪਰੇਸ਼ਾਨ ਹੋ ਚੁੱਕੇ ਹਾਂ ਉਹ ਆਪ ਤਾਂ ਵਿਗੜਿਆ ਹੀ ਸੀ ਪਰ ਉਸ ਨੇ ਤਾਂ ਸਾਰੇ ਚਾਟੜੇ ਹੀ ਵਿਗਾੜ ਦਿਤੇ ਹਨ।

***ਪ੍ਰਹਲਾਦਿ ਸਭਿ ਚਾਟੜੇ ਵਿਗਾਰੇ॥***
***ਹਮਾਰਾ ਕਹਿਆ ਨ ਸੁਣੈ ਆਪਨੇ ਕਾਰਜ ਸਵਾਰੇ॥***
***ਸਭ ਨਗਰੀ ਮਹਿ ਭਗਤਿ ਦ੍ਰਿੜਾਈ॥***
***ਦੁਸਟ ਸਭਾ ਕਾ ਕਿਛੁ ਨ ਵਸਾਈ॥***
***ਸੰਡੈ ਮਰਕੈ ਕੀਈ ਪੂਕਾਰ॥***
***ਸਭੇ ਦੈਤ ਰਹੇ ਝਖ ਮਾਰਿ॥***
***ਭਗਤ ਜਨਾ ਕੀ ਪਤਿ ਰਾਖੈ ਸੋਈ॥***
***ਕੀਤੇ ਕੈ ਕਹਿਐ ਕਿਆ ਹੋਈ॥***
***ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ॥***



Sri Satguru Jagjit Singh Ji eLibrary NamdhariElibrary@gmail.com

*ਹਰਿ ਨ ਬੂਝੈ ਤਿਨਿ ਆਪਿ ਭੁਲਾਇਆ॥*
*ਪੁਤ੍ਰ ਪ੍ਰਹਿਲਾਦ ਸਿਉ ਵਾਦੁ ਰਚਾਇਆ॥*
*ਅੰਧਾ ਨ ਬੂਝੈ ਕਾਲੁ ਨੇੜੈ ਆਇਆ॥ ਪੰਨਾ - 1154*

ਸਾਧਸੰਗਤ ਜੀ! ਪ੍ਰਮੇਸ਼ਰ ਦਾ ਨਾਮ ਐਸਾ ਹੈ ਕਿ ਜਿਸਨੂੰ ਨਾਮ ਦਾ ਰਸ ਆ ਜਾਂਦਾ ਹੈ ਉਹ ਛੱਡ ਨਹੀਂ ਸਕਿਆ ਕਰਦਾ ਭਾਵੇਂ ਉਸ ਨੂੰ ਕੁਝ ਵੀ ਕਰ ਦਿਓ ਕਿਉਂਕਿ ਅੰਦਰਲੀਆਂ ਅਵਸਥਾਵਾਂ ਅਮਲੀ ਤੌਰ ਤੇ ਉਸ ਦੇ ਸਾਮ੍ਹਣੇ ਆ ਜਾਇਆ ਕਰਦੀਆਂ ਹਨ। ਜਦੋਂ ਵੀ ਉਹ ਅੰਦਰ ਦੇਖਦਾ ਹੈ ਤਾਂ ਮਨ ਵਿਚ ਤਸੱਲੀ ਆ ਜਾਂਦੀ ਹੈ ਕਿ ਮੈਂ ਐਵੇਂ ਸੁੰਨ ਵਿਚ ਟੱਕਰਾਂ ਨਹੀਂ ਮਾਰਦਾ ਪਰ ਇਸ ਦੇ ਫਲਸਰੂਪ ਮਨ ਮਹਾਨ ਰਸ ਵਿਚ ਆ ਰਿਹਾ ਹੈ। ਜਿਸ ਤਰ੍ਹਾਂ ਕਿ ਬਾਣੀ ਵਿਚ ਫੁਰਮਾਨ ਹੈ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥*
*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥*
*ਪੰਨਾ - 808*

ਜਿਸ ਦੇ ਅੰਦਰ ਨਾਮ ਦਾ ਵਾਸਾ ਹੋ ਜਾਵੇ, ਨਾਮ ਰਸ ਜਿਸ ਦੇ ਰੋਮ ਰੋਮ ਵਿਚ ਸਮਾਅ ਜਾਵੇ ਉਹ ਛੱਡ ਨਹੀਂ ਸਕਿਆ ਕਰਦਾ ਜਿਵੇਂ ਕਿ -

*ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ*
*ਜਿਉ ਰੰਗੁ ਮਜੀਠ ਬਹੁ ਲਾਗਾ॥*
*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ॥ ਪੰਨਾ - 985*

ਉਹ ਪਿਆਰ ਦਾ ਰਸ ਉਤਰਿਆ ਨਹੀਂ ਕਰਦਾ। ਜਦੋਂ ਨਾਮ ਅੰਦਰ ਸਮਾਅ ਜਾਵੇ ਉਸ ਵੇਲੇ ਨਾਮ ਜ਼ਿੰਦਗੀ ਬਣ ਜਾਇਆ ਕਰਦਾ ਹੈ, ਨਾਮ ਜਪਣ ਵਾਲੇ ਨੂੰ ਜੀਵਨ ਦਾ ਅਨੁਭਵ ਹੁੰਦਾ ਹੈ ਅਤੇ ਨਾਮ ਤੋਂ ਬਗੈਰ ਫਿਕੇ ਜੀਵਨ ਨੂੰ ਉਹ ਮੁਰਦਾ ਜੀਵਨ ਸਮਝਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਵੀ ਫੁਰਮਾਨ ਕੀਤਾ ਹੈ-

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ - 142*

ਇਸੇ ਤਰ੍ਹਾਂ ਫੁਰਮਾਨ ਹੈ -

*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥*
*ਪੰਨਾ - 808*

ਇਕ ਐਸੀ ਸਾਖੀ ਮਹਾਂਪੁਰਸ਼ ਸੁਣਾਇਆ ਕਰਦੇ ਹਨ ਕਿ ਔਰੰਗਜ਼ੇਬ ਦੀ ਪੁਲਿਸ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਲ ਕਈ ਸਿੰਘ ਹੋਰ ਕੈਦ ਕਰ ਲਏ ਉਨ੍ਹਾਂ ਵਿਚ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਦੋ ਫਾੜ ਕਰਨ ਦੀ ਸਜ਼ਾ ਦਿਤੀ ਗਈ। ਜਦੋਂ ਉਨ੍ਹਾਂ ਨੂੰ ਫੱਟਿਆਂ ਵਿਚ ਬੰਨ੍ਹ ਕੇ ਆਰਾ ਸਿਰ ਉਪਰ ਰਖ ਦਿਤਾ ਤਾਂ ਜਲਾਦ ਨੇ ਦੇਖਿਆ ਕਿ ਇਨ੍ਹਾਂ ਦੇ ਚਿਹਰੇ ਤੇ ਤਾਂ ਰੌਣਕ ਆ ਗਈ ਹੈ ਜਿਵੇਂ ਖੁਸ਼ੀ ਨਾਲ ਸ਼ਾਦੀ ਕਰਾਉਣ ਵਾਲਾ ਆਪਣੀ ਬਰਾਤ ਲਿਜਾ ਰਿਹਾ ਹੁੰਦਾ ਹੈ। ਜਲਾਦ ਨੇ ਮਤੀ ਦਾਸ ਜੀ ਨੂੰ ਪੁਛਿਆ ਕਿ ਤੁਹਾਨੂੰ ਆਰੇ ਨਾਲ ਚੀਰੇ ਜਾਣ ਦਾ ਹੁਕਮ ਹੋਇਆ ਹੈ ਅਤੇ ਜਦੋਂ ਮੈਂ ਤੁਹਾਡੇ ਸੀਸ ਤੇ ਆਰਾ ਰੱਖਿਆ ਤਾਂ ਤੁਹਾਡੇ ਚਿਹਰੇ ਤੇ ਐਸਾ ਖੇੜਾ, ਐਸਾ ਰਸ ਆਇਆ ਜਿਸ ਦੀ ਮੈਂ ਵੀ ਤਾਬ ਨਹੀਂ ਲਿਆ ਸਕਿਆ, ਕੀ ਤੁਸੀਂ ਮੈਨੂੰ ਦਸ ਸਕਦੇ ਹੋ ਕਿ ਇਸ ਖੁਸ਼ੀ ਦਾ ਕੀ ਕਾਰਨ ਹੈ? ਉਸ ਵੇਲੇ ਮਤੀਦਾਸ ਜੀ ਨੇ ਕਿਹਾ ਕਿ ਇਹ ਗੱਲ ਤੇਰੀ ਸਮਝ ਤੋਂ ਬਾਹਰ ਹੈ। ਜਦੋਂ ਉਸ ਨੇ ਬਾਰ ਬਾਰ ਪੁਛਿਆ ਤਾਂ ਆਪ ਨੇ ਦੱਸਿਆ ਕਿ ਜਲਾਦ, ਤੇਰੀ ਸਮਝ ਵਿਚ ਤਾਂ ਨਹੀਂ ਆਉਣਾ ਪਰ ਫੇਰ ਵੀ ਮੈਂ ਦਸਦਾ ਹਾਂ ਕਿ ਜਿਸ ਦੇ ਅੰਦਰ ਅੱਲਾਹ ਦੇ ਨਾਮ ਦਾ ਵਾਸਾ ਹੋ ਜਾਵੇ ਉਸ ਨੂੰ ਸਤਿ ਦਾ ਗਿਆਨ ਹੋ ਜਾਂਦਾ ਹੈ ਅਤੇ ਪਤਾ ਲਗ ਜਾਂਦਾ ਹੈ ਕਿ ਮੈਂ ਸਰੀਰ ਨਹੀਂ ਹਾਂ, ਇਹ ਖਾਕ ਬਾਅਦ ਆਤਿਸ਼ ਅਤੇ ਆਬ ਦਾ ਬਣਿਆ ਹੋਇਆ ਢਾਂਚਾ ਮੇਰੀ ਸਵਾਰੀ ਹੈ, ਇਹ ਮੇਰਾ ਮਕਾਨ ਹੈ, ਮੈਂ ਇਸ ਵਿਚ ਰਹਿੰਦਾ ਹਾਂ, ਉਹ ਮੌਤ ਤੋਂ ਉਚਾ ਉਠ ਕੇ ਅਲਾਹ ਦੀ ਦਰਗਾਹ ਵਿਚ ਫਿਨਾਹੇ ਅੱਲਾਹ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਤੈਨੂੰ ਸਮਝਾਉਣ ਲਈ ਮੈਂ ਹੋਰ ਦਸਦਾ ਹਾਂ ਕਿ ਤੁਹਾਡੇ ਧਰਮ ਦੇ ਨਾਲ ਅੱਲਾਹ ਦੇ ਰਾਹ ਤੇ ਤੁਰਨ ਲਈ ਕੁਝ ਪਉੜੀਆਂ ਵਾਦੀਆਂ ਹਨ। ਸਾਧਕ ਦੀਆਂ ਕੁਝ ਮੰਜ਼ਲਾਂ ਹਨ ਪਹਿਲੀ ਮੰਜ਼ਲ ਨੂੰ ਮੰਜ਼ਲ-ਏ-ਤਲਾਸ਼, ਦੂਜੀ ਨੂੰ ਮੰਜ਼ਲ-ਏ-ਇਸ਼ਕ, ਤੀਜੀ ਨੂੰ ਮੰਜ਼ਲ-ਏ-ਮਾਰਫਤ, ਚੌਥੀ ਨੂੰ ਮੰਜ਼ਲ-ਏ-ਮਹਿਵੀਅਤ, ਪੰਜਵੀਂ ਨੂੰ ਮੰਜ਼ਲ-ਏ-ਵਹਿਦੀਅਤ ਕਹਿੰਦੇ ਹਨ ਜਿਥੇ ਜਾ ਕੇ ਖੁਦਾ ਦੀ ਇਬਾਦਤ ਕਰਨ ਵਾਲਾ ਖੁਦਾ ਵਿਚ ਲੀਨ ਹੋ ਜਾਇਆ ਕਰਦਾ ਹੈ। ਇਸ ਤੋਂ ਉਪਰ ਜਦੋਂ ਉਠਦਾ ਹੈ ਉਸ ਨੂੰ ਮੰਜ਼ਲੇ-ਏ-ਨੂਰ ਆਖਦੇ ਹਨ। ਇਹ ਮੈਂ ਅੱਲਾਹ ਦੀ ਬੰਦਗੀ ਕਰਨ ਦੀਆਂ ਅਵਸਥਾਵਾਂ ਦਸ ਰਿਹਾ ਹਾਂ। ਮੰਜ਼ਲ-ਏ-ਨੂਰ ਤੋਂ ਅੱਗੇ ਫਿਨਾਹ ਫਿਲਾਅ ਦੀ ਅਵਸਥਾ ਆਉਂਦੀ ਹੈ ਜਿਥੇ ਇਹ ਜੀਵ ਅਰਬਾਂ ਖਰਬਾਂ ਸਾਲਾਂ ਤੋਂ ਜੂਨਾਂ ਵਿਚ ਘੁੰਮਦਾ ਹੋਇਆ ਨਿਜ ਘਰ ਵਿਚ ਵਾਸਾ ਪਾ ਲੈਂਦਾ ਹੈ। ਇਹ ਅਵਸਥਾ ਸਰੀਰ ਦੇ ਹੁੰਦੇ ਹੁੰਦੇ ਵੀ ਪ੍ਰਾਪਤ ਹੋ ਜਾਂਦੀ ਹੈ ਜਾਂ ਜਦੋਂ ਇਸ ਜੁੱਸੇ ਦਾ ਖਾਤਮਾ ਹੋ ਜਾਵੇ ਤਾਂ ਵੀ ਪ੍ਰਾਪਤ ਹੋ ਜਾਂਦੀ ਹੈ। ਹੇ ਜਲਾਦ! ਮੈਂ ਤੈਨੂੰ ਬੁਰਾ ਨਹੀਂ ਆਖਦਾ, ਜੋ ਜੀਵ ਸੰਸਾਰ ਤੇ ਆਇਆ ਹੈ ਉਸ ਨੇ ਕਿਸੇ ਨਾ ਕਿਸੇ ਕਾਰਨ ਸੰਸਾਰ ਤੋਂ ਜਾਣਾ ਹੀ ਹੈ। ਅਸਾਨੂੰ ਜਾਣ ਵਿਚ ਕੋਈ ਕਮੀ ਮਹਿਸੂਸ ਨਹੀਂ ਹੁੰਦੀ ਕਿਉਂਕਿ ਅਸੀਂ ਦੇਹ ਹੰਗਤਾ ਪਹਿਲਾਂ ਹੀ ਛੱਡ ਦਿਤੀ ਹੈ। ਦੇਹ ਹੰਗਤਾ ਛੱਡੇ ਬਿਨਾਂ ਆਦਮੀ ਅੱਲਾਹ ਦੀ ਦਰਗਾਹੇ-ਖਾਸ ਵਿਚ ਨਹੀਂ ਪਹੁੰਚ ਸਕਦਾ। ਅਸੀਂ ਆਪਣੇ ਆਪ ਨੂੰ ਖਾਕੀ ਸਰੀਰ ਤੋਂ ਵਖਰਾ ਕੀਤਾ ਹੋਇਆ ਹੈ, ਜਦੋਂ ਤਕ ਅਸੀਂ ਅੱਲਾਹ ਦੇ ਹੁਕਮ ਨਾਲ ਇਸ ਸਰੀਰ ਵਿਚ ਰਹਿੰਦੇ ਹਾਂ ਤਾਂ ਸਾਨੂੰ ਕਾਫੀ ਕੁਝ ਕਰਨਾ ਪੈਂਦਾ ਹੈ, ਅਸੀਂ ਅਨੰਦ ਨੂੰ ਨਹੀਂ ਪ੍ਰਾਪਤ ਕਰ ਸਕਦੇ। ਸਰੀਰ

(ਬਾਕੀ ਪੰਨਾ 35 ਤੇ)



Sri Satguru Jagjit Singh Ji eLibrary NamdhariElibrary@gmail.com

# ਸਾ ਮਤ ਦੇਹੁ ਦਇਆਲ ਪ੍ਰਭ........।

***ਪ੍ਰਭਜੋਤ ਕੌਰ***

ਜਦੋਂ ਵਾਹਿਗੁਰੂ ਜੀ ਨੇ ਜੀਵ ਨੂੰ ਬਣਾਇਆ ਤਾਂ, ਇਸ ਨੂੰ ਮਤ ਵੀ ਦਿਤੀ, ਬੁੱਧੀ ਵੀ ਦਿਤੀ। ਜਦੋਂ ਇਹ ਕਰਮਾਂ ਦੇ ਪ੍ਰਭਾਵ ਹੇਠ ਚੌਰਾਸੀ ਦੀ ਚਰਖੜੀ ਤੇ ਚੜ੍ਹਿਆ ਤਾਂ ਉਸ ਵਿਚ ਵੀ ਮਤ ਦਾ ਆਪਣਾ ਯੋਗਦਾਨ ਰਿਹਾ। ਪਰ ਫਿਰ ਜਦੋਂ ਇਹ ਮਾਨਸ ਜਨਮ ਵਿਚ ਆਇਆ, ਮਾਤਾ ਦੇ ਗਰਭ ਵਿਚ ਇਸ ਨੇ ਉਸ ਪ੍ਰਮੇਸ਼ਰ ਪਾਸ ਜੋਦੜੀਆਂ ਕੀਤੀਆਂ ਕਿ ਹੇ ਪ੍ਰਭੂ! ਮੈਨੂੰ ਇਸ ਗਰਭ ਦੀ ਅੱਗ ਤੋਂ ਬਾਹਰ ਕੱਢ, ਮੈਂ ਫਿਰ ਹਰ ਦਮ ਹੀ ਤੇਰਾ ਨਾਮ ਜਪਾਂਗਾ। ਇਹ ਵੀ ਸੁਘੜ ਮਤ ਸੀ। ਅੰਤ ਇਹ ਦੁਨੀਆਂ ਵਿਚ ਆਇਆ, ਉਹ ਇਕਰਾਰ ਜੋ ਇਸ ਨੇ ਮਾਤਾ ਦੇ ਗਰਭ ਵਿਚ ਪ੍ਰਭੂ ਨਾਲ ਕੀਤੇ ਸੀ, ਸਮੇਂ ਸਮੇਂ ਸਿਰ ਇਸਨੂੰ ਭੁਲਦੇ ਗਏ ਪਰ ਗੁਰੂ ਮਹਾਂਪੁਰਖ ਇਸਨੂੰ ਬਾਰ ਬਾਰ ਸਮਝਾਉਂਦੇ ਹਨ, ਮਤ ਦਿੰਦੇ ਹਨ ਕਿ ਐ ਮਨੁੱਖ ਤੂੰ ਨਾਮ ਜਪ, ਬੰਦਗੀ ਕਰ। ਇਹ ਕੈਸੀ ਪਿਆਰੀ ਮਤ ਹੈ।

ਗੁਰੂ ਪੰਜਵੇਂ ਪਾਤਸ਼ਾਹ ਜੀ ਇਸ ਪਾਵਨ ਤੁਕ ਰਾਹੀਂ ਇਸ ਮਤ ਦੀ ਬਾਬਤ ਸਾਨੂੰ ਬੇਨਤੀ ਕਰਨੀ ਸਿਖਾ ਰਹੇ ਹਨ। ਇਹ ਵਿਚਾਰਨ ਵਾਲੀ ਗੱਲ ਹੈ। ਸਾਡੇ ਪਾਸ ਦੁਨੀਆਂ ਵਿਚ ਰਹਿਣ ਵਾਲੀ ਮਤ ਤਾਂ ਬੜੀ ਹੈ, ਪਰ ਗੁਰੂ ਨਾਲ ਜੁੜਨ ਵਾਲੀ ਮਤ ਤੋਂ ਅਸੀਂ ਬਿਲਕੁਲ ਹੀ ਖਾਲੀ ਹਾਂ। ਵਾਹਿਗੁਰੂ ਜੀ ਨੇ ਮਤ ਤਾਂ ਇਨਸਾਨ ਨੂੰ ਮੁੱਢ ਤੋਂ ਹੀ ਦਿਤੀ ਹੈ ਪਰ ਇਸ ਦੇ ਮਾੜੇ ਕਰਮਾਂ ਤੇ ਸੰਸਕਾਰਾਂ ਨੇ ਉਹ ਮਤ ਢਕ ਦਿਤੀ ਤੇ ਭੈੜੀ ਮਤ ਇਨਸਾਨ ਤੇ ਭਾਰੂ ਹੋ ਗਈ। ਭੈੜੀ ਮਤ ਨੇ ਹੀ ਜੀਵ ਨੂੰ ਆਪਣੇ ਜਾਲ ਵਿਚ ਫਸਾ ਲਿਆ, ਇਹ ਦੁਖੀ ਹੋਇਆ ਤੇ ਇਸ ਨੇ ਵਾਹਿਗੁਰੂ ਜੀ ਪਾਸ ਪੁਕਾਰਾਂ ਕੀਤੀਆਂ ਤਾਂ ਹੀ ਤੇ ਸੱਚੇ ਪਾਤਸ਼ਾਹ ਨੇ ਫੁਰਮਾਇਆ ਹੈ ਕਿ ਐ ਇਨਸਾਨ, ਐ ਪਿਆਰੇ! ਐਸੀ ਮਤ ਪ੍ਰਭੂ ਤੋਂ ਮੰਗ ਜਿਹੜੀ ਮਤ ਹੇ ਵਾਹਿਗੁਰੂ, ਮੈਨੂੰ ਸ੍ਵਾਸ ਸ੍ਵਾਸ ਤੇਰਾ ਨਾਮ ਜਪਣ ਲਾ ਦੇਵੇ ਤੇ ਸਤਿਪੁਰਸ਼ਾਂ ਦੀ ਰੇਣ ਬਣਾ ਦੇਵੇ। ਅੱਜ ਦੇ ਦੌਰ ਵਿਚ ਅਜਿਹੀ ਮਤ ਕੋਈ ਭਾਗਾਂ ਵਾਲਾ ਹੀ ਮੰਗਦਾ ਹੈ। ਪ੍ਰਭੂ ਨਾਲ ਜੋੜਨ ਵਾਲੀ ਹਰ ਮਤ ਹੀ ਅਤਿ ਉਤਮ ਹੈ, ਚਾਹੇ ਉਹ ਨਾਮ ਜਪਣ ਦੀ ਹੋਵੇ, ਸੇਵਾ ਕਰਨ ਦੀ, ਸੱਚੀ-ਸੁੱਚੀ ਕਿਰਤ ਕਰਨ, ਵੰਡ ਕੇ ਛਕਣ ਦੀ ਆਦਿ। ਸਤਿਗੁਰੂ ਜੀ ਕਿੰਨੇ ਦਇਆਲੂ ਹਨ, ਉਹ ਜਾਣਦੇ ਹਨ ਕਿ ਕਲਜੁਗ ਅੰਦਰ ਮੇਰੇ ਜੈਸੇ ਬੰਦਿਆਂ ਨੂੰ ਗੁਰੂ ਅੱਗੇ ਬੇਨਤੀ ਵੀ ਨਹੀਂ ਕਰਨੀ ਆਉਂਦੀ ਤਦੇ ਤਾਂ ਇਹ ਨਿੰਘੀ ਜੋਦੜੀ ਕਰਨੀ ਸਾਨੂੰ ਸਿਖਾ ਰਹੇ ਹਨ।

ਗੁਰੂ ਦੀ ਮਤ ਸਚਮੁੱਚ ਗੁਰੂ ਜੈਸੀ ਹੀ ਹੈ। ਉਸ ਮਤ ਤੋਂ ਉਪਰ ਹੋਰ ਕੋਈ ਮਤ ਹੋ ਹੀ ਨਹੀਂ ਸਕਦੀ। ਇਹ ਮਤ ਪਿਆਰਾਂ ਵਾਲੀ ਹੈ, ਪਰ ਦੁਨਿਆਵੀ ਅਕਲਾਂ ਤੋਂ ਪਰ੍ਹੇ ਹੈ। ਇਹ ਖੋਟੀਆਂ ਨੀਤਾਂ ਤੇ ਦ੍ਵੈਤ ਵਾਲੀ ਮਤ ਨਹੀਂ ਸਗੋਂ ਇਨ੍ਹਾਂ ਦੀ ਦਾਰੂ ਰੂਪ ਮਤ ਹੈ। ਇਸ ਮਤ ਵਿਚ ਸਖਤੀ ਤਾਂ ਹੈ ਪਰ ਕੋਮਲਤਾ ਵਾਲੀ, ਪ੍ਰੇਰਨਾ ਵਾਲੀ, ਘਾਲਣਾ ਵਾਲੀ ਮਤ ਹੈ। ਇਸ ਵਿਚ ਡਰ ਤਾਂ ਹੈ ਪਰ ਅਦਬ ਵਾਲਾ, ਪਿਆਰ ਵਾਲਾ, ਖਿੱਚ ਵਾਲਾ, ਵੈਰਾਗ ਵਾਲਾ। ਇਹ ਮਤ ਕਾਰਜ ਸਵਾਰੇਗੀ ਤਾਂ ਸਦਾ ਹੀ ਪਰ ਕਦੇ ਕਾਰਜ ਵਿਗਾੜੇਗੀ ਨਹੀਂ। ਜਦੋਂ ਇਸ ਮਤ ਵਲ ਮੇਰਾ ਧਿਆਨ ਉਠਦਾ ਹੈ ਤਾਂ ਭਾਈ ਘਨਈਆ, ਭਾਈ ਜੋਗਾ ਸਿੰਘ, ਭਾਈ ਮੰਝ, ਭਾਈ ਕੱਟੂ ਜੈਸੇ ਰਸਕ ਵੈਰਾਗੀ ਪੁਰਖਾਂ ਦੇ ਨਾਮ ਆਪ ਮੁਹਾਰੇ ਹੀ ਚੇਤੇ ਆਉਂਦੇ ਹਨ।

ਭਾਈ ਘਨਈਆ ਜੀ ਨੂੰ ਸੇਵਾ ਦੀ ਮਤ ਮਿਲੀ। ਪਰ ਕੈਸੀ? ਜਿਥੇ ਆਪਣਾ ਪਰਾਇਆ ਤੱਕਣ ਵਾਲੀ ਮਤ ਖਤਮ ਹੋ ਗਈ। ਹਰ ਪਾਸੇ ਸ੍ਰੀ ਕਲਗੀਧਰ ਜੀ ਦੀ ਹੀ ਮੂਰਤ ਨਜ਼ਰ ਆਈ। ਭਾਈ ਜੋਗਾ ਸਿੰਘ ਜੀ ਜਦੋਂ ਤਕ ਗੁਰੂ ਦੀ ਮਤ ਅਨੁਸਾਰ ਰਹੇ ਸਭ ਕੁਝ ਠੀਕ ਰਿਹਾ। ਜਦੋਂ ਮਾਣ ਆਇਆ, ਗੁਰੂ ਦੀ ਮਤ ਵਿਸਰ ਗਈ, ਫਿਰ ਕੀ ਹੋਇਆ? ਸਾਰੇ ਹੀ ਜਾਣਦੇ ਹਨ। ਪਰ ਅੰਤ ਵਿਚ ਫਿਰ ਗੁਰੂ ਦੀ ਹੀ ਸ੍ਰੇਸ਼ਟ ਮਤ ਨੇ ਹੀ ਨਰਕ ਵਿਚ ਗਿਰਦੇ ਨੂੰ ਕੱਢਿਆ ਕਿਉਂਕਿ ਸਿੱਖ ਦਾ ਗੁਰੂ ਨਾਲ ਨਾਤਾ ਜੁੜਿਆ ਹੋਇਆ ਸੀ। ਗੁਰੂ ਨੇ ਆਪਣਾ ਬਿਰਦ ਪਛਾਣ ਕੇ ਫਿਰ ਦੁਬਾਰਾ ਸਿੱਖ ਨੂੰ ਰੱਖ ਲਿਆ।

ਭਾਈ ਮੰਝ ਜਿਨ੍ਹਾਂ ਦੇ ਰੋਮ ਰੋਮ ਵਿਚ ਗੁਰੂ ਦੀ ਮਤ ਵਰਤੀ, ਭਾਈ ਕੱਟੂ - ਕਮਾਲ ਦੀ ਮਤ ਬਖਸ਼ੀ। ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ। ਦੁਨਿਆਵੀ ਨੇਤਰ ਨਹੀਂ ਹਨ ਸਿੱਖ ਪਾਸ, ਗੁਰੂ ਨੇ ਸਿੱਖ ਦਾ ਪ੍ਰੇਮ ਦੇਖ ਕੇ ਨੇਤਰ ਬਖਸ਼ੇ। ਸਿੱਖ ਨੇ ਸਥੂਲ ਨੇਤਰਾਂ ਨਾਲ ਗੁਰੂ ਦਰਸ਼ਨ ਕੀਤੇ ਤੇ ਅਰਜ਼ ਕੀਤੀ, ਹੇ ਦੀਨ ਬੰਧੂ, ਹੇ ਕ੍ਰਿਪਾਲੂ, ਹੁਣ ਨੇਤਰ ਵਾਪਸ ਲੈ ਲਉ। ਸਤਿਗੁਰੂ ਪੁਛਦੇ ਨੇ, ਕਿਉਂ ਸਿੱਖਾ! ਵਾਪਸ ਕਿਉਂ ਕਰ ਰਿਹਾ ਹੈਂ। ਸਿੱਖ ਗੁਰੂ ਦੀ ਬਖਸ਼ੀ ਸੋਝੀ ਨਾਲ ਜਵਾਬ ਦਿੰਦਾ ਹੈ ਮਹਾਰਾਜ, ਇਨ੍ਹਾਂ ਨੇਤਰਾਂ ਨੇ ਆਪ ਜੀ ਦਾ ਦਰਸ਼ਨ ਕੀਤਾ ਹੈ ਤੇ ਹੁਣ ਮੇਰੇ ਨੇਤਰ ਕਿਸੇ ਹੋਰ ਨੂੰ ਦੇਖਣਾ ਨਹੀਂ ਚਾਹੁੰਦੇ। ਇਹ ਕੈਸੀ ਮਤ ਹੈ? ਇਹ ਹੀ ਉਹੋ ਮਤ ਹੈ ਜਿਸ ਬਾਰੇ ਸਤਿਗੁਰੂ ਨੇ ਫੁਰਮਾਇਆ ਹੈ ਪਰ ਇਹ ਵਿਵੇਕ ਮਤ ਗੁਰੂ, ਸਤਿਗੁਰੂ, ਪ੍ਰਮੇਸ਼ਰ ਜੀ ਪਾਸ ਹੀ ਹੈ। ਚੌਥੇ ਸਤਿਗੁਰੂ ਜੀ ਦਾ ਫੁਰਮਾਨ ਹੈ -

***ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥***
***ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉਂ ਭਾਵੈ ਤਿਵੈ ਬੁਲੈਨੀ॥***
***ਪੰਨਾ - 900***

ਗੁਰੂ ਤਾਂ ਮਤ ਦੇਣ ਲਈ ਸਦਾ ਹੀ ਤਿਆਰ ਹੈ ਤੇ ਸਦਾ ਹੀ ਸਾਨੂੰ ਮਤ ਦੇ ਰਿਹਾ ਹੈ। ਪਰ ਕੀ ਅਸੀਂ ਗੁਰੂ ਦੀ ਮਤ ਲੈਣ ਲਈ ਕਦੇ ਗੁਰੂ ਪਾਸ ਸੱਚੇ ਦਿਲੋਂ ਅਰਦਾਸ ਕੀਤੀ ਹੈ। ਅਫਸੋਸ ਤਾਂ ਇਸ ਗੱਲ ਦਾ ਹੈ ਕਿ ਸਾਨੂੰ ਤਾਂ ਅਜੇ ਗੁਰੂ ਅੱਗੇ ਬੇਨਤੀ ਵੀ ਨਹੀਂ ਕਰਨੀ ਆਉਂਦੀ। ਗੁਰੂ ਹੀ ਕ੍ਰਿਪਾ ਕਰਨ, ਸਤਿਗੁਰੂ ਜੀ ਰਹਿਮ ਕਰਨ, ਮਹਾਂਪੁਰਖ ਦਇਆ ਕਰਨ,



Sri Satguru Jagjit Singh Ji eLibrary NamdhariElibrary@gmail.com

ਕੁਝ ਉਦਮ ਬਖਸ਼ਣ, ਕੁਝ ਚਾਓ, ਵੈਰਾਗ ਬਖਸ਼ਣ ਤਾਂ ਜੋ ਅਸੀਂ ਸਤਿਗੁਰੂ ਦੇ ਦਰ ਤੇ ਅਰਦਾਸ ਕਰ ਸਕੀਏ ਅਤੇ ਕੁਝ ਸੁਮੱਤ ਰੂਪੀ ਚਿਣਗ ਮੈਨੂੰ ਵੀ ਉਸ ਬਖਸ਼ਿਸ਼ ਦੇ ਦਰਿਆ ਤੋਂ ਮਿਲ ਜਾਏ ਤੇ ਅਸੀਂ ਸੰਸਾਰ ਤੋਂ ਆਪਣਾ ਜਨਮ ਸਫਲਾ ਕਰਕੇ ਜਾਈਏ। ਇਹੀ ਸਾਡਾ ਮਨੋਰਥ ਹੈ।

*ਜਿਨ੍ਹਾਂ ਦੇ ਰਿਦੇ ਵਸਿਆ ਮੇਰਾ ਸਾਜਨ*

*ਜਿਨ੍ਹਾਂ ਦੇ ਰਿਦੇ ਵਸਿਆ ਮੇਰਾ ਸਾਜਨ,*
*ਪਈ ਉਨ੍ਹਾਂ ਦੇ ਰਾਹ ਤਕਾਨੀਆਂ।*
*ਉਨ੍ਹਾਂ ਦੀਆਂ ਖੇਲਾਂ-ਮੌਜਾਂ,*
*ਤਿਰੰਗੀਆਂ ਤੋਂ ਵਾਰਨੇ ਸਦਕੜੇ ਹੋਈ ਜਾਨੀਆਂ।*
*ਮਸਤੀ ਦੇ ਪੀਰਾਂ ਦੇ,*
*ਉਨ੍ਹਾਂ ਦਿਲਗੀਰਾਂ ਦੇ ਚਰਨ ਪਰਸਨੇ ਚਾਹਨੀਆਂ।*
*ਪਿਆਰਾਂ ਦੇ ਭਾਂਬੜ ਜਿਨ੍ਹਾਂ ਮਚਾਏ,*
*ਉਨ੍ਹਾਂ ਅੱਗਾਂ 'ਚ ਆਪਾ ਜਲਾਨੀਆਂ।*
*ਸਬਰ ਗੁਜ਼ਾਰੇ ਤੇ ਭਾਣੇ ਹੰਢਾਏ,*
*ਕੁਝ ਉਨ੍ਹਾਂ ਤੋਂ ਸਿਖਣ ਮੈਂ ਆਨੀਆਂ।*
*ਤਾਰਿਆਂ ਦੀ ਛਾਵੇਂ, ਅੰਬਰਾਂ ਦੇ ਓਹਲੇ,*
*ਗੀਤ ਉਨ੍ਹਾਂ ਦੇ ਮੈਂ ਪਈ ਗਾਨੀਆਂ।*
*ਸੁਹਾਵੀਆਂ ਚਾਲਾਂ ਤੋਂ ਪਿਆਰੀਆਂ ਘਾਲਾਂ ਤੇ,*
*ਮੈਂ ਬਲ ਬਲ, ਬਲ ਬਲ ਜਾਨੀਆਂ।*
*ਬਲਦੀਆਂ ਲਾਟਾਂ 'ਚ ਕਹਿਰ ਦੀਆਂ ਵਾਟਾਂ 'ਚ,*
*ਸਉਣ ਮੈ ਪਈ ਮਨਾਨੀਆਂ।*
*ਗੁਜ਼ਰੇ ਭੁਲਾਵਾਂ, ਆਉਂਦੇ ਵਕਤ ਮਨਾਵਾਂ,*
*ਬੋਚ ਬੋਚ ਕੇ ਪੈਰ ਟਿਕਾਨੀਆਂ।*
*ਵਾਂਗ ਪਾਣੀ ਬਹਿ ਜਾਵਾਂ, ਕੁਝ ਬਣ ਨਾ ਜਾਵਾਂ,*
*ਇਨ੍ਹਾਂ ਵਹਿਣਾਂ ਦੀ ਤਾਕ ਰਹਾਨੀਆਂ।*
*ਰੱਬ ਦਿਆਂ ਰੰਗਾਂ ਵਿਚ, ਕੁਦਰਤ ਦਿਆਂ ਸੰਗਾਂ 'ਚ,*
*ਕੁਝ ਸਿਖਨੀਆਂ, ਕੁਝ ਤਕਾਨੀਆਂ।*
*ਲਾ ਤੇ ਹੁਣ ਡੇਰੇ, ਅਸਾਂ ਪ੍ਰੀਤਮ ਦੇ ਵਿਹੜੇ ਵਿਚ,*
*ਹੋਲੀਆਂ 'ਚ ਲੁਟ ਮਚਾਨੀਆਂ।*
*ਅਕਲਾਂ ਦੀਆਂ ਸ਼ਰਮਾਂ ਤੇ ਪਾਪਾਂ ਦਿਆਂ ਕਰਮਾਂ ਨੂੰ ਛੱਡ,*
*ਲੇਖੇ ਉਨ੍ਹਾਂ ਤੋਂ ਮੈਂ ਪੜ੍ਹਾਨੀਆਂ।*
*ਕਿਹੀਆਂ ਨੇ ਵਾਦੀਆਂ, ਸੁਹਣੀਆਂ ਤੇ ਸੁਆਦੀਆਂ,*
*ਹਰ ਦਮ ਫੁੱਲੀ ਨਾਂ ਸਮਾਨੀਆਂ।*
*ਗੁਰੂ ਮਾਵਾਂ ਦੇ ਅੱਗੇ ਦਾਤਾਰਾਂ ਦੇ ਸਨਮੁਖ,*
*ਬਾਲੀ ਤੋਰੇ ਠੁਕਰਦੀ ਆਨੀਆਂ।*
*ਗੁਰੂ ਸਵਾਰਿਆਂ ਤੇ,*
*ਗੁਰੂ ਦੇ ਪਿਆਰਿਆਂ ਤੋਂ ਰੱਜ ਰੱਜ ਕੇ ਬਖਸ਼ਿਸ਼ਾਂ ਪਾਨੀਆਂ।*

**L L L L L L L**

(ਪੰਨਾ 2 ਦੀ ਬਾਕੀ)

ਫਰਵਰੀ 2001 ਦਾ ਆਤਮ ਮਾਰਗ ਸਾਰੇ ਮਲੇਸ਼ੀਆਂ ਵਿਚ ਪੁੱਜ ਗਿਆ ਹੈ। ਇਸ ਤਰ੍ਹਾਂ ਆਤਮ ਮਾਰਗ ਦੇ ਪਰਿਵਾਰ ਵਿਚ ਬਹੁਤ ਵਾਧਾ ਹੋਇਆ ਹੈ ਅਤੇ ਹੁਣ ਬੈਂਕਾਕ (ਥਾਈਲੈਂਡ), ਸਿੰਘਾਪੁਰ ਅਤੇ ਇੰਡੋਨੇਸ਼ੀਆ ਵਿਚ ਇਸ ਸੁਨੇਹੇ ਨੂੰ ਪਹੁੰਚਾਉਣ ਦੀ ਆਵਸ਼ਕਤਾ ਹੈ।

ਆਤਮ ਮਾਰਗ ਦੇ ਹਰੇਕ ਇਸ਼ੂ ਵਿਚ ਮਹਾਂਪੁਰਸ਼ ਆਪਣੇ ਸਾਰੇ ਲੇਖਾਂ ਰਾਹੀਂ, ਨਾਮ ਅਭਿਆਸ ਦੀ ਜੁਗਤਿ ਹੀ ਦਸਦੇ ਰਹਿੰਦੇ ਹਨ ਜਿਵੇਂ ਇਸ ਮਹੀਨੇ ਦੇ ਲੇਖ 'ਪ੍ਰਹਿਲਾਦ ਭਗਤ' ਵਿਚ ਆਪ ਜੀ ਨਾਮ ਦੀਆਂ ਅਵਸਥਾਵਾਂ ਅਤੇ ਨਾਮ ਦੇ ਅਨੁਭਵ ਦੀ ਪ੍ਰਾਪਤੀ ਦਸਦੇ ਲਿਖਦੇ ਹਨ ਕਿ ਸਿਮਰਨ ਦੀਆਂ ਬਹੁਤ ਸਾਰੀਆਂ ਅਵਸਥਾਵਾਂ ਹੁੰਦੀਆਂ ਹਨ, ਬੈਖਰੀ ਵਿਚ ਬੋਲ ਕੇ ਨਾਮ ਜਪਣਾ, ਮਧਮਾ ਵਿਚ ਜਪਣਾ, ਪਸੰਤੀ ਵਿਚ ਜਪਣਾ ਅਤੇ ਪਰਾ ਬਾਣੀ ਵਿਚ ਜੋ ਨਾਭੀ ਦੀ ਬਾਣੀ ਹੈ, ਉਸ ਵਿਚ ਧਿਆਨ ਨਾਲ ਜਪਿਆ ਜਾਂਦਾ ਹੈ। ਨਾਮ ਦੀ ਧੁਨ ਆਪਣੇ ਆਪ ਸੁਣਦੀ ਹੈ।" ਅੱਗੇ ਆਪ ਜੀ ਦਸਦੇ ਹਨ ਕਿ ਭਗਤੀ ਨੌਂ ਪ੍ਰਕਾਰ ਦੀ ਹੈ ਪਰ 'ਪ੍ਰੇਮਾ ਭਗਤੀ ਸਭ ਤੋਂ ਉਤਮ ਹੈ, 'ਪ੍ਰੇਮਾ ਭਗਤੀ' ਵਿਚ ਜਗਿਆਸੂ ਤਰੱਕੀ ਕਰਦਾ ਹੋਇਆ ਪਰਾ ਅਤੇ ਅਪਰਾ ਭਗਤੀ ਵਿਚ ਪੁੱਜ ਜਾਇਆ ਕਰਦਾ ਹੈ ਅਤੇ ਉਸਨੂੰ ਪ੍ਰਤੱਖ ਰੂਪ ਵਿਚ ਗਿਆਨ ਹੋ ਜਾਇਆ ਕਰਦਾ ਹੈ। ਉਹ ਸਭ ਕੁਝ ਵਿਚੋਂ ਵਾਹਿਗੁਰੂ ਨੂੰ ਦੇਖਦਾ ਹੈ, ਵਾਹਿਗੁਰੂ ਵਿਚ ਹੀ ਲੈਅ ਹੋਇਆ ਤਕਦਾ ਹੈ......ਸਾਰੇ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟਮਾਨ ਵਿਚ ਪ੍ਰਮਾਤਮਾ ਇਕ ਰਸ ਪਰੀਪੂਰਨ ਹੈ। ਇਸ ਅਨੁਭਵ ਨੂੰ ਪ੍ਰਾਪਤ ਕਰਨਾ, ਨਾਮ ਪ੍ਰਾਪਤ ਕਰਨਾ ਵੀ ਕਹਾਉਂਦਾ ਹੈ। ਲੇਖ 'ਨਾਨਕ ਨਾਮੁ ਸੁਖਾਲਾ' ਤਾਂ ਨਿਰੋਲ ਨਾਮ-ਅਭਿਆਸ ਦੀ ਅੰਤਰ ਦ੍ਰਿਸ਼ਟੀ ਹੈ। ਸਿੱਧਾਂ, ਨਾਥਾਂ ਦੀ ਗੁਰੂ ਨਾਨਕ ਦੇਵ ਜੀ ਨਾਲ ਚਰਚਾ ਦੇ ਪ੍ਰਸੰਗ ਵਿਚ ਨਾਮ-ਅਭਿਆਸ ਨੂੰ ਯੋਗ ਦੀਆਂ ਉਕਤੀਆਂ ਯੁਕਤੀਆਂ ਦੇ ਟਾਕਰੇ ਬਹੁਤ ਸੌਖਾ ਬਿਹੰਗਮ ਮਾਰਗ ਸਿੱਧ ਕੀਤਾ ਹੈ। ਲੇਖ 'ਅਬਿਨਾਸ਼ੀ ਜੋਤ' ਵਿਚ ਆਪ ਜੀ ਨੇ ਇਤਿਹਾਸ ਅਤੇ ਮਿਥਿਆਸ ਤੋਂ ਅਨੇਕਾਂ ਉਦਾਹਰਣਾਂ ਰਾਹੀਂ ਕਲਿਜੁਗ ਵਿਚ ਨਾਮ ਦੀ ਮਹਿਮਾ ਨੂੰ ਪ੍ਰਗਟ ਕੀਤਾ ਹੈ। ਲੜੀਵਾਰ ਛਪਦਾ ਲੇਖ 'ਅਮਰ ਗਾਥਾ' ਨਿਰਸੰਦੇਹ ਅਮਰਤਾ ਬਖਸ਼ਣ ਦੀ ਗਾਥਾ ਹੈ। ਬਾਕੀ ਲੇਖਾਂ ਵਿਚ ਵੀ ਆਤਮਕ ਪੰਧ ਸੁਖਾਲਾ ਕਰਨ ਦੇ ਅਨੁਭਵ ਦੱਸੇ ਹਨ, ਰੀਤਾਂ ਰਿਵਾਜਾਂ, ਭੇਖਾਂ, ਮਰਿਆਦਾ, ਵਖੇਵਿਆਂ ਨੂੰ ਲਿਖਣ ਪੜ੍ਹਨ ਵਿਚ ਸਮਾਂ ਬਰਬਾਦ ਕਰਨਾ ਆਤਮ ਮਾਰਗ ਦੀ ਪਾਲਸੀ ਨਹੀਂ। ਲੋੜੀਂਦੇ ਸੰਸਾਰਕ ਕਾਰਜ ਵੀ ਕਰਨੇ ਹਨ; ਉਪਜੀਵਕਾ ਲਈ, ਪਰਉਪਕਾਰ ਲਈ ਕਾਰਜਸ਼ੀਲ ਹੋਣਾ ਹੈ ਪਰ ਹਰ ਸਮੇਂ 'ਕਰ ਕਾਰ ਵਲ' ਅਤੇ 'ਚਿਤ ਕਰਤਾਰ ਵਲ' ਰਹੇ, ਇਹੋ ਆਤਮ ਮਾਰਗ ਦਾ ਸੰਦੇਸ਼ ਅਤੇ ਆਦਰਸ਼ ਹੈ ਜਿਸਨੂੰ ਅਸੀਂ ਸਭ ਨੇ ਸਭ ਸੰਸਾਰ ਵਿਚ, ਸਾਰੀ ਮਨੁੱਖਤਾ ਪਾਸ ਲੈ ਕੇ ਜਾਣਾ ਹੈ ਤਾਕਿ ਖਿੰਡੀ ਪੁੰਡੀ ਮਨੁੱਖਤਾ, ਵੈਰ ਵਿਰੋਧਾਂ ਵਿਚੋਂ ਨਿਕਲ ਕੇ ਪ੍ਰਭੂ ਪਿਆਰ ਅਤੇ ਨਾਮ ਅਭਿਆਸ ਦੇ ਪ੍ਰੇਮ-ਧਾਗੇ ਵਿਚ ਪਰੁਤ ਕੇ ਪ੍ਰਭੂ ਰੰਗ ਮਾਣ ਸਕੇ।

**L L L L L L L**



Sri Satguru Jagjit Singh Ji eLibrary NamdhariElibrary@gmail.com

# ਨਾਨਕ ਨਾਮੁ ਸੁਖਾਲਾ

ਸੰਤ ਵਰਿਆਮ ਸਿੰਘ ਜੀ
ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ

ਅਨੁਵਾਦਕ ਦੇ ਭਾਵ - ਜਦੋਂ ਜਦੋਂ ਇਸ ਧਰਤੀ ਤੇ ਪਾਪ ਵਧ ਜਾਂਦੇ ਹਨ, ਤਦੋਂ ਹੀ ਅਵਤਾਰ, ਪੀਰ, ਪੈਗੰਬਰ ਧਰਤੀ ਤੇ ਆ ਕੇ ਸੰਸਾਰ ਦਾ ਉਧਾਰ ਕਰਦੇ ਰਹੇ ਹਨ। ਕਲਜੁਗ ਵਿਚ ਰਾਜ ਗੁਰੂ ਨਾਨਕ ਦੇਵ ਜੀ ਦਾ ਹੈ, ਉਹਨਾਂ ਨੇ ਆ ਕੇ ਵੱਡੇ ਵੱਡੇ ਕੁਰਾਹੀਆਂ ਨੂੰ ਸਿਧੇ ਰਸਤੇ ਪਾਇਆ। ਸੰਤ, ਮਹਾਤਮਾ, ਮਹਾਂਪੁਰਸ਼ ਵੀ ਇਸੇ ਕਾਰਜ ਲਈ ਆਉਂਦੇ ਹਨ ਅਤੇ ਭੁਲੇ ਭਟਕੇ ਜੀਵਾਂ ਨੂੰ ਵਾਹਿਗੁਰੂ ਜੀ ਨਾਲ ਜੋੜਦੇ ਹਨ। ਇਹ ਦੀਵਾਨ ਸੰਤ ਵਰਿਆਮ ਸਿੰਘ ਜੀ ਨੇ ਮੋਹਾਲੀ ਵਿਖੇ 10.3.85 ਨੂੰ ਲਗਾਇਆ।

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਪੰਨਾ - 289*

*ਧਾਰਨਾ - ਗੁਣ ਗਾਵਾਂ ਨਿਤ ਤੇਰੇ ਜੀ,*
*ਤੁਧ ਬਿਨ ਅਵਰ ਨਾ ਜਾਣਾ ਮੇਰੇ ਸਾਹਿਬਾ -2, 2.*
*ਤੁਧ ਬਿਨ ਅਵਰ ਨ ਜਾਣਾ ਮੇਰੇ ਸਾਹਿਬਾ -2, 2.*
*ਗੁਣ ਗਾਵਾਂ ਨਿਤ ਤੇਰੇ ਜੀ, ......... -2.*

*ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥*
*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥*
*ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥*
*ਕਉਣੁ ਜਾਣੈ ਪੀਰ ਪਰਾਈ॥*
*ਹਮ ਨਾਹੀ ਚਿੰਤ ਪਰਾਈ॥*
*ਪੰਨਾ - 795*

*ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ॥*
*ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮਾਰੀ॥*
*ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ॥*
*ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥*
*ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ॥*
*ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥*

*ਪੰਨਾ - 795*

*ਧਾਰਨਾ - ਨਾਨਕ ਨਾਮ ਸੁਖਾਲਾ ਕੁਲਜੁਗ,*
*ਨਾਨਕ ਨਾਮ ਸੁਖਾਲਾ -2, 2.*
*ਨਾਨਕ ਨਾਮ ਸੁਖਾਲਾ ਕਲਜੁਗ -2, 4.*

*ਧਾਰਨਾ - ਲੁਟ ਲੁਟ ਲਓ ਨਸੀਬਾਂ ਵਾਲੇ ਬੰਦਿਓ,*
*ਲੁਟ ਪੈ ਗਈ ਰਾਮ ਨਾਮ ਦੀ -2, 2.*
*ਮੇਰੇ ਪਿਆਰੇ, ਲੁਟ ਪੈ ਗਈ ਰਾਮ ਨਾਮ ਦੀ -2, 2.*
*ਲੁਟ ਲੁਟ ਲਓ ਨਸੀਬਾਂ ਵਾਲੇ ਬੰਦਿਓ,.. -2.*

*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥*

*ਪੰਨਾ - 1366*

ਸਾਧਸੰਗਤ ਜੀ! ਗਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ, ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੋਵੇ ਤਾਂ ਫਿਰ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀ ਹਾਜ਼ਰੀ ਭਰੀ ਜਾਇਆ ਕਰਦੀ ਹੈ ਕਿਉਂਕਿ ਸੰਗਤ ਦੇ ਅੰਦਰ ਕੇਵਲ ਨਾਮ ਦੀ ਹੀ ਬਾਤ ਹੋਇਆ ਕਰਦੀ ਹੈ-

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥*
*ਪੰਨਾ - 72*

ਕੇਵਲ ਨਾਮ ਦੀ ਬਾਤ ਹੋਵੇ ਉਹ ਸਤਿਸੰਗ ਹੋਇਆ ਕਰਦਾ ਹੈ। ਕੋਈ ਸਿਆਣੇ ਬੰਦਿਆਂ ਦਾ ਇਕੱਠ, ਕਿਸੇ ਪਾਰਟੀ ਦਾ ਇਕੱਠ ਜਾਂ ਹੋਰ ਕੋਈ ਇਕੱਠ ਹੋਵੇ, ਉਹ ਸਤਿਸੰਗ ਨਹੀਂ ਹੁੰਦੇ। ਬੇਨਤੀ ਕੀਤੀ ਸੀ -

*ਕਲਿਜੁਗਿ ਨਾਨਕ ਨਾਮੁ ਸੁਖਾਲਾ॥*
*ਭਾਈ ਗੁਰਦਾਸ ਜੀ ਦੀ ਵਾਰ 1/31*



Sri Satguru Jagjit Singh Ji eLibrary NamdhariElibrary@gmail.com

ਸਿਆਣਿਆਂ ਨੇ ਸਮੇਂ ਨੂੰ ਚਾਰ ਹਿਸਿਆਂ ਵਿਚ ਵੰਡਿਆ – ਪਹਿਲਾ ਸਤਿਜੁਗ 17,28,000 ਸਾਲ ਦਾ, ਦੂਜਾ ਤ੍ਰੇਤਾ 12,96,000 ਸਾਲਾਂ ਦਾ, ਤੀਜਾ ਦੁਆਪਰ 8,64,000 ਸਾਲ ਦਾ ਦੁਆਪਰ ਅਤੇ 4,32,000 ਸਾਲ ਕਲਜੁਗ ਦੀ ਉਮਰ ਗਿਣਦੇ ਹਨ। ਚਾਰੇ ਜੁਗਾਂ ਦੇ ਸਮੇਂ ਨੂੰ ਇਕ ਚੌਂਕੜੀ ਕਿਹਾ ਜਾਂਦਾ ਹੈ। ਚੌਥਾ 43,20,000 ਸਾਲ ਦਾ ਸਮਾਂ ਲੰਘ ਕੇ ਫੇਰ ਸਤਿਜੁਗ ਆ ਜਾਂਦਾ ਹੈ। ਸਮੇਂ ਲੰਘਣ ਦੇ ਨਾਲ-ਨਾਲ ਲੋਕਾਂ ਦੇ ਖਿਆਲ ਵੀ ਬਦਲ ਜਾਂਦੇ ਹਨ, ਕਦੀ ਪਸ਼ੂਆਂ ਵਰਗੇ ਖਿਆਲ ਹੋ ਜਾਂਦੇ ਹਨ, ਕਦੀ ਦੇਵਤਿਆਂ ਵਰਗੇ ਖਿਆਲ ਹੋ ਜਾਂਦੇ ਹਨ, ਕਲਜੁਗ ਦੇ ਅੰਦਰ ਇਸ ਤਰ੍ਹਾਂ ਹੈ ਕਿ ਖਿਆਲ ਬਿਲਕੁਲ ਖਰਾਬ ਚਲ ਰਹੇ ਹਨ ਪਹਿਲੇ ਜੁਗਾਂ ਵਿਚ ਜੋ ਕਰਮ ਕਿਰਤ ਕਰਦੇ ਸੀ, ਜਤ ਸੀ, ਸਤ ਸੀ, ਤਪ ਸੀ, ਦਾਨ ਸੀ, ਪੁੰਨ ਸਨ, ਯੱਗ ਸਨ, ਉਹ ਸਾਰੇ ਦੇ ਸਾਰੇ ਇਸ ਯੁਗ ਦੇ ਅੰਦਰ ਕੰਮ ਨਹੀਂ ਕਰਦੇ, ਇਸ ਯੁਗ ਦਾ ਜੋ ਆਦਮੀ ਹੈ, ਉਸਦੇ ਮਨ ਦੇ ਅੰਦਰ ਇਤਨਾਂ ਸ਼ੰਕਾ ਹੈ ਕਿ ਪ੍ਰਤੱਖ ਦੇਖ ਕੇ ਵੀ ਉਸ ਨੂੰ ਨਿਹਚਾ ਨਹੀਂ ਆਉਂਦਾ। ਇਸ ਜੁਗ ਵਿਚ ਆਦਮੀਆਂ ਦੀ ਮਨੋਬਿਰਤੀ ਪ੍ਰੇਤਾਂ ਵਰਗੀ ਹੈ, ਪ੍ਰਮੇਸ਼ਰ ਦੀ ਕੋਈ ਪਛਾਣ ਨਹੀਂ ਹੈ। ਮਾਇਆ ਦੇ ਡੰਗ ਨੇ ਬੰਦੇ ਨੂੰ ਮੂਰਛਤ ਕਰ ਦਿਤਾ ਹੈ, ਪ੍ਰਭੂ ਵਲੋਂ ਭੁਲਾ ਦਿਤਾ ਹੈ –

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥ ਪੰਨਾ – 643***

ਬਗੈਰ ਦੰਦਾਂ ਤੋਂ ਸੰਸਾਰ ਨੂੰ ਖਾ ਲਿਆ –

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ ਪੰਨਾ – 510***

ਮਹਾਰਾਜ ਨੇ ਐਸਾ ਵੀ ਫੁਰਮਾਨ ਕੀਤਾ ਹੈ ਕਿ ਇਕ ਦੋ ਨੂੰ ਨਹੀਂ ਡਸਦੀ, ਸਾਰੇ ਸੰਸਾਰ ਨੂੰ ਡਸਿਆ ਹੋਇਆ ਹੈ, ਭਾਵੇਂ ਕਿਤੇ ਵੀ ਹੈ ਕੋਈ, ਚਾਹੇ ਕੋਈ ਕੰਦਰਾਂ ਵਿਚ ਤਪ ਕਰਦਾ ਹੈ, ਚਾਹੇ ਕੋਈ ਮੰਦਰ ਵਿਚ ਬੈਠਾ ਹੈ, ਚਾਹੇ ਕੋਈ ਗੁਰਦਵਾਰੇ ਜਾਂ ਮਸਜਿਦ ਵਿਚ ਬੈਠਾ ਹੈ ਭਾਵੇਂ ਕੋਈ ਗਿਰਜੇ ਵਿਚ ਬੈਠਾ ਹੈ, ਜਿਥੇ ਵੀ ਹੈ, ਚਾਹੇ ਗ੍ਰਿਹਸਤੀ ਹੈ ਜਾਂ ਦੁਕਾਨਦਾਰ ਹੈ, ਖੇਤੀ ਬਾੜੀ ਕਰਨ ਵਾਲਾ ਹੈ, ਭਾਵੇਂ ਕਰਮਚਾਰੀ ਹੈ, ਭਾਵੇਂ ਮਨਿਸਟਰ ਹੈ, ਕੋਈ ਵੀ ਹੈ, ਕਹਿੰਦੇ ਉਸ ਨੂੰ ਵੀ ਮਾਇਆ ਨਾਗਣੀ ਬਣ ਕੇ ਲਿਪਟੀ ਹੋਈ ਹੈ। ਉਹ ਵੀ ਮਿਤ੍ਰ ਹੋ ਕੇ ਨਹੀਂ ਨਾਗਨੀ ਹੋ ਕੇ ਲਿਪਟੀ ਪਈ ਹੈ, ਫੇਰ ਐਨੀ ਖਤਰਨਾਕ ਹੈ –

***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥ ਪੰਨਾ – 510***

ਜਿਹੜਾ ਇਸਦੀ ਸੇਵਾ ਕਰਦਾ ਹੈ, ਉਸੇ ਨੂੰ ਖਾ ਜਾਂਦੀ ਹੈ ਪਰ ਮਹਾਰਾਜ ਕਹਿੰਦੇ ਹਨ ਇਕ ਬਚਿਆ ਹੋਇਆ ਹੈ –

***ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥ ਪੰਨਾ – 510***

ਗੁਰਮੁਖ ਜਿਹੜਾ ਹੈ ਇਸ ਨੂੰ ਦਲ ਕੇ ਮਧੋਲ ਦਿੰਦਾ ਹੈ, ਚਰਣੀ ਲਾ ਕੇ ਇਸ ਤੋਂ ਸੇਵਾ ਕਰਾਉਂਦਾ ਹੈ। ਐਸੇ ਜੁਗ ਦੇ ਅੰਦਰ ਕੋਈ ਵੀ ਕਰਮ ਨਹੀਂ ਫਲ ਦੇ ਸਕਦਾ, ਗੁਰੂ ਮਹਾਰਾਜ ਤੋਂ ਪਹਿਲਾਂ ਜੋਗੀਆਂ ਤੇ ਸੂਫੀਆਂ ਦਾ ਜੁਗ ਕਹਿਲਾਉਂਦਾ ਸੀ, ਭਗਤੀ ਇਨ੍ਹਾਂ ਵਿਚ ਅਜੇ ਪ੍ਰਵੇਸ਼ ਕਰ ਰਹੀ ਸੀ।

ਜਿਹੜੇ ਸੂਫੀ ਸਨ ਉਹਨਾਂ ਵਿਚ ਗਿਆਨ ਵੀ ਸੀ ਪਰ 'ਜ਼ੋਹਦ' (ਤਪ) ਬਹੁਤ ਸੀ। ਤਪਸਿਆ ਬਹੁਤ ਸੀ, ਸਖਤ ਤਪਸਿਆ ਕਰਦੇ ਸੀ, ਜੇਕਰ ਬਾਬੇ ਫਰੀਦ ਦੀ ਤਪਸਿਆ ਵਲ ਜਾਂਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਸਰੀਰ ਬਿਲਕੁਲ ਪਿੰਜਰ ਬਣਾ ਦਿਤਾ। ਇਥੋਂ ਤਕ ਕਰ ਦਿਤਾ ਕਿ ਹੱਡੀਆਂ ਹੀ ਰਹਿ ਗਈਆਂ, ਢਾਂਚੇ ਤੋਂ ਪਤਾ ਲਗਦਾ ਸੀ ਕਿ ਇਹ ਕੋਈ ਬੰਦਾ ਹੈ, ਫਰੀਦ ਜੀ ਨੇ ਆਪ ਲਿਖਿਆ ਹੈ ਕਿ –

***ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥ ਪੰਨਾ – 1380***

ਸਰੀਰ ਦਾ ਖੂਨ ਐਨਾ ਮੁਕਾ ਦਿਤਾ ਕਿ ਰੱਤੀ ਜਿੰਨਾ ਵੀ ਖੂਨ ਨਹੀਂ ਸੀ ਨਿਕਲਦਾ, ਕਿਉਂਕਿ ਮਾਸ ਨਹੀਂ ਸੀ ਰਿਹਾ,


Sri Satguru Jagjit Singh Ji eLibrary NamdhariElibrary@gmail.com

ਖ਼ੂਨ, ਚਮੜੀ ਤੇ ਮਾਸ ਦੇ ਵਿਚ ਹੀ ਸਮਾਅ ਗਿਆ। ਬਾਹਰ ਨਿਕਲਣ ਨੂੰ ਰਾਹ ਨਹੀਂ ਸੀ ਮਿਲਦਾ ਕਿਉਂਕਿ ਬਹੁਤ ਥੋੜ੍ਹਾ ਰਹਿ ਗਿਆ, ਏਸੇ ਤਰ੍ਹਾਂ ਆਪ ਨੇ ਫ਼ੁਰਮਾਨ ਕੀਤਾ ਹੈ -

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥ ਪੰਨਾ - 1382*

ਸਗਲਾ ਮਤਲਬ ਸਾਰਾ ਹੀ, ਬਾਕੀ ਨਹੀਂ ਕੁਝ ਬਚਿਆ, ਇਥੇ ਤੱਕ ਕਿ ਕਾਓਂ ਨੂੰ ਵਾਸਤਾ ਪਾ ਕੇ ਕਹਿੰਦੇ ਹਨ-

*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ਪੰਨਾ - 1382*

ਹੱਦ ਤੋਂ ਜ਼ਿਆਦਾ ਤਪਸਿਆ ਹੋ ਗਈ, ਅੰਦਾਜ਼ਾ ਲਗਾਉਣਾ ਹੀ ਔਖਾ ਹੈ, ਪੁਠੇ ਹੀ ਲਟਕਦੇ ਰਹਿਣਾ, ਦਰਖਤਾਂ ਨਾਲ ਜੰਗਲਾਂ ਵਿਚ ਖਲੋ ਕੇ ਹੀ ਤਪਸਿਆ ਕਰਨੀ, ਐਸੇ ਸਾਧਨ ਉਸ ਵੇਲੇ ਪ੍ਰਚਲਤ ਸਨ।

ਦੂਜੇ ਪਾਸੇ ਹੋਰ ਸਾਧਨ ਸਨ, ਜੋਗੀ ਲੋਕ ਭੀ ਜੰਗਲਾਂ, ਪਹਾੜਾਂ ਦੀਆਂ ਕੰਦਰਾਂ ਵਿਚ ਰਹਿੰਦੇ ਸਨ, ਧੋਤੀ, ਨੇਤੀ, ਨਿਉਲੀ, ਆਦਿ ਸਾਧਨ ਜਿਤਨੇ ਵੀ ਕਰਦੇ ਸਨ, ਬਹੁਤ ਔਖੇ ਸਨ, ਕੋਈ ਮਮੂਲੀ ਗੱਲ ਨਹੀਂ ਸੀ। ਜੋ ਪ੍ਰਾਣਾਯਾਮ ਦੀ ਜੋ ਖੇਡ ਸੀ, ਕੋਈ ਗਾਈਡ ਕਰਾਉਣ ਵਾਲਾ ਹੋਵੇ, ਇਕਾਂਤ ਹੋਵੇ, ਸਰੀਰ ਨੂੰ ਰਿਸ਼ਟ ਪੁਸ਼ਟ ਰੱਖਣ ਵਾਲੀ ਖੁਰਾਕ ਹੋਵੇ, ਭਾਵੇਂ ਥੋੜ੍ਹੀ ਹੋਵੇ ਪਰ ਹੋਵੇ ਅਜੇਹੀ ਜਿਸ ਨਾਲ ਸਰੀਰ ਤਕੜਾ ਰਹੇ, ਅਰੋਗ ਰਹੇ, ਤਾਂ ਫੇਰ ਉਹ ਯੋਗਾ ਅਭਿਆਸ ਕਰ ਸਕਿਆ ਕਰਦੇ ਸੀ। ਇਹ ਬਹੁਤ ਲੰਬਾ ਰਸਤਾ ਹੈ। ਇਕ ਵਾਰੀ ਮੈਂ ਵਿਸਥਾਰ ਨਾਲ ਦਸਿਆ ਸੀ ਕਿ ਰੀੜ ਦੀ ਹੱਡੀ ਦੇ ਆਖਰੀ ਸਿਰੇ ਤੇ ਭੁਜੰਗਾ ਨਾੜੀ ਨੇ ਸੁਖਮਨਾ ਨਾੜੀ ਦਾ ਮੂੰਹ ਬੰਦ ਕੀਤਾ ਹੋਇਆ ਹੈ, ਇਹ ਨਾੜੀ ਸਾਢੇ ਤਿੰਨ ਵਲ ਮਾਰ ਕੇ ਸੁੱਤੀ ਪਈ ਹੈ। ਇਸ ਵਿਚ ਕੁੰਡਲਨੀ ਸ਼ਕਤੀ ਹੈ, ਪ੍ਰਾਨ ਅਤੇ ਅਪਾਨ ਵਾਯੂ ਰਾਹੀਂ ਇਸ ਸਿਰੇ ਤੇ ਗਰਮੀ ਪੈਦਾ ਕਰਨ ਨਾਲ ਭੁਜੰਗਾ ਨਾੜੀ ਦਾ ਮੂੰਹ ਖੁਲ੍ਹ ਜਾਂਦਾ ਹੈ ਅਤੇ ਕੁੰਡਲਨੀ ਸ਼ਕਤੀ ਜਾਗ੍ਰਤ ਹੋ ਜਾਂਦੀ ਹੈ। ਉਸ ਨੂੰ ਜਗਾ ਕੇ ਫੇਰ ਮੂਲਧਾਰ ਚੱਕਰ ਖੋਲਣਾ, ਫੇਰ ਅੱਗੇ ਚੱਕਰ ਖੋਲਦੇ ਖੋਲਦੇ ਅਖੀਰ ਦਸਵੇਂ ਦੁਆਰ ਤਕ ਪਹੁੰਚਿਆ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਨੌਂ ਖੰਡਾਂ ਤੱਕ ਜਿਥੇ ਜਿਥੇ ਤਕ ਧਰਤੀ ਸੀ ਆਪ ਜਾ ਜਾ ਕੇ ਗੁਰਮਤਿ ਦਾ ਜੋ ਸਿਧਾਂਤ ਸੀ, ਸਹੀ ਰਸਤਾ ਪ੍ਰਗਟ ਕਰਕੇ ਆਪ ਇਸ ਸਿਧਾਂਤ ਨੂੰ ਦ੍ਰਿੜ੍ਹ ਕਰਾਇਆ ਕਰਦੇ ਸਨ ਕਿਉਂਕਿ ਦੁਨੀਆਂ ਬਹੁਤ ਔਝੜਾਂ ਵਿਚ ਪੈ ਗਈ ਸੀ। ਗੁਰੂ ਮਹਾਰਾਜ ਜੀ ਖਾਸ ਕਰਕੇ ਸਿਧਾਂ ਨੂੰ ਜਾ ਕੇ ਮਿਲੇ ਕਿਉਂਕਿ ਉਹਨਾਂ ਦਾ ਉਸ ਵੇਲੇ ਬਹੁਤ ਬੋਲ-ਬਾਲਾ ਸੀ। ਸੂਫੀ ਪੀਰ ਵੀ ਉਸ ਵੇਲੇ ਬਹੁਤ ਕਰਾਮਾਤੀ ਸਨ। ਪਰ ਸਿੱਧ ਆਮ ਜਨਤਾ ਨੂੰ ਬਹੁਤ ਕਰਾਮਾਤਾਂ, ਸ਼ਕਤੀਆਂ ਦਿਖਾਇਆ ਕਰਦੇ ਸਨ। ਸੋ ਗੁਰੂ ਮਹਾਰਾਜ ਜੀ ਜਦੋਂ ਸੁਮੇਰ ਪਰਬਤ ਤੇ ਮਾਨ ਸਰੋਵਰ ਝੀਲ ਤੇ ਗਏ ਉਥੇ ਮਹਾਰਾਜ ਜੀ ਦੀ ਨਿਗਾਹ ਸਿੱਧ ਮੰਡਲੀ ਤੇ ਪੈ ਗਈ, ਆਪ ਉਨ੍ਹਾਂ ਦੀਆਂ ਗੁਫਾਵਾਂ ਵਿਚ ਪਹੁੰਚ ਗਏ, ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਦੋਂ ਗੁਰੂ ਮਹਾਰਾਜ ਉਥੇ ਗਏ ਤਾਂ ਸਿੱਧ ਹੈਰਾਨ ਹੋ ਗਏ ਕਿ ਇਥੇ ਜਿਥੇ ਕੋਈ ਰਸਤਾ ਨਹੀਂ ਹੈ, ਬਰਫਾਂ ਪਈਆਂ ਹਨ, ਅੱਜ ਤੋਂ ਪੰਜ ਸੌ ਸਾਲ ਪਹਿਲਾਂ ਉਹਨਾਂ ਜ਼ਮਾਨਿਆਂ ਵਿਚ ਜੰਗਲ ਹੀ ਜੰਗਲ ਸਨ। ਹੈਰਾਨ ਹੋ ਰਹੇ ਸਨ ਕਿ ਇਹ ਤਿੰਨ ਜਣੇ ਕਿਥੋਂ ਆ ਗਏ? ਭਾਈ ਗੁਰਦਾਸ ਜੀ ਇਸ ਤਰ੍ਹਾਂ ਫ਼ੁਰਮਾਨ ਕਰਦੇ ਹਨ ਕਿ -

*ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ। ਭਾਈ ਗੁਰਦਾਸ ਜੀ ਦੀ ਵਾਰ 1/28*

ਮਹਾਰਾਜ ਤਾਂ ਯੂਰਪ ਵਿਚ ਵੀ ਗਏ, ਅਸੀਂ ਤਾਂ ਮਿਸਰ ਸੁਡਾਨ ਤੋਂ ਅਗੇ ਗਏ ਦਸਦੇ ਨਹੀਂ ਹਾਂ, ਸਿਰਫ ਮਿਸਰ ਤਕ ਗਏ ਹੀ ਕਹਿੰਦੇ ਹਾਂ, ਪਰ ਜਨਮ ਸਾਖੀ ਵਿਚ ਆਉਂਦਾ ਹੈ ਕਿ ਜਿਥੇ ਤਕ ਵੀ ਧਰਤੀ ਸੀ, ਕੋਈ ਬੰਦਾ ਸੀ ਉਥੇ ਤਕ ਗੁਰੂ ਨਾਨਕ ਸਾਹਿਬ ਪਹੁੰਚੇ। ਕਈ ਸ਼ੰਕਾਵਾਦੀ ਐਸੀ ਗਲ ਕਰ ਦਿੰਦੇ ਹਨ ਕਿ ਮਹਾਰਾਜ ਉਹਨਾਂ ਲੋਕਾਂ ਨਾਲ ਕਿਵੇਂ ਗੱਲ ਕਰ ਲੈਂਦੇ ਸਨ? ਕੀ ਇਸ਼ਾਰਿਆਂ ਨਾਲ ਗੱਲ ਕਰਦੇ ਸਨ? ਸਾਧ ਸੰਗਤ ਜੀ, ਇਸ਼ਾਰਿਆਂ ਨਾਲ ਨਹੀਂ ਸਨ ਕਰਦੇ। ਜਦੋਂ ਆਪੇ ਹੀ ਸਭ ਕੁਝ ਸਨ, ਆਪ ਸਰਬ ਵਿਦਿਆ ਯੋਗੀ ਸੀ, ਆਪੇ ਹੀ ਪਰਮੇਸ਼ਰ ਸਨ, ਸਭ ਦੇ ਅੰਦਰ ਪਰਮੇਸ਼ਰ ਹੀ ਹੈ, ਗੁਰੂ ਨਾਨਕ ਦੇਵ ਆਪ ਹੀ ਪਰਮੇਸ਼ਰ ਸਨ, ਆਪ ਹੀ ਨਿਰੰਕਾਰ ਸਨ, ਗੁਰੂ ਰੂਪ ਵਿਚ ਪ੍ਰਗਟ ਹੋਏ ਸਨ - ਸੰਸਾਰ ਦਾ ਉਧਾਰ ਕਰਨ ਵਾਸਤੇ। ਉਹ ਸਰਬ ਕਲਾ ਸਮਰੱਥ ਸਨ।

ਉਹਨਾਂ ਦੀ ਇਕ ਹੀ ਬੋਲੀ ਨਹੀਂ ਸੀ, ਜਾਨਵਰਾਂ ਦੀ ਵੀ ਬੋਲੀ, ਤੱਤਾਂ ਦੀ ਵੀ ਬੋਲੀ ਸਾਰੀ ਉਹਨਾਂ ਦੇ ਸਮਝ ਵਿਚ ਆਉਂਦੀ ਸੀ, ਬੋਲੀ ਦੇ ਚਾਰ ਹਿਸੇ ਹੁੰਦੇ ਹਨ, ਪਹਿਲੀ ਬੋਲੀ ਹੁੰਦੀ ਹੈ ਪਰਾ, ਇਸ ਬੋਲੀ ਨੂੰ ਬ੍ਰਹਮ ਮੰਡਲ ਦੀ ਬੋਲੀ ਆਖਦੇ ਹਨ, ਦੂਜੀ ਹੋਇਆ ਕਰਦੀ ਹੈ ਭਾਵਾਂ ਦੀ ਬੋਲੀ, ਜਿਸ ਨੂੰ ਪਸੰਤੀ ਆਖਦੇ ਹਨ, ਏਥੇ ਵੀ ਇਸਦੇ ਅੱਖਰ (words) ਨਹੀਂ ਬਣਦੇ, ਕੇਵਲ ਭਾਵ ਬਣਦੇ ਹਨ। ਏਸ ਤੋਂ ਅੱਗੇ ਬੋਲੀ ਹੁੰਦੀ ਹੈ, ਜਦੋਂ ਨਿਕਲਣ ਲਗਦੀ ਹੈ ਤਾਂ ਫੁਰਨੇ ਦਾ ਰੂਪ ਧਾਰਦੀ ਹੈ, ਗਲੇ ਵਿਚ ਆ ਕੇ ਇਹ ਮਧਮਾ ਬਣ ਜਾਂਦੀ ਹੈ। ਫੇਰ ਉਸ ਤੋਂ ਅੱਗੇ ਆ ਕੇ ਇਹ ਬੈਖਰੀ ਬਣ ਜਾਂਦੀ ਹੈ, ਜਿਹੜੀ ਕਿ ਆਪਾਂ ਬੋਲਦੇ ਹਾਂ। ਉਹ ਜਿਹੜੀ ਪਰਾ ਬਾਨੀ ਹੈ ਉਹ ਵੀ ਬਾਨੀ ਹੈ, ਜਿਹੜੀ ਭਾਵਾਂ ਦੀ ਬਾਨੀ ਹੈ ਉਸ ਨੂੰ ਮਸ਼ੀਨਾਂ ਫੜਨ ਦਾ ਯਤਨ ਕਰਦੀਆਂ ਹਨ, ਬਈ ਆਦਮੀ ਦੇ ਭਾਵ ਫੜ ਲਏ ਜਾਣ, ਏਸੇ ਕਰਕੇ ਲਾਈ ਡੀਟੈਕਟਰ (lie detector) ਲਾਏ ਜਾਂਦੇ ਹਨ ਜਿਹੜੇ ਆਦਮੀ ਦੇ ਭਾਵ ਨੂੰ ਫੜ ਲੈਂਦੇ ਹਨ, ਇਹ ਪਹਿਲਾਂ ਵੀ ਸੀ।

ਦੁਆਪਰ ਵਿਚ ਰਾਜਾ ਜਰਾਸਿੰਧ ਸੀ, ਉਸ ਕੋਲ ਕ੍ਰਿਸ਼ਨ ਮਹਾਰਾਜ ਜੀ ਗਏ ਸਨ। ਉਸਨੇ ਆਪਣੀ ਰਾਖੀ ਵਾਸਤੇ ਕੋਈ ਪੁਲਿਸ ਵਗੈਰਾ ਨਹੀਂ ਸੀ ਰਖੀ ਹੋਈ। ਉਸ ਨੂੰ ਪੁਲਿਸ ਅਤੇ ਫੌਜਾਂ ਤੇ ਵਿਸ਼ਵਾਸ ਨਹੀਂ ਸੀ, ਬਈ ਸ਼ਾਇਦ ਏਹੀ ਵਿਗੜ ਜਾਣ। ਉਹ ਦਰਵਾਜੇ ਬੰਦ ਨਹੀਂ ਸੀ ਕਰਦਾ, ਖੁਲੇ ਰਹਿੰਦੇ ਸਨ, ਉਥੇ ਇਕ ਆਰਾ ਲਗਿਆ ਹੁੰਦੀ ਸੀ। ਉਹ



Sri Satguru Jagjit Singh Ji eLibrary NamdhariElibrary@gmail.com

ਇਤਨਾ sensitive ਸੀ ਕਿ ਜੇਕਰ ਕੋਈ ਬੰਦਾ ਗਲਤ ਨੀਤੀ ਨਾਲ ਉਹਦੇ ਕੋਲੋਂ ਦੀ ਲੰਘਣਾ ਚਾਹੇ ਤਾਂ ਉਹ ਲੰਘਣ ਨਹੀਂ ਸੀ ਦਿੰਦਾ ਤੇ ਉਸੇ ਵਕਤ ਸਿਰ ਕੱਟ ਕੇ ਪਰਾਂ ਸੁਟਦਾ ਸੀ। ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਕਿਹਾ ਕਿ ਆਪਾਂ ਜਰਾਸਿੰਧ ਦੇ ਮਿਤਰ ਨਹੀਂ ਹਾਂ, ਆਪਾਂ ਦੁਸ਼ਮਨ ਹਾਂ, ਇਸਨੇ ਪਹਿਰਾ ਤਾਂ ਕੋਈ ਰਖਿਆ ਨਹੀਂ ਹੋਇਆ, ਇਸਨੇ ਚਿਤ ਦੀ ਚਿਤਵਨੀ ਨੂੰ ਸਮਝਣ ਵਾਲਾ ਆਰਾ ਲਗਾਇਆ ਹੋਇਆ ਹੈ ਜੋ ਕਿ ਸਾਡੇ ਸਿਰ ਤੇ ਗਿਰ ਜਾਏਗਾ। ਸੋ ਅਸੀਂ ਇਸ ਦੇ ਹੇਠਾਂ ਤੋਂ ਨਹੀਂ ਲੰਘ ਸਕਦੇ। ਅਰਜਨ ਕਹਿਣ ਲੱਗਾ, ਮਹਾਰਾਜ ਫਿਰ ਕਿਥੋਂ ਲੰਘੀਏ, ਆਪ ਨੇ ਕਿਹਾ ਕਿ ਆਪਾਂ ਕਿਲੇ ਦੀ ਕੰਧ ਟਪ ਕੇ ਅੰਦਰ ਚਲੇ ਜਾਵਾਂਗੇ।

ਸੋ ਇਸ ਤਰ੍ਹਾਂ ਭਾਵਾਂ ਦੀ ਬੋਲੀ ਹੁੰਦੀ ਹੈ, ਗੁਰੂ ਨਾਨਕ ਸਾਹਿਬ ਸਭ ਬੋਲੀਆਂ ਜਾਣਦੇ ਸਨ, ਹਰ ਇਕ ਦੀ ਬੋਲੀ ਜਾਣਦੇ ਸਨ, ਸੋ ਜਿਥੇ ਤਕ ਵੀ ਪ੍ਰਿਥਵੀ ਸੀ ਗੁਰੂ ਨਾਨਕ ਦੇਵ ਉਥੇ ਤਕ ਗਏ, ਜਾ ਕੇ ਉਪਦੇਸ਼ ਦਿਤਾ –

***ਫਿਰਿ ਜਾਇ ਚੜ੍ਹਿਆ ਸੁਮੇਰ ਪਰ, ਸਿਧ ਮੰਡਲੀ ਦ੍ਰਿਸਟੀ ਆਈ। ਭਾਈ ਗੁਰਦਾਸ ਜੀ ਦੀ ਵਾਰ 1/28***

ਫਿਰ ਸੁਮੇਰ ਪਰਬਤ ਤੇ ਚਲੇ ਗਏ ਉਥੇ ਜਾ ਕੇ ਕੀ ਦੇਖਦੇ ਹਨ। ਬਹੁਤ ਵੱਡੀਆਂ ਵੱਡੀਆਂ ਉਮਰਾਂ ਵਾਲੇ ਸਿੱਧ ਬੈਠੇ ਹਨ, ਸਮਾਧੀਆਂ ਲਗਾਈਆਂ ਹੋਈਆਂ ਹਨ, ਕਾਫੀ ਸਿੱਧ ਸਨ ਜਿਹਨਾਂ ਦੀ ਗਿਣਤੀ ਚੌਰਾਸੀ ਗਿਣੀ ਜਾਂਦੀ ਹੈ –

***ਚਉਰਾਸੀਹ ਸਿਧ ਗੋਰਖਾਦਿ, ਮਨਿ ਅੰਦਰਿ ਗਣਤੀ ਵਰਤਾਈ॥ ਭਾਈ ਗੁਰਦਾਸ ਜੀ ਦੀ ਵਾਰ 1/28***

ਜਦੋਂ ਉਹਨਾਂ ਨੇ ਦੇਖਿਆ ਕਿ ਇਹ ਛੋਟੀ ਉਮਰ ਵਾਲਾ ਕੌਣ ਆ ਰਿਹਾ ਹੈ ਤਾਂ ਉਹਨਾਂ ਦੇ ਮਨ ਵਿਚ ਕੁਝ ਹੈਰਾਨੀ ਹੋ ਗਈ।

ਕੁਝ ਗਿਣਤੀ ਮਿਣਤੀ ਹੋਣ ਲਗ ਪਈ ਕਿ ਇਹ ਇਥੇ ਕਿਸ ਤਰ੍ਹਾਂ ਆ ਗਿਆ ਹੈ? ਬਹੁਤ ਕਰਾਮਾਤੀ ਪੁਰਸ਼ ਹੈ ਜੋ ਇਥੇ ਆ ਗਿਆ। ਜਦੋਂ ਗੁਰੂ ਨਾਨਕ ਜੀ ਉਨ੍ਹਾਂ ਦੇ ਕੋਲ ਚਲੇ ਗਏ ਤਾਂ ਉਥੇ ਜਾ ਕੇ ਪਰਸਪਰ ਬਾਤ ਚੀਤ ਹੋਈ, ਤਾਂ ਸਿੱਧਾਂ ਨੇ ਪਹਿਲਾ ਸਵਾਲ ਹੀ ਗੁਰੂ ਮਹਾਰਾਜ ਤੇ ਇਹ ਕੀਤਾ –

***ਸਿਧ ਪੁਛਣਿ ਸੁਣਿ ਬਾਲਿਆ! ਕਉਣੁ ਸਕਤਿ ਤੁਹਿ ਏਥੇ ਲਿਆਈ। ਭਾਈ ਗੁਰਦਾਸ ਜੀ ਦੀ ਵਾਰ 1/28***

ਸਾਨੂੰ ਇਹ ਤਾਂ ਦਸ ਕਿ ਕਿਹੜੀ ਸ਼ਕਤੀ ਹੈ ਜੋ ਤੈਨੂੰ ਏਥੇ ਲੈ ਆਈ ਹੈ? ਕੀ ਤੂੰ ਪ੍ਰਾਣਾਯਾਮ ਕੀਤਾ ਹੈ, ਜਾਂ ਕੋਈ ਹੋਰ 'ਅਉਖਦੀਆਂ' ਨੂੰ ਸਿਧ ਕੀਤਾ ਹੈ, ਜਾਂ ਕੋਈ ਜੰਤਰ ਮੰਤਰ ਸਿੱਧ ਕੀਤਾ ਹੈ, ਕਿਉਂਕਿ ਏਥੇ ਆਉਣਾ ਬਹੁਤ ਮੁਸ਼ਕਿਲ ਹੈ।

***ਧਾਰਨਾ – ਕਿਹੜੀ ਸ਼ਕਤੀ ਤੈਨੂੰ ਇਥੇ ਲਿਆਈ,***
***ਸਿੱਧ ਪੁਛਣ ਦਸੀਂ ਬਾਲਿਆ –2, 2.***
***ਮੇਰੇ ਪਿਆਰੇ, ਸਿਧ ਪੁਛਣ ਦੱਸੀ ਬਾਲਿਆ –2, 2.***
***ਕਿਹੜੀ ਸ਼ਕਤੀ ਤੈਨੂੰ ਇਥੇ ਲਿਆਈ,... –2.***

ਸਿੱਧਾਂ ਦੇ ਮਨ ਵਿਚ ਹੈਰਾਨੀ ਸੀ, ਕਹਿਣ ਲੱਗੇ ਸਾਨੂੰ ਇਹ ਤਾਂ ਦਸ –

***ਸਿਧ ਪੁਛਣਿ ਸੁਣਿ ਬਾਲਿਆ!***
***ਕਉਣੁ ਸਕਤਿ ਤੁਹਿ ਏਥੇ ਲਿਆਈ।***
***ਭਾਈ ਗੁਰਦਾਸ ਜੀ ਦੀ ਵਾਰ 1/28***

ਸਾਨੂੰ ਦਸ ਤੇਰੇ ਕੋਲ ਕਿਹੜੀ ਸ਼ਕਤੀ ਹੈ ਕਿਉਂਕਿ ਉਹ ਸ਼ਕਤੀਆਂ ਦੇ ਪੁਜਾਰੀ ਸਨ, ਰਿਧੀ ਸਿਧੀ ਵਿਚ ਵਿਸ਼ਵਾਸ ਰਖਦੇ ਸਨ। ਮਹਾਤਮਾ ਦੀ ਨਿਸ਼ਾਨੀ ਹੀ ਇਹੋ ਸਮਝਦੇ ਸੀ ਕਿ ਉਹਦੇ ਵਿਚ ਸ਼ਕਤੀ ਹੋਣੀ ਚਾਹੀਦੀ ਹੈ, ਜੇ ਮਹਾਤਮਾ ਪਾਸ ਕੋਈ ਸ਼ਕਤੀ ਨਾ ਹੋਵੇ ਤਾਂ ਫਿਰ ਉਸ ਪਾਸ ਕੋਈ ਜਾਂਦਾ ਆਉਂਦਾ ਹੀ ਨਹੀਂ, ਭਾਵੇਂ ਉਸ ਨੂੰ ਆਤਮ ਗਿਆਨ ਹੋਵੇ। ਸੰਤ ਤਾਂ ਪੂਰਨ ਆਤਮ ਗਿਆਨੀ ਹੁੰਦੇ ਹਨ ਪਰ ਇਸ ਦੇ ਵਿਪਰੀਤ ਅਸਾਡਾ ਮਤ ਤਾਂ ਇਹ ਹੈ ਕਿ ਸੰਤਾਂ ਪਾਸ ਰਿੱਧੀਆਂ-ਸਿੱਧੀਆਂ ਸ਼ਕਤੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਉਹ ਸ਼ਕਤੀਆਂ ਰਾਹੀਂ ਨਾਟਕ ਚੇਟਕ ਕਰ ਸਕਣ ਦੀ ਸਮਰੱਥਾ ਰਖਦਾ ਹੋਵੇ ਅਤੇ ਲੋਕਾਂ ਨੂੰ ਰੀਝਾ ਸਕੇ।

ਥੋੜ੍ਹੇ ਦਿਨਾਂ ਦੀ ਗੱਲ ਹੈ ਕਿ ਇਕ ਪ੍ਰੇਮੀ ਨੇ ਬਹੁਤ ਸਾਧਨਾ ਕੀਤੀ ਹੋਈ ਹੈ, ਕੋਈ ਮਾਮੂਲੀ ਗੱਲ ਨਹੀਂ ਹੈ, ਹਫਤਾ ਭਰ ਪਾਣੀ ਵਿਚ ਬੈਠਾ ਰਿਹਾ, ਸਾਹ ਹੀ ਨਹੀਂ ਲਿਆ ਉਸਨੇ। ਸਾਧਨ ਤਾਂ ਬਹੁਤ ਵਧੀਆ ਹੈ ਕਿਉਂਕਿ ਐਸੇ ਪੁਰਸ਼ ਦ੍ਰਿੜ੍ਹ ਇਰਾਦਿਆਂ ਵਾਲੇ ਹੁੰਦੇ ਹਨ, ਐਵੇਂ ਕੱਚੇ ਇਰਾਦਿਆਂ ਵਾਲੇ ਨਹੀਂ ਹੁੰਦੇ ਪਰ ਇਹ ਚੀਜ਼ਾਂ ਕਿਸੇ ਅਵਸਥਾ ਤੇ ਨਹੀਂ ਪਹੁੰਚਾਉਂਦੀਆਂ। ਜੇਕਰ ਐਨੀ ਮਿਹਨਤ ਭਜਨ ਬੰਦਗੀ ਵਾਲੇ ਪਾਸੇ ਕੀਤੀ ਜਾਵੇ ਤਾਂ ਬਹੁਤ ਵੱਡੀ ਪ੍ਰਾਪਤੀ ਹੋ ਸਕਦੀ ਹੈ, ਜਦੋਂ ਕਿਸੇ ਇਕ ਸੰਤ ਨੇ ਦੂਜੇ ਸੰਤ ਨੂੰ ਮਿਲਣਾ ਹੁੰਦਾ ਹੈ ਤਾਂ ਪਹਿਲਾਂ ਇਹ ਦੇਖਦਾ ਹੈ ਕਿ ਇਹਦੇ ਵਿਚ ਕਿੰਨੀ ਵੱਡੀ ਸ਼ਕਤੀ ਹੈ।

ਜਦੋਂ ਕੋਈ ਕਿਸੇ ਨੂੰ ਮਾਇਆ ਦੇ ਹਿਸਾਬ ਨਾਲ ਦੇਖਦਾ ਹੈ ਤਾਂ ਉਸ ਨੂੰ ਸੋਨੇ ਦੇ ਗਜ ਨਾਲ ਨਾਪਦਾ ਹੈ ਕਿ ਇਸਦੀਆਂ ਕਿੰਨੀਆਂ ਕੋਠੀਆਂ ਹਨ, ਕਿਹੋ ਜਿਹੇ ਕੰਮ ਕਰਦਾ ਹੈ, ਜ਼ਮੀਨ ਜਾਇਦਾਦ ਕਿੰਨੀ ਹੈ? ਫਿਰ ਉਹੋ ਜਿਹਾ ਹੀ ਆਦਰ ਸਤਿਕਾਰ ਹੁੰਦਾ ਹੈ। ਸੋ ਜਿਹੜੇ ਸਾਧੂ ਹੁੰਦੇ ਹਨ, ਉਹ ਦੇਖਦੇ ਹਨ ਕਿ ਇਹਦੇ ਕੋਲ ਕਿੰਨੀ ਵੱਡੀ ਸ਼ਕਤੀ ਹੈ, ਕਿੰਨਾ ਵੱਡਾ ਡੇਰਾ ਹੈ ਇਸ ਕੋਲ ਕਿੰਨੇ ਸੇਵਕ ਹਨ। ਸੋ ਖਿਆਲ ਐਸੇ ਹੀ ਸਨ ਉਨ੍ਹਾਂ ਦਿਨਾਂ ਵਿਚ, ਸਿੱਧਾਂ ਨੇ ਮਹਾਰਾਜ ਤੇ ਸ਼ਕਤੀ ਦੇ ਸਬੰਧ ਦੇ ਹੀ ਸਵਾਲ ਕਰ ਦਿੱਤੇ।

***ਸਿਧ ਪੁਛਣਿ ਸੁਣਿ ਬਾਲਿਆ!***
***ਕਉਣੁ ਸਕਤਿ ਤੁਹਿ ਏਥੇ ਲਿਆਈ।***



Sri Satguru Jagjit Singh Ji eLibrary NamdhariElibrary@gmail.com

*ਭਾਈ ਗੁਰਦਾਸ ਜੀ ਦੀ ਵਾਰ1/28*

ਸਾਨੂੰ ਇਹ ਦਸ ਤੇਰੇ ਕੋਲ ਕਿਹੜੀ ਸ਼ਕਤੀ ਹੈ, ਜਿਹੜੀ ਤੈਨੂੰ ਇਥੇ ਲਿਆਈ ਹੈ? ਗੁਰੂ ਨਾਨਕ ਸਾਹਿਬ ਚੁਪ ਕਰ ਰਹੇ, ਮਹਾਰਾਜ ਨੇ ਫਿਰ ਉਤਰ ਦਿੱਤਾ ਕਿ ਅਸੀਂ ਤਾਂ ਕੋਈ ਐਸੇ ਸਾਧਨ ਨਹੀਂ ਕੀਤੇ, ਨਾ ਪ੍ਰਾਣਾਯਾਮ ਕੀਤਾ ਹੈ, ਨਾ ਕੋਈ ਨੇਤੀ ਧੋਤੀ ਦੇ ਸਾਧਨ ਕੀਤੇ ਹਨ, ਅਸੀਂ ਤਾਂ ਕੇਵਲ ਇਕੋ ਹੀ ਸਾਧਨ ਕੀਤਾ ਹੈ -

*ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗਿ ਤਾੜੀ ਲਾਈ॥ ਭਾਈ ਗੁਰਦਾਸ ਜੀ ਦੀ ਵਾਰ1/28*

ਇਕ ਪਰਮੇਸ਼ਰ ਦਾ ਨਾਮ ਜਪਿਆ ਹੈ, ਇਕ ਪਰਮੇਸ਼ਰ ਨੂੰ ਪਿਆਰ ਕੀਤਾ ਹੈ।

ਸਿੱਧ ਕਹਿਣ ਲੱਗੇ ਇਹ ਤਾਂ ਕੋਈ ਸਾਧਨ ਹੀ ਨਹੀਂ ਹੈ ਜੋ ਤੁਸੀਂ ਕੀਤਾ ਹੈ, ਪਿਆਰ ਕਰਨਾ ਕੋਈ ਸਾਧਨ ਨਹੀਂ ਹੈ, ਜਾਪ ਕਰਨਾ ਕੋਈ ਸਾਧਨ ਨਹੀਂ ਹੈ, ਅੱਛਾ ਪਹਿਲਾਂ ਤੂੰ ਆਪਣਾ ਨਾਮ ਤੇ ਦੱਸ -

*ਆਖਣਿ ਸਿਧ ਸੁਣਿ ਬਾਲਿਆ! ਅਪਣਾ ਨਾਉ ਤੁਮ ਦੇਹੁ ਬਤਾਈ?*
*ਬਾਬਾ ਆਖੇ ਨਾਥ ਜੀ! ਨਾਨਕ ਨਾਮ ਜਪੇ ਗਤਿ ਪਾਈ।*
*ਭਾਈ ਗੁਰਦਾਸ ਜੀ ਦੀ ਵਾਰ1/28*

ਇਸ ਤਰ੍ਹਾਂ ਗੁਰੂ ਸਾਹਿਬ ਆਪਣਾ ਨਾਮ ਵੀ ਦੱਸ ਗਏ ਨਾਲ ਇਹ ਵੀ ਦੱਸ ਦਿੱਤਾ ਕਿ ਅਸੀਂ ਤਾਂ ਪਰਮੇਸ਼ਰ ਦਾ ਨਾਮ ਜਪ ਕੇ ਉਸ ਨਾਲ ਗੱਠ ਪਾਈ ਹੈ

*ਨੀਚੁ ਕਹਾਇ ਊਚ ਘਰਿ ਆਈ॥*
*ਭਾਈ ਗੁਰਦਾਸ ਜੀ ਦੀ ਵਾਰ1/28*

ਕਿਉਂਕਿ ਨਿਮਰਤਾ ਦੇ ਨਾਲ, ਹੈਂਕੜ ਦੇ ਨਾਲ ਨਹੀਂ, ਨਿਮਰਤਾ ਦੇ ਨਾਲ ਸਾਨੂੰ ਜੋ ਉਚਾ ਘਰ ਦਸਵਾਂ ਦੁਆਰਾ ਹੈ, ਜੋ ਪਰਮੇਸ਼ਰ ਦਾ ਦੁਆਰਾ ਹੈ, ਉਸ ਥਾਂ ਤੇ ਸਾਡੀ ਬਿਰਤੀ ਹੈ, ਪਰਮੇਸ਼ਰ ਨੂੰ ਜਪ ਕੇ, ਅਸੀਂ ਇਥੇ ਪਹੁੰਚੇ ਹਾਂ। ਜਦੋਂ ਸਿੱਧਾਂ ਨੇ ਐਨੀ ਗੱਲ ਸੁਣੀ ਤਾਂ ਮਹਾਰਾਜ ਤੇ ਸੁਆਲ ਕਰ ਦਿਤਾ ਕਿ ਕੀ ਤੁਸੀਂ ਮਾਤ ਲੋਕ ਤੋਂ ਆਏ ਹੋ? ਮਾਤਲੋਕ ਭਾਰਤਵਰਸ਼ ਨੂੰ ਕਿਹਾ ਕਰਦੇ ਸਨ। ਮਹਾਰਾਜ ਨੇ ਜਵਾਬ ਦਿੱਤਾ, "ਹਾਂ! ਅਸੀਂ ਉਥੋਂ ਆਏ ਹਾਂ।" ਅੱਛਾ ਦੱਸੋ, ਉਥੇ ਕੀ ਵਰਤਾਰਾ ਹੋ ਰਿਹਾ ਹੈ?

*ਧਾਰਨਾ - ਮਾਤ ਲੋਕ ਵਿਚ ਕੀ ਹੈ ਵਰਤਾਰਾ,*
*ਸਿਧ ਪੁਛਣ ਦੱਸੀਂ ਨਾਨਕਾ -2, 2.*
*ਮੇਰੇ ਪਿਆਰੇ, ਸਿੱਧ ਪੁਛਣ ਦੱਸੀਂ ਨਾਨਕਾ -2, 2.*
*ਮਾਤ ਲੋਕ ਵਿਚ ਕੀ ਹੈ ਵਰਤਾਰਾ,..... -2.*

*ਫਿਰਿ ਪੁਛਣਿ ਸਿਧ ਨਾਨਕਾ! ਮਾਤ ਲੋਕ ਵਿਚਿ ਕਿਆ ਵਰਤਾਰਾ?*

*ਭਾਈ ਗੁਰਦਾਸ ਜੀ ਦੀ ਵਾਰ 1/29*

ਸਿੱਧ ਕਹਿਣ ਲੱਗੇ ਸਾਨੂੰ ਦੱਸੀਂ ਮਾਤਲੋਕ ਦਾ ਕੀ ਹਾਲ ਚਾਲ ਹੈ? ਸਾਨੂੰ ਤਾਂ ਉਥੋਂ ਆਇਆਂ ਬਹੁਤ ਸਮਾਂ ਹੋ ਗਿਆ, ਅਸੀਂ ਤਾਂ ਇਹਨਾਂ ਗੁਫਾਵਾਂ ਦੇ ਅੰਦਰ ਪ੍ਰਾਣਾਯਾਮ ਦੇ ਬਲ ਨਾਲ, ਸਵਾਸ ਉਪਰ ਚੜ੍ਹਾ ਕੇ, ਏਥੇ ਬਹੁਤ ਸਾਲਾਂ ਤੋਂ ਬੈਠੇ ਹਾਂ, ਸਾਨੂੰ ਕੋਈ ਖਬਰ ਨਹੀਂ ਪਹੁੰਚੀ, ਕਿਉਂਕਿ ਏਥੇ ਕੋਈ ਆਇਆ ਹੀ ਨਹੀਂ ਹੈ, ਐਡੇ ਬਿਖੜੇ ਸਥਾਨਾਂ ਤੇ ਜਿਥੇ ਬਰਫਾਂ ਹੀ ਬਰਫਾਂ ਹਨ। ਜਿਥੇ ਆਦਮੀ ਆ ਹੀ ਨਹੀਂ ਸਕਦਾ, ਅਸੀਂ ਤਾਂ ਸ਼ਕਤੀਆਂ ਦੇ ਨਾਲ ਪਹੁੰਚਦੇ ਹਾਂ, ਉੱਡ ਕੇ ਪਹੁੰਚਦੇ ਹਾਂ, ਫੇਰ ਏਥੇ ਔਖਧੀਆਂ ਖਾ ਕੇ ਆਪਣੇ ਸਰੀਰ ਨੂੰ ਠੀਕ ਰਖਦੇ ਹਾਂ, ਬਹੁਤ ਗਰਮ ਚੀਜ਼ਾਂ ਖਾਂਦੇ ਹਾਂ ਜੋ ਬਰਫਾਂ ਵਿਚ ਹੀ ਠੀਕ ਰਹਿੰਦੀਆਂ ਹਨ, ਮੈਦਾਨਾਂ ਵਿਚ ਜਾ ਕੇ ਖਾਧੀਆਂ ਜਾਣ ਤਾਂ ਸਰੀਰ ਬਿਮਾਰ ਹੋ ਜਾਂਦਾ ਹੈ। ਸੋ ਸਾਡੇ ਕੋਲ ਕੋਈ ਆਇਆ ਹੀ ਨਹੀਂ।

*ਫਿਰਿ ਪੁਛਣਿ ਸਿਧ ਨਾਨਕਾ!*
*ਮਾਤ ਲੋਕ ਵਿਚਿ ਕਿਆ ਵਰਤਾਰਾ?।*

*ਭਾਈ ਗੁਰਦਾਸ ਜੀ ਦੀ ਵਾਰ 1/29*



Sri Satguru Jagjit Singh Ji eLibrary NamdhariElibrary@gmail.com

ਫਿਰ ਸਿਧ ਆਪਸ ਵਿਚ ਇਕ ਦੂਜੇ ਵੱਲ ਦੇਖਦੇ ਹਨ, ਸਭ ਦੇ ਮਨ ਦੇ ਅੰਦਰ ਇਕੋ ਹੀ ਵੀਚਾਰ ਚਲ ਰਹੀ ਹੈ, ਕਿਉਂਕਿ ਮਹਾਰਾਜ ਨੇ ਆਪਣਾ ਨਾਮ ਦੱਸ ਦਿਤਾ ਸੀ।

*ਬਾਬਾ ਆਖੇ ਨਾਥ ਜੀ!*
*ਨਾਨਕ ਨਾਮ ਜਪੇ ਗਤਿ ਪਾਈ।*
*ਭਾਈ ਗੁਰਦਾਸ ਜੀ ਦੀ ਵਾਰ 1/28*

ਜਦੋਂ ਨਾਨਕ ਨਾਮ ਸੁਣਿਆ ਤਾਂ ਸਿੱਧਾਂ ਦੇ ਧਿਆਨ ਵਿਚ ਆ ਗਿਆ ਕਿ ਭਵਿੱਖਤ ਪਰਾਨ ਵਿਚ ਲਿਖਿਆ ਹੋਇਆ ਹੈ ਕਿ ਮਧੁਰ ਦੇਸ ਵਿਚ, ਪੱਛਮ ਦਿਸ਼ਾ ਵਿਚ ਨਾਨਕ ਨਾਮ ਦਾ ਅਵਤਾਰ ਪਰਮੇਸ਼ਰ ਨੇ ਧਾਰਨਾ ਹੈ ਤੇ ਸੰਸਾਰ ਨੂੰ ਸਿਧੇ ਰਸਤੇ ਪਾਉਣਾ ਹੈ, ਐਸਾ ਰਸਤਾ ਦਸਣਾ ਹੈ ਕਿ ਬਹੁਤ ਵਿਗੜੇ ਤੋਂ ਵਿਗੜੇ ਹਾਲਾਤ ਵਿਚ ਵੀ ਆਦਮੀ ਦਾ ਪਾਰ ਉਤਾਰਾ ਹੋ ਜਾਵੇਗਾ। ਕਿਧਰੇ ਇਹ ਉਹੋ ਨਾਨਕ ਹੀ ਤਾਂ ਨਹੀਂ ਆ ਗਿਆ–

*ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ। ਭਾਈ ਗੁਰਦਾਸ ਜੀ ਦੀ ਵਾਰ 1/29*

ਏਥੇ ਹੋਰ ਤਾਂ ਕੋਈ ਆ ਨਹੀਂ ਸਕਦਾ, ਸਾਡੇ ਕੋਲ ਜੋ ਆਉਣ ਦਾ ਮਨੋਰਥ ਹੈ ਸੋ ਇਹੀ ਅਵਤਾਰ ਹੈ ਜੋ ਤਾਰਨ ਲਈ ਆ ਗਿਆ ਹੈ।

*ਬਾਬੇ ਆਖਿਆ ਨਾਥ ਜੀ!*
*ਸਚੁ ਚੰਦ੍ਰਮਾਂ ਕੂੜੁ ਅੰਧਾਰਾ।*
*ਭਾਈ ਗੁਰਦਾਸ ਜੀ ਦੀ ਵਾਰ 1/29*

ਗੁਰੂ ਜੀ ਨੇ ਕਿਹਾ, ਬਈ ਤੁਸੀਂ ਮੇਰੇ ਕੋਲੋਂ ਪੁਛਦੇ ਹੋ ਕਿ ਮਾਤ ਲੋਕ ਦਾ ਕੀ ਹਾਲ ਹੈ? ਕਹਿੰਦੇ ਹਾਲ ਤਾਂ ਇਹ ਹੈ –

*................ ਸਚੁ ਚੰਦ੍ਰਮਾਂ ਕੂੜੁ ਅੰਧਾਰਾ।*
*ਭਾਈ ਗੁਰਦਾਸ ਜੀ ਦੀ ਵਾਰ 1/29*

ਸੱਚ ਰੂਪੀ ਚੰਦਰਮਾ ਅਲੋਪ ਹੋ ਗਿਆ ਹੈ, ਕੂੜਾਂ ਦਾ ਅਨ੍ਹੇਰਾ ਫੈਲ ਗਿਆ ਹੈ। ਮੱਸਿਆ ਰੂਪੀ ਅਨ੍ਹੇਰੀ ਰਾਤ ਪਸਰ ਗਈ ਹੈ। ਸੋ ਹੁਣ ਸੱਚ ਚੰਦਰਮਾਂ ਤਾਂ ਰਹਿਆ ਨਹੀਂ ਉਥੇ ਅੰਧੇਰਾ ਹੀ ਅੰਧੇਰਾ ਹੈ –

*ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ। ਭਾਈ ਗੁਰਦਾਸ ਜੀ ਦੀ ਵਾਰ1/29*

ਮੈਂ ਟੋਲਦਾ ਫਿਰਦਾ ਹਾਂ ਕਿ ਕਿਸੇ ਮਤ ਵਿਚ ਸੱਚ ਹੋਵੇ, ਕਿਸੇ ਮੰਦਰ ਵਿਚ ਸੱਚ ਹੋਵੇ, ਕਿਸੇ ਧਰਮਸਾਲਾ ਵਿਚ ਸਚ ਹੋਵੇ, ਕਿਤੇ ਸੱਚ ਲੱਭ ਜਾਵੇ, ਮੱਕਾ ਮਦੀਨਾ ਸਾਰੇ ਚਾਰੇ ਧੂਣੇ ਬਈ ਕਿਧਰੇ ਤਾਂ ਸੱਚ ਹੋਵੇ, ਮੈਂ ਲੱਭਦਾ ਫਿਰਦਾ ਹਾਂ, ਮੈਨੂੰ ਹਰ ਪਾਸੇ ਮੱਸਿਆ ਹੀ ਮੱਸਿਆ ਨਜ਼ਰ ਆ ਰਹੀ ਹੈ, ਮੈਨੂੰ ਕਿਧਰੇ ਸੱਚ ਨਹੀਂ ਮਿਲਿਆ। ਜੋ ਅਸਲ ਸਿਧਾਂਤ ਪੀਰਾਂ ਪੈਗੰਬਰਾਂ, ਮਹਾਂਪੁਰਸ਼ਾਂ ਨੇ ਦੱਸੇ ਸਨ, ਉਹ ਅੰਧੇ ਕਰਮ-ਕਾਂਡਾਂ ਦਾ ਰੂਪ ਧਾਰਨ ਕਰਕੇ ਨਿਰਾ ਪਾਖੰਡ ਦਾ ਹੀ ਰੂਪ ਰਹਿ ਗਏ ਹਨ। ਸਤਿ ਕਿਤੇ ਨਜ਼ਰੀਂ ਨਹੀਂ ਪੈ ਰਿਹਾ। ਇਸ ਕਰਕੇ ਪ੍ਰਿਥਵੀ ਉਤੇ ਪਾਪ ਫੈਲ ਗਿਆ ਹੈ, ਧਰਮ ਦੇ ਨਾਮ ਤੇ ਬੰਦੇ ਮਾਰ ਦਿਤੇ ਜਾਂਦੇ ਹਨ। ਲੋਕੀ ਆਪਸ ਵਿਚ ਖਹਿ ਖਹਿ ਮਰ ਰਹੇ ਹਨ। ਧਰਮ ਰੋ ਰਿਹਾ ਹੈ ਅਤੇ ਸੱਚ ਉਡ ਚੁਕਿਆ ਹੈ –

*ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ। ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ। ਭਾਈ ਗੁਰਦਾਸ ਜੀ ਦੀ ਵਾਰ1/29*

ਪਾਪਾ ਨਾਲ ਧਰਤੀ ਹਿਲ ਗਈ ਹੈ ਤੇ ਪੁਕਾਰ ਹੋ ਰਹੀ ਹੈ –

ਜਿਤਨੇ ਵੀ ਚੰਗੇ ਮਨੁੱਖ ਕਰਨੀ ਕਮਾਈ ਵਾਲੇ ਸਨ ਉਹ ਤਾਂ ਸੁਸਾਇਟੀ ਨੂੰ ਛੱਡ ਕੇ ਇਨ੍ਹਾਂ ਬਰਫਾਨੀ ਗੁਫਾਵਾਂ ਵਿਚ ਛੁਪ ਕੇ ਦਿਨ ਕਟੀ ਕਰ ਰਹੇ ਹਨ, ਸੰਸਾਰ ਨੂੰ ਮਤ ਦੇਣ ਵਾਲਾ ਕੋਈ ਨਹੀਂ ਰਿਹਾ –

*ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ। ਭਾਈ ਗੁਰਦਾਸ ਜੀ ਦੀ ਵਾਰ 1/29*

ਬਾਕੀ ਤੁਹਾਡੇ ਜੋਗੀ ਜਿਹਨਾਂ ਨੂੰ ਪਿਛੇ ਛੱਡ ਆਏ ਹੋ ਕਿ ਧਰਮ ਦਾ ਪ੍ਰਚਾਰ ਕਰਿਓ, ਉਹਨਾਂ ਕੋਲ ਤਾਂ ਨਾਥ ਜੀ ਕੁਝ ਵੀ ਨਹੀਂ ਰਿਹਾ।

ਉਹ ਤਾਂ ਗਿਆਨ ਤੋਂ ਹੀਣੇ ਹੋ ਗਏ, ਗਿਆਨ ਨਾਮ ਦੀ ਚੀਜ਼ ਤਾਂ ਉਹਨਾਂ ਕੋਲੋਂ ਜਾਂਦੀ ਰਹੀ, ਉਹਨਾਂ ਪਾਸ ਕੋਈ ਸਾਧਨਾ ਨਹੀਂ, ਕੋਈ ਭਗਤੀ ਨਹੀਂ, ਕੋਈ ਬੰਦਗੀ ਨਹੀਂ, ਉਹਨਾਂ ਦਾ ਗਿਆਨ ਤਾਂ ਖਤਮ ਹੋ ਗਿਆ –

*ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਇਨਿ ਛਾਰਾ। ਭਾਈ ਗੁਰਦਾਸ ਜੀ ਦੀ ਵਾਰ 1/29*

ਵਧੀਆ ਤੋਂ ਵਧੀਆ ਸੁਆਹ ਛਾਣ ਛਾਣ ਕੇ ਲਗਾਉਂਦੇ ਹਨ, ਜਿਵੇਂ ਪਾਊਡਰ ਲਗਾਈਦਾ ਹੈ, ਸੋ ਏਨੇ ਵਿਚ ਸਾਧਨਾ ਖਤਮ ਹੋ ਗਈ। ਗਿਆਨ ਬਿਨਾਂ ਹਨ੍ਹੇਰਾ ਛਾ ਗਿਆ ਹੈ, ਧਰਮ ਕੋਈ ਰਿਹਾ ਨਹੀਂ, ਪਾਖੰਡ ਆ ਗਿਆ। ਆਸਾ ਜੀ ਦੀ ਵਾਰ ਵਿਚ, ਗੁਰੂ ਨਾਨਕ ਸਾਹਿਬ ਜੀ ਨੇ ਉਸ ਵੇਲੇ ਦੀ ਤਸਵੀਰ ਖਿੱਚੀ ਹੋਈ ਹੈ, ਤੁਸੀਂ ਪੜ੍ਹ ਕੇ ਵੇਖੋ ਕਿ ਕੋਈ ਵੀ ਸੱਚ ਦਾ ਸਾਧਨ ਨਹੀਂ ਰਿਹਾ। ਭਜਨ ਕਾਹਦਾ ਰਹਿ ਗਿਆ?

*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥ ਪੰਨਾ - 465*

ਭਜਨ ਕਰਨਾਂ ਤਾਂ ਰਹਿ ਹੀ ਗਿਆ। ਇਸ ਦੀ ਥਾਂ ਸਿਰਫ ਉਚੀ ਉਚੀ ਗਾਉਣਾ, ਲੜਾਈ ਝਗੜੇ ਤੇ ਹੀ ਵੀਚਾਰ ਕਰਨੀ, ਜੋਧਿਆਂ ਦੀ ਵੀਚਾਰ ਕਰਨੀ, ਬਈ ਫਲਾਣਾ ਜੋਧਾ ਹੋਇਆ, ਫਲਾਣਾ ਜੋਧਾ ਹੋਇਆ, ਬਈ ਅਰਜਨ ਨੇ ਇਸ ਤਰ੍ਹਾਂ ਬਾਣ ਮਾਰੇ, ਭੀਮ ਨੇ ਇਸ ਤਰ੍ਹਾਂ ਗੁਰਜ ਚਲਾਈ। ਸ੍ਰੀ ਰਾਮ ਚੰਦਰ ਜੀ ਨੇ ਐਂ ਲੜਾਈ ਕੀਤੀ।

*ਗਾਵਨਿ ਗੋਪੀਆ ਗਾਵਨਿ ਕਾਨ੍ਹ॥*


Sri Satguru Jagjit Singh Ji eLibrary NamdhariElibrary@gmail.com

*ਗਾਵਨਿ ਸੀਤਾ ਰਾਜੇ ਰਾਮ॥ ਪੰਨਾ - 465*

ਰਾਜਿਆਂ ਦੀਆਂ ਕਥਾਵਾਂ ਗਾਈਆਂ ਜਾ ਰਹੀਆਂ ਹਨ। ਤੁਹਾਡੇ ਜਿਹੜੇ ਜੋਗੀ ਹਨ, ਨਾ ਤਾਂ ਉਹ ਭਗਤੀ ਕਰਦੇ ਹਨ ਨਾ ਕੋਈ ਪ੍ਰਾਣਾਯਾਮ ਕਰਦੇ ਹਨ, ਉਹ ਤਾਂ ਆਪਣੇ ਆਲੇ ਦੁਆਲੇ ਰੱਸੀਆਂ ਬੰਨ੍ਹ ਲੈਂਦੇ ਹਨ, ਅੰਗ ਨਾਲ ਸੁਆਹ ਲਾ ਲੈਂਦੇ ਹਨ, ਬੱਸ ਅਲਖ ਨਿਰੰਜਨ, ਬਸ ਮੜ੍ਹੀਆਂ ਵਿਚ ਬੈਠੇ ਸਮਝਦੇ ਹਨ, ਕਿ ਸੱਚ ਦਾ ਮਾਰਗ ਇਹੋ ਹੀ ਹੈ, ਹਨ੍ਹੇਰਾ ਪੈ ਗਿਆ ਕਿਉਂਕਿ ਕੋਈ ਦੱਸਣ ਵਾਲਾ ਨਹੀਂ ਰਿਹਾ, ਸਾਰਾ ਸੰਸਾਰ ਡੁੱਬ ਗਿਆ।

*ਧਾਰਨਾ - ਡੁੱਬ ਗਿਆ ਜਗ ਸਾਰਾ ਜੀ,*
*ਬਾਝ ਗੁਰਾਂ ਦੇ ਪਿਆਰੇ -2, 2.*
*ਬਾਝ ਗੁਰਾਂ ਦੇ ਪਿਆਰੇ -2, 2.*
*ਡੁੱਬ ਗਿਆ ਜਗ ਸਾਰਾ ਜੀ,..........*
*-2.*

*ਜੋਗੀ ਗਿਆਨ ਵਿਹੂਣਿਆ..............।*

*ਭਾਈ ਗੁਰਦਾਸ ਜੀ ਦੀ ਵਾਰ 1/29*

ਤੁਹਾਡੇ ਜੋਗੀ ਵੀ ਤੇ ਹੋਰ ਵੀ ਜਿਹੜੇ ਜੋਗ ਕਰਦੇ ਹਨ -

*.............. ਨਿਸਦਿਨਿ ਅੰਗਿ ਲਗਾਇਨਿ ਛਾਰਾ। ਭਾਈ ਗੁਰਦਾਸ ਜੀ ਦੀ ਵਾਰ 1/29*

ਸਾਰਾ ਜ਼ੋਰ ਭੇਖ ਤੇ ਰਹਿ ਗਿਆ ਤੇ ਅਸਲੀਅਤ ਖਤਮ ਹੋ ਗਈ, ਸਵੇਰੇ ਹੀ ਸਰੀਰ ਨੂੰ ਸੁਆਹ ਮਲ ਕੇ ਮੰਗਦੇ ਫਿਰਨਾ ਇਹੋ ਕੁਝ ਰਹਿ ਗਿਆ -

*ਬਾਝੁ ਗੁਰੂ ਡੁਬਾ ਜਗੁ ਸਾਰਾ॥*
*ਭਾਈ ਗੁਰਦਾਸ ਜੀ ਦੀ ਵਾਰ 1/29*

ਗੁਰੂ ਦੇ ਪ੍ਰਕਾਸ਼ ਤੋਂ ਬਗੈਰ ਹਨ੍ਹੇਰਾ ਪੈ ਗਿਆ -

*ਬਾਝੁ ਗੁਰੂ ਹੈ ਅੰਧ ਗੁਬਾਰਾ॥*
*ਅਗਿਆਨੀ ਅੰਧਾ ਅੰਧੁ ਅੰਧਾਰਾ॥ ਪੰਨਾ - 116*

ਅਗਿਆਨੀ ਹਨ੍ਹੇਰੇ ਵਿਚ ਅੰਨੀਆਂ ਗੱਲਾਂ ਕਰ ਰਿਹਾ ਹੈ। ਟੱਕਰਾਂ ਮਾਰ ਰਿਹਾ ਹੈ, ਕੋਈ ਭੇਖ ਦੀ ਆੜ ਲੈਂਦਾ ਹੈ, ਕੋਈ ਕੱਟੜਪੁਣੇ ਦੀ, ਕੋਈ ਰੌਚਕ ਗੱਲਾਂ ਦੀ ਆੜ ਲੈਂਦਾ ਹੈ, ਕੋਈ ਪ੍ਰਕਰਣਾਂ ਦੀ ਆੜ ਲੈ ਰਿਹਾ ਹੈ, ਗਿਆਨ ਤਾਂ ਪੂਰੀ ਤਰ੍ਹਾਂ ਨਾਲ ਖਤਮ ਹੋ ਗਿਆ, ਫਿਰ -

*ਬਿਸਟਾ ਕੇ ਕੀੜੇ ਬਿਸਟਾ ਕਮਾਵਹਿ*
*ਫਿਰਿ ਬਿਸਟਾ ਮਾਹਿ ਪਚਾਵਣਿਆ॥ ਪੰਨਾ - 116*

ਵਿਸ਼ਟਾ ਵਿਚ ਹੀ ਸਮਾ ਜਾਂਦੇ ਹਨ -

*ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ*
*ਵਿਣੁ ਸਤਿਗੁਰ ਮਗੁ ਨ ਪਾਇਆ॥ ਪੰਨਾ - 116*

ਪੂਰਾ ਗੁਰੂ ਤਾਂ ਅਲੋਪ ਹੋ ਗਿਆ ਫਿਰ ਰਸਤਾ ਨਹੀਂ ਲੱਭ ਰਿਹਾ, ਕੋਈ ਐਸਾ ਨਹੀਂ ਜੋ ਜੀਵ ਤੇ ਬ੍ਰਹਮ ਦੀ ਏਕਤਾ ਕਰਵਾ ਕੇ ਪਰਮੇਸ਼ਰ ਨਾਲ ਮਿਲਾ ਦੇਵੇ। ਇਸ ਦੇ ਵਿਪਰੀਤ ਰਸਤੇ ਤੋਂ ਭਟਕ ਕੇ ਜੀਵ ਭਰਮ ਚੁੱਕੇ ਹਨ -

*ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥ ਪੰਨਾ - 773*

ਥਾਂ ਥਾਂ ਤੇ ਧੱਕੇ ਖਾਂਦੇ ਫਿਰਦੇ ਹਨ, ਕਦੇ ਕੁੱਤੇ ਬਣ ਜਾਂਦੇ ਹਨ, ਕਦੇ ਬਿੱਲੇ ਬਣ ਜਾਂਦੇ ਹਨ, ਜਨਮਾਂ ਜਨਮਾਂ ਵਿਚ, ਜੂਨਾਂ ਵਿਚ ਘੁੰਮਦੇ ਫਿਰਦੇ ਹਨ, ਨਾਥ ਜੀ ਹਨ੍ਹੇਰਾ ਪਿਆ ਹੋਇਆ ਹੈ, ਕਿਉਂਕਿ ਗੁਰੂ ਦੇ ਬਗੈਰ ਪ੍ਰਕਾਸ਼ ਨਹੀਂ ਹੋਇਆ ਕਰਦਾ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*

*ਪੰਨਾ - 463*

*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥ ਪੰਨਾ - 469*

ਮਨ ਨੇ ਗਿਆਨ ਦਾ ਬੰਨਿਆ ਹੋਇਆ ਰਹਿਣਾ ਹੈ, ਗੁਰੂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਕਰਕੇ ਹਨ੍ਹੇਰਾ ਛਾ ਗਿਆ ਹੈ।

ਜਦੋਂ ਸਿਧਾਂ ਨੇ ਇਹ ਬਚਨ ਸੁਣੇ ਤਾਂ ਹੈਰਾਨ ਹੋ ਗਏ, ਇਕ ਦੂਜੇ ਨਾਲ ਗੱਲ ਬਾਤ ਕਰਨ ਲੱਗ ਪਏ। ਕਹਿਣ ਲੱਗੇ ਜੇਕਰ ਨਾਨਕ ਨੂੰ ਆਪਣੇ ਪੰਥ ਵਿਚ ਲੈ ਲਈਏ ਤਾਂ ਬਹੁਤ ਜ਼ਿਆਦਾ ਪ੍ਰਚਾਰ ਹੋ ਸਕਦਾ ਹੈ ਕਿਉਂਕਿ ਸਾਡੇ ਕੋਲ ਰਿਧੀਆਂ ਸਿਧੀਆਂ ਬਹੁਤ ਹਨ, ਸ਼ਕਤੀਆਂ ਬਹੁਤ ਹਨ, ਇਹ ਬਾਲਾ ਤਾਂ ਕਹਿੰਦਾ ਹੈ ਕਿ ਮੈਂ ਤਾਂ ਸ਼ਕਤੀਆਂ ਦਾ ਕੋਈ ਸਾਧਨ ਹੀ ਨਹੀਂ ਕੀਤਾ। ਸਿਰਫ ਪਰਮੇਸ਼ਰ ਦਾ ਨਾਮ ਜਪਿਆ ਹੈ। ਚਲੋ ਏਥੇ ਤਾਂ ਚੜ੍ਹ ਕੇ ਆ ਗਿਆ, ਜੇ ਇਸ ਨੂੰ ਸ਼ਕਤੀਆਂ ਦਿਖਾਈਏ ਤਾਂ ਹੋ ਸਕਦਾ ਹੈ ਸਾਡੇ ਪੰਥ ਵਿਚ ਆ ਜਾਵੇ। ਫੇਰ ਆਪਣਾ ਪੰਥ ਵੀ ਉਜਾਲਾ ਹੋ ਜਾਵੇ ਤੇ ਸੰਸਾਰ ਦਾ ਵੀ ਭਲਾ ਹੋ ਜਾਵੇ। ਇਸ ਤਰ੍ਹਾਂ ਉਹਨਾਂ ਨੇ ਗੱਲ ਕੀਤੀ -

*ਧਾਰਨਾ - ਪੰਥ ਕਰੇ ਉਜਿਆਲਾ,*
*ਹਮਰੇ ਪੰਥ ਕਰੇ ਉਜਿਆਲਾ -2, 4.*

*ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ। ਭਾਈ ਗੁਰਦਾਸ ਜੀ ਦੀ ਵਾਰ 1/31*

ਇਹ ਕਿਸੇ ਵੀ ਤਰੀਕੇ ਨਾਲ ਇਹ ਸਾਡੇ ਮਤ ਵਿਚ ਆ ਜਾਵੇ -

*ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ। ਭਾਈ ਗੁਰਦਾਸ ਜੀ ਦੀ ਵਾਰ 1/31*

ਜਿਸਨੇ ਸਾਰਾ ਵਰਤਾਰਾ ਸਪਸ਼ਟ ਕਰਕੇ ਦਸ ਦਿਤਾ,



Sri Satguru Jagjit Singh Ji eLibrary NamdhariElibrary@gmail.com

ਜੇ ਇਹ ਸਾਡੇ ਰਸਤੇ ਤੇ ਆ ਜਾਵੇ ਤਾਂ ਸਾਡੇ ਪੰਥ ਭੀ ਉਜਿਆਲਾ ਹੋ ਜਾਵੇਗਾ, ਦੁਨੀਆਂ ਤੇ ਦੇਰ ਤੱਕ ਕਾਇਮ ਰਹੇਗਾ। ਨਾਨਕ ਨੂੰ ਥੋੜ੍ਹੇ ਰਿਧੀ ਸਿਧੀ ਦੇ ਕਰਿਸ਼ਮੇ ਦਿਖਾਈਏ, ਇਸ ਨੂੰ ਪਤਾ ਲੱਗ ਜਾਵੇ ਕਿ ਸ਼ਕਤੀਆਂ ਵੀ ਕੋਈ ਚੀਜ਼ ਹੁੰਦੀਆਂ ਹਨ ਕਿਉਂਕਿ ਨਾਨਕ ਨੇ ਇਹ ਗੱਲ ਕਹੀ ਹੈ ਕਿ ਮੇਰੇ ਵਿਚ ਕੋਈ ਸ਼ਕਤੀ ਨਹੀਂ ਹੈ। ਮੈਂ ਤਾਂ ਕੇਵਲ ਪਰਮੇਸ਼ਰ ਦਾ ਨਾਮ ਜਪਿਆ ਹੈ -

................ ***ਭਾਉ ਭਗਤਿ ਸੰਗਿ ਤਾੜੀ ਲਾਈ। ਭਾਈ ਗੁਰਦਾਸ ਜੀ ਦੀ ਵਾਰ 1/28***

ਅਸੀਂ ਤਾਂ ਵਾਹਿਗੁਰੂ ਨੂੰ ਪਿਆਰ ਕੀਤਾ ਜਾਂ ਉਹਦਾ ਨਾਮ ਜਪਿਆ ਹੈ, ਇਥੋਂ ਪਤਾ ਲਗਦਾ ਹੈ ਕਿ ਇਸ ਨੇ ਪ੍ਰਾਣਾਯਾਮ ਨਹੀਂ ਕੀਤਾ, ਨਾ ਇਸ ਨੇ ਸਾਡੀਆਂ ਮੁਦਰਾ ਕੀਤੀਆਂ ਹਨ। ਸੋ ਉਸ ਵੇਲੇ ਗੋਰਖ ਨੇ ਕਿਹਾ, ਬਾਲੇ ਸਿਧਾਂ ਨੂੰ ਪਿਆਸ ਲਗੀ ਹੋਈ ਹੈ। ਇਹ ਸਾਡਾ ਖੱਪਰ ਲੈ ਜਾਓ ਤੇ ਪਾਣੀ ਲੈ ਕੇ ਆਓ -

***ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ। ਭਾਈ ਗੁਰਦਾਸ ਜੀ ਦੀ ਵਾਰ1/31***

ਮਹਾਰਾਜ ਜੀ ਚੁਪ ਕਰ ਗਏ, ਨਾ ਭਾਈ ਬਾਲੇ ਨੂੰ ਭੇਜਿਆ, ਨਾ ਭਾਈ ਮਰਦਾਨੇ ਨੂੰ ਭੇਜਿਆ। ਆਪ ਖੱਪਰ ਲੈ ਕੇ ਚਲ ਪਏ ਸਿੱਧਾਂ ਨੇ ਕਿਹਾ, ਉਹ ਸਾਹਮਣੇ ਸਰੋਵਰ ਵਿਚ ਪਾਣੀ ਹੈ। ਮਹਾਰਾਜ ਜੀ ਜਦ ਉਥੇ ਆਏ -

ਉਹਦੇ ਵਿਚ ਕੀ ਦੇਖਦੇ ਹਨ, ਸਿੱਧਾਂ ਨੇ ਫੁਰਨਾ ਕਰ ਕੇ ਜਿਹੜਾ ਸਰੋਵਰ ਪਾਣੀ ਦਾ ਸੀ, ਉਸ ਵਿਚ ਹੀਰੇ ਜਵਾਹਰਾਤ ਲਾਲ ਬੇਅੰਤ ਕਿਸਮ ਦੇ ਰਤਨ, ਮਣੀਆਂ, ਅਨੇਕ ਰੰਗਾਂ ਦੇ ਝਿਲਮਿਲ ਕਰਦੇ ਚਮਕਾਂ ਮਾਰਦੇ, ਹੀਰੇ ਲਾਲ ਭਰ ਦਿਤੇ। ਮਹਾਰਾਜ ਨੇ ਦੇਖ ਲਿਆ ਕਿ ਇਹਨਾਂ ਨੇ ਸਾਡੇ ਨਾਲ ਛਲ ਕੀਤਾ ਹੈ ਤਾਂ -

***ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।***

***ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ। ਭਾਈ ਗੁਰਦਾਸ ਜੀ ਦੀ ਵਾਰ 1/31***

ਗੁਰੂ ਮਹਾਰਾਜ ਨਾਲ ਛਲ ਕਰਕੇ ਗੁਪਤ ਤਾਂ ਰਹਿ ਨਹੀਂ ਸੀ ਸਕਦਾ, ਗੁਰੂ ਮਹਾਰਾਜ ਜੀ ਚੁਪ ਕਰਕੇ ਵਾਪਸ ਆ ਗਏ -

***ਫਿਰਿ ਆਇਆ ਗੁਰ ਨਾਥ ਜੀ*** ..............॥

................ ***ਪਾਣੀ ਠਉੜ ਨਹੀ ਉਸਿ ਤਾਲਾ। ਭਾਈ ਗੁਰਦਾਸ ਜੀ ਦੀ ਵਾਰ 1/31***

ਕਹਿਣ ਲੱਗੇ ਉਥੇ ਤਾਂ ਪਾਣੀ ਹੈ ਨਹੀਂ। ਨਾਥ ਜੀ ਨੇ ਕਿਹਾ, ਤੁਸੀਂ ਕਹਿੰਦੇ ਹੋ ਕਿ ਤੁਸੀਂ ਪਰਮੇਸ਼ਰ ਦਾ ਨਾਮ ਜਪਿਐਾ ਹੈ ਤੇ - ***ਭਾਉ ਭਗਤਿ ਸੰਗਿ ਤਾੜੀ ਲਾਈ। ਭਾਈ ਗੁਰਦਾਸ ਜੀ ਦੀ ਵਾਰ 1/28*** ਹੈ। ਤੁਹਾਨੂੰ ਪਤਾ ਨਹੀਂ ਹੈ ਕਿ ਪ੍ਰਾਣਾਯਾਮ ਦੀ ਕਿਤਨੀ ਸ਼ਕਤੀ ਹੈ, ਇੜਾ, ਪਿੰਗਲਾ ਤੇ ਸੁਖਮਨਾ, ਤਿੰਨਾਂ ਦੇ ਰਾਹੀਂ ਜਦੋਂ ਆਦਮੀ ਪ੍ਰਾਣਾਯਾਮ ਕਰਦਾ ਹੈ, ਇੜਾ ਦੇ ਰਾਹੀਂ ਸਵਾਸ ਖਿਚਦਾ ਹੈ ਤੇ ਪਿੰਗਲਾ ਦੇ ਰਾਹੀਂ ਉਤਾਰਦਾ ਹੈ ਤੇ ਸੁਖਮਨਾ ਦੇ ਅੰਦਰ ਪੂਰਕ ਕਰਦਾ ਹੈ ਤੇ ਹੌਲੀ-ਹੌਲੀ ਜਦੋਂ ਹੇਠਲੇ ਚੱਕਰ ਤੋਂ ਚਲਦਾ ਹੈ, ਮੂਲਧਾਰ ਚੱਕਰ ਦੇ ਵਿਚੋਂ ਕੁੰਡਲਨੀ ਨੂੰ ਜਗਾਉਂਦਾ ਹੈ ਤਾਂ ਉਸ ਵੇਲੇ ਫੇਰ ਅਸੀਂ ਸਵਾਧਿਸ਼ਠਾਨ ਚੱਕਰ ਵਿਚ ਆਉਂਦੇ ਹਾਂ, ਦੂਜੇ ਨੰਬਰ ਤੇ ਫਿਰ ਤੀਜੇ ਨੰਬਰ ਤੇ ਮਣੀਪੂਰਕ ਆਉਂਦੇ ਹਾਂ, ਫੇਰ ਵਿਸ਼ੁਧ ਵਿਚ ਆਉਂਦੇ ਹਾਂ ਫੇਰ ਅਨਾਹਤ ਵਿਚ ਆਉਂਦੇ ਹਾਂ, ਫੇਰ ਆਗਿਆ ਚੱਕਰ ਵਿਚ ਆਈਦਾ ਹੈ, ਫਿਰ ਤ੍ਰਿਕੁਟੀ ਵਿਚ ਆਉਂਦੇ ਹਾਂ। ਜਦੋਂ ਇਸ ਮੰਡਲ ਵਿਚ ਆਉਂਦੇ ਹਾਂ ਤਾਂ ਫਿਰ 'ਸਹੰਸਦਾਰ ਕਮਲ' ਵਿਚ ਪੁਜਦੇ ਹਾਂ। ਉਥੇ ਬਸ ਇਕ ਫੁਰਨਾ ਕਰਨ ਦੀ ਲੋੜ ਹੈ, ਜੋ ਫੁਰਨਾ ਕਰ ਦਿਤਾ ਬੱਸ ਪੂਰਾ ਹੋ ਜਾਂਦਾ ਹੈ। ਤੁਸੀਂ ਵੇਖ ਹੀ ਲਿਆ ਹੈ।

ਕਿ ਅਸੀਂ ਕੇਵਲ ਇਕ ਫੁਰਨਾ ਕੀਤਾ ਹੈ, ਤੁਹਾਨੂੰ ਉਥੇ ਪਾਣੀ ਨਜ਼ਰ ਨਹੀਂ ਆਇਆ। ਮਹਾਰਾਜ ਕਹਿਣ ਲੱਗੇ ਨਾਥ ਜੀ, ਇਹਦੇ ਵਿਚ ਤਾਂ ਕੋਈ ਵਿਸ਼ੇਸ਼ਤਾ ਨਾ ਹੋਈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨਾ ਵਸੈ ਮਨਿ ਆਇ॥ ਪੰਨਾ - 593***

ਇਸ ਤਰ੍ਹਾਂ ਨਾਮ ਤਾਂ ਮਨ ਵਿਚ ਨਹੀਂ ਵਸਦਾ, ਜੋ ਅਸਲੀ ਚੀਜ਼ ਹੈ ਉਹ ਤਾਂ ਪਰਮੇਸ਼ਰ ਦਾ ਗਿਆਨ ਹੈ, ਤੁਸੀਂ ਤਾਂ ਬੱਚਿਆਂ ਵਾਲੀਆਂ ਖੇਲ੍ਹਾਂ ਕਰ ਰਹੇ ਹੋ।

ਸਾਧ ਸੰਗਤ ਜੀ, ਇਕ ਕਬੀਰ ਸਾਹਿਬ ਦਾ ਸੇਵਕ ਸੀ ਪਠਾਨ ਅਤੇ ਕਬੀਰ ਸਾਹਿਬ ਨੂੰ ਬੜਾ ਪਿਆਰ ਕਰਦਾ ਸੀ, ਅਮੀਰ ਵੀ ਸੀ। ਇਕ ਦਿਨ ਕਬੀਰ ਸਾਹਿਬ ਕਹਿਣ ਲੱਗੇ ਖਾਨ ਜੀ, ਇਥੇ ਸਾਡੇ ਗੁਰ ਭਾਈ ਰਹਿੰਦੇ ਹਨ। ਖਾਨ ਜੀ ਨੇ ਪੁਛਿਆ, ਕਿਹੜੇ? ਕਹਿਣ ਲੱਗੇ, ਕਿ ਰਵਿਦਾਸ ਜੀ। ਪੁੱਛਣ ਲੱਗੇ ਕੀ ਸਚਮੁੱਚ ਉਹ ਤੁਹਾਡੇ ਗੁਰਭਾਈ ਹਨ? ਕਬੀਰ ਸਾਹਿਬ ਨੇ ਕਿਹਾ, "ਜੀ ਹਾਂ!" ਖਾਨ ਜੀ, ਕੀ ਤੁਸੀਂ ਉਹਨਾਂ ਦੇ ਦਰਸ਼ਨ ਨਹੀਂ ਕੀਤੇ? ਖਾਨ ਜੀ ਨੇ ਕਿਹਾ, ਕਬੀਰ ਜੀ ਮੈਂ ਤਾਂ ਸਿਰਫ ਤੁਹਾਡੇ ਹੀ ਦਰਸ਼ਨ ਕੀਤੇ ਹਨ, ਮੈਨੂੰ ਹੋਰ ਕੋਈ ਲੋੜ ਹੀ ਨਹੀਂ। ਕਬੀਰ ਸਾਹਿਬ ਨੇ ਕਿਹਾ ਨਾ ਖਾਨ ਜੀ! ਇਸ ਤਰ੍ਹਾਂ ਨਹੀਂ ਕਹਿਣਾ। ਉਹ ਤਾਂ ਬਹੁਤ ਪਹੁੰਚੇ ਹੋਏ ਹਨ, ਜਾਉ ਤੁਸੀਂ ਉਹਨਾਂ ਦੇ ਦਰਸ਼ਨ ਕਰਕੇ ਆਓ। ਜੇ ਮਹਾਤਮਾ ਕਿਸੇ ਨੂੰ ਵਰਜਦਾ ਹੈ ਤਾਂ ਉਹ ਇਸ ਤਰ੍ਹਾਂ ਨਹੀਂ ਵਰਜਦਾ ਕਿ ਉਹਦਾ ਦਿਲ ਟੁੱਟ ਜਾਏਗਾ ਤੇ ਕਿਧਰੇ ਹੋਰ ਚਲਾ ਜਾਏਗਾ। ਮਹਾਤਮਾ ਨੂੰ ਤਾਂ ਕੋਈ ਲੋੜ ਨਹੀਂ ਹੁੰਦੀ, ਉਸਨੇ ਕੋਈ ਫੀਸ ਲੈਣੀ ਹੈ? ਮਹਾਤਮਾ ਨੂੰ ਤਾਂ ਕੇਵਲ ਇਹ ਲੋੜ ਹੁੰਦੀ ਹੈ ਕਿ ਕਿਧਰੇ ਗਲਤ ਰਸਤੇ ਨਾ



Sri Satguru Jagjit Singh Ji eLibrary NamdhariElibrary@gmail.com

ਪੈ ਜਾਵੇ। ਕਿਉਂਕਿ ਕੋਈ ਕੱਚਾ ਮਨੁੱਖ ਆਪਣੇ ਆਪ ਨੂੰ ਮਹਾਤਮਾ ਤਾਂ ਕਹਾ ਲੈਂਦਾ ਹੈ, ਪਰ ਆਪ ਅਜੇ ਉਸ ਅਵਸਥਾ ਤੇ ਪਹੁੰਚਿਆ ਨਹੀਂ ਹੁੰਦਾ। ਜੋ ਆਪ ਭੁਲਿਆ ਹੋਇਆ ਹੈ ਤਾਂ –

***ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥***

***ਭਾਈ ਗੁਰਦਾਸ ਜੀ ਦੀ ਵਾਰ 35/2***

ਉਹ ਦੂਜਿਆਂ ਨੂੰ ਵੀ ਭੁਲਾ ਦਿੰਦਾ ਹੈ, ਉਹਨੂੰ ਰੂਹਾਨੀਅਤ ਦਾ ਪਤਾ ਨਹੀਂ ਹੈ, ਐਸੀ ਥਾਂ ਤੋਂ ਮਹਾਤਮਾ ਵਰਜ ਦਿੰਦੇ ਹਨ, ਬਈ ਉਥੇ ਨਾ ਜਾਈ, ਸਹਿਜ ਸੁਭਾਅ ਗੱਲ ਕਰ ਦਿੰਦੇ ਹਨ। ਕਈ ਕਹਿ ਦਿੰਦੇ ਹਨ ਕਿ ਸਾਨੂੰ ਸੰਤਾਂ ਨੇ ਰੋਕ ਲਿਆ।

ਕਈ ਸੰਤ ਐਸੇ ਵੀ ਹੁੰਦੇ ਹਨ ਕਿ ਕਿਧਰੇ ਮੇਰੇ ਚੇਲੇ ਨਾ ਉਧਰ ਚਲੇ ਜਾਣ, ਉਹ ਕੱਚੇ ਮਹਾਤਮਾ ਐਸੇ ਹੁੰਦੇ ਹਨ, ਜਿਹਨਾਂ ਦੇ ਮਨ ਵਿਚ ਗਿਆਨ ਨਹੀਂ ਹੁੰਦਾ, ਅਜੇ ਪਹੁੰਚੇ ਨਹੀਂ ਹੁੰਦੇ, ਰਾਹ ਵਿਚ ਹੀ ਟਕਰਾਂ ਮਾਰ ਰਹੇ ਹੁੰਦੇ ਹਨ। ਉਹਨਾਂ ਨੂੰ ਇਹ ਵਹਿਮ ਪੈ ਜਾਂਦਾ ਹੈ ਕਿ ਜੇ ਇਹ ਪ੍ਰੇਮੀ ਉਥੇ ਚਲਾ ਗਿਆ ਤਾਂ ਮੈਨੂੰ ਕੌਣ ਮੱਥਾ ਟੇਕੂਗਾ, ਮੈਨੂੰ ਕੌਣ ਸਹਾਰਾ ਦੇਵੇਗਾ, ਉਹ ਨਾਰਾਜ਼ ਹੋ ਜਾਇਆ ਕਰਦੇ ਹਨ। ਜੋ ਤੱਤ ਬੇਤੇ ਮਹਾਂਪੁਰਸ਼ ਹੁੰਦੇ ਹਨ ਉਹ ਤਾਂ ਸਗੋਂ ਸੰਭਾਲ ਕਰਦੇ ਹਨ ਕਿ ਬੰਦਾ ਕਿਧਰੇ ਗਲਤ ਰਸਤੇ ਤੇ ਨਾ ਚਲਾ ਜਾਵੇ। ਸੋ ਕਬੀਰ ਸਾਹਿਬ ਕਹਿਣ ਲੱਗੇ ਕਿ ਰਵੀਦਾਸ ਜੀ ਤਾਂ ਪੂਰਨ ਹਨ, ਬੇਗਮਪੁਰੇ ਦੇ ਨਿਵਾਸੀ ਹਨ –

***ਬੇਗਮ ਪੁਰਾ ਸਹਰ ਕੋ ਨਾਉ॥***
***ਦੂਖੁ ਅੰਦੋਹੁ ਨਹੀ ਤਿਹਿ ਠਾਉ॥***
***ਨਾਂ ਤਸਵੀਸ ਖਿਰਾਜੁ ਨ ਮਾਲੁ॥***
***ਖਉਫੁ ਨ ਖਤਾ ਨ ਤਰਸੁ ਜਵਾਲੁ॥ਪੰਨਾ – 345***

ਜਾਉ ਜਾ ਕੇ ਦਰਸ਼ਨ ਕਰੋ ਪਰ ਇਕ ਗੱਲ ਯਾਦ ਰਖਣਾ ਕਿ ਸੰਤਾਂ ਕੋਲ ਖਾਲੀ ਹੱਥ ਨਹੀਂ ਜਾਈਦਾ। ਸ਼ਰਧਾ ਦਾ ਪ੍ਰਤੀਕ ਹੁੰਦਾ ਹੈ ਜੇ ਕੋਈ ਲੈ ਕੇ ਜਾਂਦਾ ਹੈ। ਉਹਨਾਂ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੁੰਦੀ, ਪ੍ਰੇਮੀ ਕੇਵਲ ਸ਼ਰਧਾ ਪ੍ਰਗਟਾਵਨ ਵਾਸਤੇ, ਕੋਈ ਪ੍ਰਸ਼ਾਦ ਲੈ ਕੇ ਜਾਂਦੇ ਹਨ, ਕੋਈ ਵਸਤ੍ਰ ਲੈ ਕੇ ਜਾਂਦੇ ਹਨ, ਕੋਈ ਫਲ ਲੈ ਜਾਂਦੇ ਹਨ, ਜਿਥੇ ਲੰਗਰ ਚਲਦੇ ਹੋਣ, ਉਥੇ ਮਾਇਆ ਵੀ ਭੇਟਾ ਕਰ ਦਿੰਦੇ ਹਨ।

ਸੋ ਖਾਨ ਘਰ ਆ ਗਿਆ ਤੇ ਸਲਾਹ ਕਰਨ ਲੱਗਾ ਕਿ ਕਬੀਰ ਸਾਹਿਬ ਦਾ ਹੁਕਮ ਹੈ ਕਿ ਸੰਤਾਂ ਕੋਲ ਖਾਲੀ ਹੱਥ ਨਹੀਂ ਜਾਈਦਾ। ਸੋ ਮੈਂ ਰਵਿਦਾਸ ਜੀ ਦੇ ਦਰਸ਼ਨ ਕਰਨ ਜਾਣਾ ਹੈ, ਘਰ ਵਿਚ ਸਲਾਹ ਕੀਤੀ ਕਿ ਘਰ ਵਿਚ ਜੋ ਸਭ ਤੋਂ ਕੀਮਤੀ ਹੀਰਾ ਪਿਆ ਹੈ, ਮੈਂ ਉਹ ਲੈ ਕੇ ਜਾਂਦਾ ਹਾਂ, ਮਨ ਵਿਚ ਥੋੜਾ ਜਿਹਾ ਅਭਿਮਾਨ ਵੀ ਆ ਗਿਆ ਕਿ ਮੈਂ ਤਾਂ ਕਬੀਰ ਸਾਹਿਬ ਦਾ ਸੇਵਕ ਹਾਂ, ਕਿਧਰੇ ਰਵਿਦਾਸ ਜੀ ਇਹ ਨਾ ਕਹਿਣ ਕਿ ਕਬੀਰ ਸਾਹਿਬ ਦਾ ਸੇਵਕ ਹੈ, ਖਾਲੀ ਹੱਥ ਆ ਗਿਆ ਹੈ। ਪਰ ਜਿਹੜੀ ਚੀਜ਼ ਮੈਂ ਚੜ੍ਹਾ ਦੇਣੀ ਹੈ, ਉਹ ਸ਼ਾਇਦ ਹੀ ਕਿਸੇ ਨੇ ਭੇਟਾ ਕੀਤੀ ਹੋਵੇ, ਇਹ ਵੀ ਅਭਿਮਾਨ ਆ ਗਿਆ।

ਜਦੋਂ ਇਹ ਖਾਨ ਰਵਿਦਾਸ ਜੀ ਕੋਲ ਗਿਆ ਤਾਂ ਉਹ ਜੋੜਾ ਗੰਢ ਰਹੇ ਸਨ। ਇਸ ਨੇ ਜਾ ਕੇ ਨਮਸਕਾਰ ਕੀਤੀ ਤੇ ਦੱਸਣ ਲੱਗਾ ਕਿ ਮੈਨੂੰ ਕਬੀਰ ਸਾਹਿਬ ਨੇ ਭੇਜਿਆ ਹੈ ਤੇ ਕਿਹਾ ਸੀ ਤੁਸੀਂ ਉਹਨਾਂ ਦੇ ਗੁਰਭਾਈ ਹੋ ਤੇ ਮੈਂ ਜਾ ਕੇ ਤੁਹਾਡੇ ਦਰਸ਼ਨ ਜ਼ਰੂਰ ਕਰਾਂ, ਆਪ ਜੀ ਦੀ ਭੇਟਾ ਵਾਸਤੇ ਮੈਂ ਇਕ ਹੀਰਾ ਲੈ ਕੇ ਆਇਆ ਹਾਂ। ਇਹ ਬੜਾ ਕੀਮਤੀ ਹੈ, ਸਾਡੇ ਪਰਿਵਾਰ ਵਿਚ ਕਈ ਪੁਸ਼ਤਾਂ ਤੋਂ ਸਾਂਭਿਆ ਹੋਇਆ ਹੈ। ਹੁਣ ਮੈਂ ਆਪ ਨੂੰ ਭੇਟਾ ਕਰ ਰਿਹਾ ਹਾਂ। ਖਾਨ ਇਹ ਹੀਰਾ ਰਵਿਦਾਸ ਜੀ ਦੇ ਹੱਥ ਵਿਚ ਹੀ ਫੜਾਉਣਾ ਚਾਹੁੰਦਾ ਸੀ। ਰਵਿਦਾਸ ਜੀ ਨੇ ਅੱਗੇ ਹੱਥ ਕੀਤਾ, ਹੀਰਾ ਫੜਕੇ ਉਥੇ ਸੁਟ ਦਿਤਾ ਜਿਥੇ ਚਮੜੇ ਦੀਆਂ ਪਚਰਾਂ ਜਿਹੀਆਂ ਟੋਏ ਵਿਚ ਸੁਟਦੇ ਸਨ ਕਿਉਂਕਿ ਸਾਰਾ ਦਿਨ ਸੁਟੀ ਜਾਂਦੇ ਸੀ, ਦੂਜੇ ਦਿਨ ਜਦੋਂ ਟੋਇਆ ਭਰ ਜਾਂਦਾ ਸੀ, ਸਾਰੀਆਂ ਚਮੜੇ ਦੀਆਂ ਪਚਰਾਂ ਚੁਕ ਕੇ ਬਾਹਰ ਸੁਟ ਦਿੰਦੇ ਸੀ ਜਿਥੇ ਕੂੜਾ ਵਗੈਰਾ ਸੁਟਿਆ ਜਾਂਦਾ ਸੀ। ਖਾਨ ਕਹਿਣ ਲਗਿਆ ਮਹਾਰਾਜ ਉਥੇ ਨਾ ਸੁਟੋ, ਇਹ ਕੋਈ ਕੱਚ ਦਾ ਟੁਕੜਾ ਨਹੀਂ, ਇਹ ਤਾਂ ਕਈ ਹਜ਼ਾਰਾਂ ਰੁਪੈ ਦਾ ਹੈ। ਰਵਿਦਾਸ ਜੀ ਕਹਿਣ ਲੱਗੇ, ਖਾਨ ਸਾਹਿਬ ਤੁਸੀਂ ਸਾਨੂੰ ਦੇ ਦਿੱਤਾ ਹੈ। ਸੋ ਅਸੀਂ ਉਥੇ ਰੱਖ ਦਿਤਾ। ਖਾਨ ਨੇ ਇਹ ਗੱਲ ਪੰਜ ਸਤ ਵਾਰੀ ਦੋਹਰਾਈ। ਜਿਹੜੇ ਬਾਕੀ ਬਚਨ ਕਰਨੇ ਸੀ ਸਾਰੇ ਹੀ ਭੁਲ ਗਿਆ। ਬਸ ਉਸ ਨੂੰ ਹੀਰੇ ਦਾ ਹੀ ਧਿਆਨ ਰਹਿ ਗਿਆ ਕਿ ਰਵਿਦਾਸ ਜੀ ਨੇ ਚੁਕ ਕੇ ਸੁਟ ਦਿਤਾ। ਕਲ ਨੂੰ ਬਾਹਰ ਚੁਕ ਕੇ ਸੁਟ ਦੇਣਗੇ। ਫੇਰ ਪਤਾ ਨਹੀਂ ਕਿਸਦੇ ਹੱਥ ਵਿਚ ਆ ਜਾਵੇ। ਕਬੀਰ ਸਾਹਿਬ ਕੋਲ ਆ ਗਿਆ। ਕਬੀਰ ਸਾਹਿਬ ਨੇ ਪੁਛਿਆ ਖਾਨ ਜੀ, ਦਰਸ਼ਨ ਕਰ ਆਏ? ਕਹਿਣ ਲੱਗਿਆ, ਹਾਂ ਜੀ! ਕਰ ਆਇਆ ਹਾਂ। ਕਬੀਰ ਸਾਹਿਬ ਨੇ ਕਿਹਾ ਕਿ ਸੰਤਾਂ ਦੇ ਦਰਸ਼ਨ ਕਰਕੇ ਤਾਂ ਚਿਹਰੇ ਤੇ ਖੇੜਾ ਆਉਂਦਾ ਹੈ ਪਰ ਤੁਸੀਂ ਤਾਂ ਮੁਰਝਾਏ ਪਏ ਹੋ, ਕੀ ਗੱਲ? ਖਾਨ ਕਹਿਣ ਲੱਗਾ ਕਿ ਮੈਂ ਆਪ ਦਾ ਬਚਨ ਮੰਨ ਕੇ ਦਰਸ਼ਨਾਂ ਨੂੰ ਗਿਆ ਤੇ ਇਕ ਹੀਰਾ ਲੈ ਗਿਆ ਜੋ ਕਿ ਸਾਡੀਆਂ ਪੁਸ਼ਤਾਂ ਵਿਚ ਬਹੁਤ ਦੇਰ ਤੋਂ ਸੰਭਾਲਿਆ ਹੋਇਆ ਸੀ। ਪਰ ਜਦੋਂ ਮੈਂ ਰਵਿਦਾਸ ਜੀ ਨੂੰ ਭੇਟ ਕੀਤਾ ਤਾਂ ਉਹਨਾਂ ਨੇ ਇਕ ਟੋਏ ਜਿਹੇ ਵਿਚ ਸੁਟ ਦਿੱਤਾ, ਜਿਥੇ ਚਮੜੇ ਦੀਆਂ ਪਚਰਾਂ ਸੁਟਦੇ ਸਨ। ਕਬੀਰ ਜੀ ਮੈਨੂੰ ਮਾਫ ਕਰਨਾ, ਮੈਂ ਤਾਂ ਉਹ ਆਪ ਦੇ ਚਰਨਾਂ ਵਿਚ ਵੀ ਭੇਟਾ ਨਹੀਂ ਸੀ ਕੀਤਾ। ਕਬੀਰ ਸਾਹਿਬ ਕਹਿਣ ਲੱਗੇ ਕਿ ਤੁਸੀਂ ਦੱਸਣਾ ਸੀ ਖਾਨ ਸਾਹਿਬ। ਕਹਿਣ ਲੱਗਾ ਕਿ ਮਹਾਰਾਜ ਮੈਂ ਤਾਂ ਦਸਿਆ ਸੀ। ਕਬੀਰ ਸਾਹਿਬ ਨੇ ਕਿਹਾ ਤੂੰ ਚੰਗੀ ਤਰ੍ਹਾਂ ਦੱਸਣਾ ਸੀ। ਕਹਿਣ ਲੱਗਾ, ਮੈਂ ਤਾਂ ਮਹਾਰਾਜ, ਬਹੁਤ ਦਸਿਆ ਸੀ ਇਹ ਹੀਰਾ ਤਾਂ ਸਾਡੇ ਖਾਨਦਾਨ ਵਿਚ ਬਹੁਤ ਦੇਰ ਤੋਂ ਸੰਭਾਲਿਆ ਹੋਇਆ ਸੀ। ਪਰ ਰਵੀਦਾਸ ਜੀ ਨੇ ਤਾਂ ਫੇਰ ਵੀ ਸੁਟ ਦਿਤਾ। ਕਬੀਰ ਸਾਹਿਬ ਕਹਿਣ ਲੱਗੇ ਕਿ ਭਾਈ ਫੇਰ ਤੁਸੀਂ ਹੀਰਾ ਦੇ ਹੀ ਦਿਤਾ, ਕੋਈ ਗੱਲ ਨਹੀਂ ਉਨ੍ਹਾਂ ਦੀ ਭੇਟਾ ਕਰ ਦਿਤਾ। ਖਾਨ ਨੇ ਕਿਹਾ,



Sri Satguru Jagjit Singh Ji eLibrary NamdhariElibrary@gmail.com

ਮਹਾਰਾਜ! ਰਵੀਦਾਸ ਜੀ ਨੇ ਤਾਂ ਪਚਰਾਂ ਦੇ ਨਾਲ ਹੀ ਬਾਹਰ ਸੁਟ ਦੇਣਾ ਹੈ। ਸੋ ਉਹ ਹੀਰਾ ਕਿਸੇ ਲੇਖੇ ਵਿਚ ਤਾਂ ਲੱਗਾ ਨਾ।

ਕਬੀਰ ਸਾਹਿਬ ਨੇ ਖਾਨ ਨੂੰ ਸਮਝਾਇਆ ਕਿ ਜਦੋਂ ਸੰਤਾਂ ਨੂੰ ਕੋਈ ਚੀਜ਼ ਦੇ ਦੇਈਏ - ਫੇਰ ਉਹ ਭਾਵੇਂ ਕੁਝ ਕਰਨ - ਭਾਵੇਂ ਵਗਾਹ ਕੇ ਮਾਰ ਦੇਣ, ਤੇਰਾ ਤਾਂ ਲੇਖੇ ਵਿਚ ਲੱਗ ਗਿਆ। ਨਹੀਂ ਮਹਾਰਾਜ ਉਹ ਤਾਂ ਕਿਸੇ ਦੇ ਹੱਥ ਵਿਚ ਨਹੀਂ ਸੀ ਆਉਣਾ ਚਾਹੀਦਾ। ਕਬੀਰ ਸਾਹਿਬ ਕਹਿਣ ਲੱਗੇ ਕਿ ਚਲੋ ਆਪਾਂ ਦੋਨੋਂ ਰਵੀਦਾਸ ਜੀ ਕੋਲ ਚਲਦੇ ਹਾਂ। ਜਦੋਂ ਰਵੀਦਾਸ ਜੀ ਨੇ ਦੋਨਾਂ ਨੂੰ ਆਉਂਦਿਆਂ ਦੇਖਿਆ ਤਾਂ ਇਕ ਦਮ ਉਠ ਕੇ ਖੜੇ ਹੋ ਗਏ, ਅੱਗੇ ਵਧ ਕੇ ਕਬੀਰ ਸਾਹਿਬ ਨੂੰ ਨਮਸ਼ਕਾਰ ਕਰਨੀ ਚਾਹੁੰਦੇ ਹਨ। ਪਰ ਕਬੀਰ ਸਾਹਿਬ ਕਹਿਣ ਲੱਗੇ ਕਿ ਪਹਿਲੋਂ ਅਸੀਂ ਨਮਸਕਾਰ ਕਰਨੀ ਹੈ। ਅਖੀਰ ਦੋਨਾਂ ਨੇ ਇਕ ਦੂਜੇ ਨੂੰ ਬੁਕਲ ਵਿਚ ਲੈ ਲਿਆ। ਰਵੀਦਾਸ ਜੀ ਦੇ ਹੇਠਾਂ ਜਿਹੜਾ ਬੋਰੀ ਦਾ ਟੁਕੜਾ ਵਿਛਿਆ ਹੋਇਆ ਸੀ ਲਿਆ ਕੇ ਕਬੀਰ ਸਾਹਿਬ ਦੇ ਬੈਠਣ ਵਾਸਤੇ ਵਿਛਾ ਦਿਤਾ। ਉਹਦੇ ਤੇ ਕਬੀਰ ਸਾਹਿਬ ਨੂੰ ਬਿਠਾ ਰਹੇ ਹਨ ਕਿਉਂਕਿ ਉਹਨਾਂ ਕੋਲ ਤਾਂ ਫਟੀ ਹੋਈ ਦਰੀ ਦਾ ਉਹੀ ਆਸਨ ਸੀ। ਕੋਈ ਵੱਡਾ ਆਸਨ ਤਾਂ ਹੈ ਨਹੀਂ ਸੀ। ਆਪ ਹੇਠਾਂ ਫਰਸ਼ ਤੇ ਬੈਠ ਗਏ। ਆਦਰ ਸਤਿਕਾਰ ਕੀਤਾ ਤੇ ਪੁਛਿਆ ਕਿ ਆਪ ਜੀ ਦਾ ਆਉਣਾ ਕਿਵੇਂ ਹੋਇਆ? ਕਬੀਰ ਸਾਹਿਬ ਨੇ ਪੁਛਿਆ ਕਿ ਖਾਨ ਜੀ ਤੁਹਾਡੇ ਕੋਲ ਆਏ ਸਨ?

ਕਹਿੰਦੇ, "ਜੀ ਹਾਂ ਆਏ ਸਨ।"

"ਖਾਨ ਜੀ ਨੇ ਤੁਹਾਨੂੰ ਕੋਈ ਬਹੁਤ ਕੀਮਤੀ ਹੀਰਾ ਭੇਟਾ ਕੀਤਾ ਸੀ। ਰਵੀਦਾਸ ਜੀ ਨੇ ਕਿਹਾ, ਹਾਂ ਜੀ! ਦਸਿਆ ਸੀ। ਕਬੀਰ ਸਾਹਿਬ ਨੇ ਪੁਛਿਆ ਕਿ ਕੀ ਤੁਸੀਂ ਫੇਰ ਸਾਂਭ ਕੇ ਰੱਖ ਦਿਤਾ। ਉਹ ਮੁਸਕਰਾ ਪਏ। ਕਹਿਣ ਲੱਗੇ, ਮਹਾਰਾਜ! ਉਥੇ ਪਚਰਾਂ ਵਿਚ ਪਿਆ ਹੈ। ਕਬੀਰ ਸਾਹਿਬ ਨੇ ਕਿਹਾ ਜੇ ਤੁਹਾਡੇ ਉਹ ਹੀਰਾ ਕਿਸੇ ਕੰਮ ਨਹੀਂ ਤਾਂ ਖਾਨ ਨੂੰ ਵਾਪਸ ਕਰ ਦਿਉ। ਰਵੀਦਾਸ ਜੀ ਨੇ ਕਿਹਾ, ਹਾਂ! ਵਾਪਸ ਲੈ ਲਵੋ।

ਉਹ ਟੋਇਆ ਕਾਫੀ ਡੂੰਘਾ ਜਿਹਾ ਸੀ ਜਿਥੇ ਕਈ ਦਿਨ ਦੀਆਂ ਪਚਰਾਂ ਇਕੱਠੀਆਂ ਹੋ ਜਾਂਦੀਆਂ ਸਨ। ਫੇਰ ਬਾਹਰ ਸੁਟ ਦਿੰਦੇ ਸਨ। ਕਬੀਰ ਸਾਹਿਬ ਨੇ ਕਿਹਾ, ਖਾਨ ਜੀ! ਜਾਓ ਤੁਸੀਂ ਟੋਏ ਵਿਚੋਂ ਆਪੇ ਆਪਣਾ ਹੀਰਾ ਕੱਢ ਲਵੋ। ਜਦੋਂ ਖਾਨ ਨੇ ਟੋਏ ਵਿਚ ਹੱਥ ਪਾਇਆ ਤਾਂ ਕੀ ਦੇਖਦਾ ਹੈ ਕਿ ਉਪਰ ਉਪਰ ਤਾਂ ਚਮੜੇ ਦੀਆਂ ਪਚਰਾਂ ਹਨ, ਹੇਠਾਂ ਹੀਰੇ ਹੀ ਹੀਰੇ ਭਰੇ ਪਏ ਹਨ। ਕਹਿਣ ਲੱਗੇ, ਖਾਨ ਜੀ! ਆਪਣਾ ਹੀਰਾ ਕੱਢ ਲਓ ਚੰਗੀ ਤਰ੍ਹਾਂ ਦੇ ਨਾਲ, ਇਕ ਬੁਕ (ਉਂਜਲ) ਭਰਕੇ ਕੱਢ ਲਉ, ਡਰੋ ਨਾ, ਜਦੋਂ ਮੁੱਠ ਬਾਹਰ ਕੱਢੀ ਤਾਂ ਰਵੀਦਾਸ ਜੀ ਨੇ ਕਿਹਾ, ਜਿਹੜਾ ਤੁਹਾਡਾ ਹੀਰਾ ਹੈ, ਪਛਾਣ ਲਵੋ। ਹੁਣ ਖਾਨ ਚੁਪ ਕਰ ਗਿਆ। ਕਹਿਣ ਲਗਾ, ਮਹਾਰਾਜ ਮੇਰੇ ਤੋਂ ਬਹੁਤ ਭਾਰੀ ਭੁਲ ਹੋ ਗਈ। ਮੈਂ ਤਾਂ ਇਹ ਸਮਝਦਾ ਸੀ ਕਿ ਰਵੀਦਾਸ ਜੀ ਨੂੰ ਮੇਰੇ ਹੀਰੇ ਦੀ ਕਦਰ ਨਹੀਂ ਹੈ। ਏਥੇ ਤਾਂ ਸਾਰੇ ਹੀਰੇ ਹੀ ਹੀਰੇ ਹਨ, ਚਮੜਾ ਤਾਂ ਹੈ ਹੀ ਨਹੀਂ। ਸਾਰੇ ਹੀਰੇ ਹੀ ਬਣਾ ਦਿੱਤੇ। ਰਵਿਦਾਸ ਜੀ ਕਹਿਣ ਲੱਗੇ ਖਾਨ ਜੀ

***ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥***
***ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥***

***ਪੰਨਾ -1377***

ਸੋ ਪਰਮੇਸ਼ਰ ਦੇ ਨਾਮ ਦਾ ਅਮੋਲ ਹੀਰਾ ਹੈ, ਉਸ ਨੂੰ ਛੱਡ ਕੇ ਅਸੀਂ ਇਹ ਕੱਚ ਦੇ ਟੁਕੜਿਆਂ ਵੱਲ ਆਸ ਕਰੀਏ? ਤੇਰੀ ਭਾਵਨਾ ਸੀ, ਤੂੰ ਦੇ ਗਿਆ, ਅਸੀਂ ਰੱਖ ਲਿਆ।

ਸੋ ਇਸ ਤਰ੍ਹਾਂ ਦੇ ਨਾਲ ਇਕ ਨਿਗਾਹ ਹੀ ਚਾਹੀਦੀ ਹੈ। ਇਕ ਸੰਤ ਬੁਧੂ ਸ਼ਾਹ ਜੀ ਹੋਏ ਹਨ। ਉਹ ਪੰਜਾਬ ਵਿਚ ਸ਼ਾਹਪੁਰ ਦੇ ਰਹਿਣ ਵਾਲੇ ਸਨ। ਇਕ ਵਾਰੀ ਇਕ ਬੰਦਾ ਉਹਨਾਂ ਕੋਲ ਆ ਗਿਆ, ਉਸ ਨੇ ਆ ਕੇ ਸੰਤਾਂ ਦੇ ਲੰਗਰ ਵਿਚ ਪ੍ਰਸ਼ਾਦਾ ਛੱਕਿਆ, ਉਹਨੇ ਸੋਚਿਆ ਕਿ ਸੰਤਾਂ ਦੇ ਲੰਗਰ ਦਾ ਬੜਾ ਖਰਚਾ ਹੈ। ਮੈਂ ਸੰਤਾਂ ਨੂੰ ਚਾਂਦੀ ਬਨਾਉਣੀ ਸਿਖਾ ਦਿੰਦਾ ਹਾਂ। ਉਸ ਕੋਲ ਇਸ ਗੱਲ ਦੀ ਜੁਗਤ ਸੀ। ਸੋ ਉਸਨੇ ਚਾਂਦੀ ਬਨਾਉਣੀ ਸਿਖਾ ਦਿੱਤੀ। ਨਾਲ ਕਹਿਣ ਲੱਗਾ ਕਿ ਮਹਾਰਾਜ ਇਹ ਨੁਸਖਾ ਸੰਭਾਲ ਕੇ ਰੱਖਣਾ, ਕਿਸੇ ਦੇ ਹੱਥ ਵਿਚ ਨਾ ਜਾਵੇ। ਆਪ ਚਲਾ ਗਿਆ ਪਰ ਰਸਤੇ ਵਿਚੋਂ ਮੁੜ ਆਇਆ। ਸੋਚਣ ਲੱਗਾ ਕਿ ਸੰਤਾਂ ਨੇ ਨੁਸਖਾ ਤਾਂ ਸਾਂਭਿਆ ਹੀ ਨਹੀਂ ਸੀ। ਨਾ ਤਾਲਾ ਲਾਇਆ ਸੀ। ਸੰਤ ਕਹਿਣ ਲੱਗੇ, ਭਾਈ ਤੂੰ ਮੁੜ ਆਇਆ? ਕਹਿਣ ਲੱਗਾ, ਮਹਾਰਾਜ ਤੁਸੀਂ ਨੁਸਖਾ ਨਹੀਂ ਸੀ ਸੰਭਾਲਿਆ। ਸੰਤ ਬੁਧੂ ਸ਼ਾਹ ਕਹਿਣ ਲੱਗੇ ਭਾਈ ਇਹ ਨੁਸਖਾ ਸਾਡੇ ਕਿਸੇ ਕੰਮ ਨਹੀਂ ਹੈ। ਤੂੰ ਤਾਂ ਐਵੇਂ ਸਾਡੇ ਖਹਿੜੇ ਪੈ ਗਿਆ ਹੈਂ, ਸਾਡੇ ਲਈ ਤਾਂ ਸੋਨਾ ਵੀ ਕਿਸੇ ਕੰਮ ਨਹੀਂ, ਚਾਂਦੀ ਵੀ ਕਿਸੇ ਕੰਮ ਨਹੀਂ ਹੈ। ਲੰਗਰ ਵਿਚ ਦਾਨਾ ਪਾਣੀ ਤਾਂ ਗੁਰੂ ਦਾ ਹੈ, ਟਹਿਲ ਸੇਵਾ ਸੰਗਤ ਦੀ ਹੈ। ਸੋ ਮੈਂ ਐਸੇ ਨੁਸਖੇ ਕੀ ਕਰਨੇ ਹਨ। ਜਦੋਂ ਉਸਨੇ ਬਾਰ-ਬਾਰ ਕਿਹਾ ਤਾਂ ਸੰਤ ਕਹਿਣ ਲੱਗੇ, ਜਾ ਬਾਹਰੋਂ ਚਾਰ ਇੱਟਾਂ ਚੁਕ ਲਿਆ, ਉਹ ਗੁਰਦਵਾਰੇ ਵਿਚ ਝਾੜੂ ਦੇ ਰਹੇ ਸਨ। ਜਦੋਂ ਇੱਟ ਚੁੱਕ ਕੇ ਲਿਆਇਆ ਤਾਂ ਕੀ ਦੇਖਦਾ ਹੈ ਕਿ ਇੱਟ ਦਾ ਪੀਲਾ ਰੰਗ ਹੋ ਗਿਆ। ਸੋਚਣ ਲੱਗਾ ਕਿ ਇਹ ਇੱਟ ਤਾਂ ਮੇਰੇ ਕੋਲੋਂ ਗਲਤੀ ਨਾਲ ਚੁਕ ਹੋ ਗਈ। ਪ੍ਰੇਮੀ ਸੰਤ ਬੁੱਧੂ ਸ਼ਾਹ ਜੀ ਨੂੰ ਕਹਿਣ ਲੱਗਾ ਕਿ ਮਹਾਰਾਜ, ਇਹ ਇੱਟ ਤਾਂ ਸੋਨੇ ਦੀ ਹੈ। ਸੰਤ ਚੁਪ ਕਰ ਗਏ। ਕਹਿਣ ਲੱਗੇ ਜਾਹ ਚਾਰ ਇੱਟਾਂ ਹੋਰ ਚੁਕ ਲਿਆ, ਜਦੋਂ ਲੈਣ ਗਿਆ ਤਾਂ ਕੀ ਦੇਖਦਾ ਹੈ ਕਿ ਸਾਰਾ ਚੱਠਾ ਹੀ ਸੋਨੇ ਦਾ ਬਣਿਆ ਪਿਆ ਸੀ। ਜਦੋਂ ਇਧਰ ਦੇਖਦਾ ਹੈ ਤਾਂ ਸਾਰਾ ਗੁਰਦੁਆਰਾ ਵੀ ਝਿਲਮਿਲ-ਝਿਲਮਿਲ ਕਰ ਰਿਹਾ ਹੈ। ਸਾਰਾ ਸੋਨੇ ਦਾ ਹੀ ਨਜ਼ਰ ਆ ਰਿਹਾ ਹੈ। ਆ ਕੇ ਸੰਤ ਬੁੱਧੂ ਸ਼ਾਹ ਦੇ ਚਰਨ ਫੜ ਲਏ। ਕਹਿਣ ਲੱਗਾ ਮਹਾਰਾਜ ਮੈਂ ਤਾਂ ਬੜੀ ਭਾਰੀ ਭੁਲ ਕੀਤੀ ਹੈ। ਇਕ ਪਾਈਆ ਚਾਂਦੀ ਬਣਾ ਕੇ ਸੋਚਿਆ ਕਿ ਤੁਹਾਡਾ ਕੰਮ ਚਲਦਾ ਰਹੇਗਾ। ਪਰ ਆਪ ਦੀ ਦ੍ਰਿਸ਼ਟੀ ਤਾਂ ਐਸੀ ਹੈ, ਜਿਧਰ ਦੇਖੋ,



Sri Satguru Jagjit Singh Ji eLibrary NamdhariElibrary@gmail.com

ਜੋ ਚਾਹੋ, ਉਹੀ ਬਣ ਜਾਏਗਾ।

ਸੋ ਜਿਹੜਾ ਗੋਰਖਨਾਥ ਦਾ ਗੁਰੂ ਨਾਨਕ ਦੇਵ ਜੀ ਨੂੰ ਇਹ ਕਹਿਣ ਸੀ ਕਿ ਪ੍ਰਾਣਾਯਾਮ ਨਾਲ ਸਾਰੀਆਂ ਸ਼ਕਤੀਆਂ ਆ ਸਕਦੀਆਂ ਹਨ। ਇਹ ਤਾਂ ਨਾਮ ਜਪਣ ਵਾਲਿਆਂ ਕੋਲ ਸਹਿਜ ਸੁਭਾਅ ਹੀ ਹੋ ਸਕਦੀਆਂ ਹਨ। ਲੇਕਿਨ ਗੁਰੂ ਘਰ ਦੇ ਅੰਦਰ ਇਹਨਾਂ ਚੀਜ਼ਾਂ ਨੂੰ ਮਹਾਨਤਾ ਨਹੀਂ ਦਿੱਤੀ ਜਾਂਦੀ।

*ਧਾਰਨਾ - ਰਿਧ ਸਿਧ ਸਭ ਮੋਹ ਹੈ,*
*ਨਾਮ ਨਾ ਵਸੈ ਮਨ ਆਇ -2, 2.*
*ਪਿਆਰੇ ਨਾਮ ਨਾ ਵਸੈ ਮਨ ਆਇ -2, 2.*
*ਰਿਧ ਸਿਧ ਸਭੁ ਮੋਹੁ ਹੈ,............... -2.*

ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਨਾਥ ਜੀ! ਇਹ ਚੀਜ਼ਾਂ ਪਰਮੇਸ਼ਰ ਨੂੰ ਭੁਲਾਉਂਦੀਆਂ ਹਨ। ਤੁਸੀਂ ਐਵੇਂ ਮਨ ਦਾ ਹੱਠ ਕਰਕੇ ਇਹਦੇ ਪਿੱਛੇ ਲੱਗੇ ਹੋਏ ਹੋ।

*ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥*
*ਮਨਹਠਿ ਭੇਖ ਕਰਿ ਭਰਮਦੇ ਦੂਖੁ ਪਾਇਆ ਦੂਜੈ ਭਾਇ॥ ਪੰਨਾ - 593*

ਗੱਲ ਤਾਂ ਕੋਈ ਬਣਦੀ ਨਹੀਂ, ਪਰ ਭੇਖ ਤੇ ਸਾਰਾ ਜੋਰ ਲਗਾਇਆ ਜਾ ਰਿਹਾ ਹੈ। ਕੋਈ ਕਿਸੇ ਕਿਸਮ ਦਾ ਭੇਖ ਧਾਰ ਰਿਹਾ ਹੈ। ਕੋਈ ਚੱਕਰ ਬਣਾ ਰਿਹਾ ਹੈ। ਕੋਈ ਮੱਥੇ ਤੇ ਛਾਪ ਲਾ ਰਿਹਾ ਹੈ। ਕੋਈ ਸਰੀਰ ਤੇ ਲਾ ਰਿਹਾ ਹੈ। ਕਹਿੰਦੇ ਇਸ ਤਰ੍ਹਾਂ ਕਰਨ ਨਾਲ ਪਰਮੇਸ਼ਰ ਨਹੀਂ ਮਿਲਦਾ।

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨਾ ਵਸੈ ਮਨਿ ਆਇ॥*
*ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥ ਪੰਨਾ - 593*

ਜੇਕਰ ਗੁਰੂ ਦੀ ਸੇਵਾ ਕਰੇ, ਗੁਰੂ ਦਾ ਸ਼ਬਦ ਪ੍ਰਾਪਤ ਕਰੇ ਫੇਰ-

ਸਵਾਲ ਤਾਂ ਅਗਿਆਨ ਦੂਰ ਕਰਨ ਦਾ ਹੈ, ਹਨ੍ਹੇਰੇ ਨੂੰ ਦੂਰ ਕਰਨ ਦਾ ਹੈ। ਹਨ੍ਹੇਰੇ ਵਿਚ ਰਿਧੀ ਸਿਧੀ ਨੇ ਪ੍ਰਕਾਸ਼ ਨਹੀਂ ਕਰਨਾ।

*ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਿਜ ਸਮਾਇ॥ ਪੰਨਾ - 593*
*ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥*
*ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥*
*ਬਿਨੁ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਾਮਾਤਿ॥ ਪੰਨਾ - 650*

ਧਿਰਕਾਰ ਹੈ ਸਿਧੀ, ਨੂੰ ਧਿਰਕਾਰ ਹੈ ਕਰਾਮਾਤ ਨੂੰ, ਇਸ ਗੱਲ ਵਿਚ ਪੈ ਕੇ ਨਾਮ ਤੋਂ ਵਾਞਾਂ ਰਹਿ ਜਾਂਦਾ ਹੈ।

*ਸਾ ਸਿਧਿ ਸਾ ਕਰਾਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥ ਪੰਨਾ - 650*

ਉਹੀ ਸਿਧੀ ਉਹੀ ਕਰਾਮਾਤ ਹੈ-

*ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ*
*ਏਹਾ ਸਿਧਿ ਏਹਾ ਕਰਾਮਾਤਿ॥ ਪੰਨਾ - 650*

ਨਾਮ ਦਾ ਮਨ ਵਿਚ ਵਸਣਾ ਹੀ ਵੱਡੀ ਕਰਾਮਾਤ ਹੈ। ਇਸ ਧਰਤੀ ਨੂੰ ਭਾਵੇਂ ਤੁਸੀਂ ਸੋਨੇ ਦੀ ਬਣਾ ਦਿਓ - ਕੀ ਕਰਨਾ ਹੈ ਖਾਣਾ ਹੈ ਸੋਨਾ? ਕੀ ਹੀਰੇ ਜਵਾਹਰਾਤ ਖਾਣੇ ਹਨ, ਹੀਰੇ ਨਾਲੋਂ ਤਾਂ ਕਿ ਪਾਣੀ ਦਾ ਗਿਲਾਸ ਚੰਗਾ ਹੈ, ਜਦੋਂ ਪਿਆਸ ਲੱਗੀ ਹੋਵੇ ਤਾਂ ਕੇਵਲ ਪਾਣੀ ਚਾਹੀਦਾ ਹੈ, ਜੇਕਰ ਪਾਣੀ ਨਾ ਮਿਲੇ ਫਿਰ ਕੀ ਕਰੋਗੇ? ਕੀ ਹੀਰੇ ਪੀ ਲਓਗੇ।

ਜਿਸ ਤਰ੍ਹਾਂ ਕਿ ਰੇਗਿਸਤਾਨ ਦੇ ਅੰਦਰ, ਅਫਰੀਕਾ ਵਿਚ ਊਂਠ ਚਲਿਆ ਕਰਦੇ ਹਨ, ਪਾਣੀ ਦੀਆਂ ਮਸ਼ਕਾਂ ਭਰਕੇ ਊਠਾਂ ਤੇ ਲਦ ਦਿੰਦੇ ਹਨ - ਊਠ ਤਾਂ ਆਪ ਅੱਠ ਅੱਠ ਦਿਨ ਲਈ ਪਾਣੀ ਪੀ ਲੈਂਦੇ ਹਨ। ਜਾਂਦੇ ਜਾਂਦੇ ਪਾਣੀ ਮੁਕ ਗਿਆ - ਨਾਲ ਇਕ ਮਸ਼ਕ ਹੀਰਿਆਂ ਦੀ ਭਰੀ ਹੋਈ ਹੈ, ਉਹ ਜਿਹੜਾ ਪੈਸਾ ਕਮਾਇਆ ਸੀ - ਹੀਰੇ ਜਵਾਹਰਾਤ ਨਾਲ ਭਰ ਲਈ। ਜਦੋਂ ਮਾਰੂਥਲ ਵਿਚ ਪੁਜਾ ਤਾਂ ਉਹ ਵਪਾਰੀ ਮਰ ਗਿਆ। ਊਠ ਵੀ ਮਰ ਗਿਆ ਤੇ ਉਹ ਬੰਦਾ ਵੀ ਮਰ ਗਿਆ। ਉਹ ਹੀਰੇ ਉਥੇ ਹੀ ਗਿਰੇ ਰਹਿ ਗਏ। ਇਕ ਹੋਰ ਬੰਦਾ ਕੋਲੋਂ ਲੰਘ ਰਿਹਾ ਸੀ। ਉਸ ਨੂੰ ਵੀ ਪਿਆਸ ਲੱਗੀ ਹੋਈ ਸੀ। ਮਸ਼ਕ ਨੂੰ ਦੇਖ ਕੇ ਬੜਾ ਪ੍ਰਸੰਨ ਹੋਇਆ ਕਿ ਇਹ ਪਾਣੀ ਦੀ ਭਰੀ ਹੋਈ ਮਸ਼ਕ ਹੈ। ਜਦੋਂ ਉਸ ਨੇ ਮਸ਼ਕ ਨੂੰ ਖੋਲਿਆ ਤਾਂ ਦੇਖਿਆ ਇਹ ਤਾਂ ਹੀਰਿਆਂ ਦੀ ਭਰੀ ਹੋਈ ਮਸ਼ਕ ਹੈ। ਕਹਿਣ ਲੱਗਾ ਅਫਸੋਸ ਕਿ ਇਸ ਵਿਚੋਂ ਪਾਣੀ ਨਹੀਂ ਨਿਕਲਿਆ, ਜੇ ਮੈਨੂੰ ਇਹਨਾਂ ਸਾਰੇ ਹੀਰਿਆਂ ਦੇ ਬਦਲੇ ਇਕ ਪਾਣੀ ਦਾ ਗਿਲਾਸ ਮਿਲ ਜਾਵੇ ਤਾਂ ਕੀ ਕੋਈ ਉਸਦੀ ਕੀਮਤ ਦੇ ਸਕਦਾ ਹੈ, ਮੇਰੀ ਜ਼ਿੰਦਗੀ ਬਚ ਸਕਦੀ ਹੈ।

ਸੋ ਗੁਰੂ ਨਾਨਕ ਦੇਵ ਨੇ ਕਿਹਾ, ਨਾਥ ਜੀ! ਤੁਸੀਂ ਪਾਣੀ ਦੀ ਥਾਂ ਹੀਰਿਆਂ ਦਾ ਮੁਕਾਬਲਾ ਕਰਦੇ ਹੋ? ਪਾਣੀ ਤਾਂ ਹੈ ਪਰਮੇਸ਼ਰ ਦੀ ਦਾਤ, ਪਾਣੀ ਬਿਨਾਂ ਤਾਂ ਗੁਜ਼ਾਰਾ ਨਹੀਂ ਚਲਦਾ, ਹੀਰਿਆਂ ਬਗੈਰ ਤਾਂ ਗੁਜ਼ਾਰਾ ਹੋ ਜਾਂਦਾ ਹੈ। ਸੋ ਇਹ ਸਾਰੀਆਂ ਚੀਜ਼ਾਂ ਤਾਂ ਕੁਝ ਵੀ ਨਹੀਂ ਹਨ ਨਾਮ ਜਪਣ ਵਾਲਿਆਂ ਵਾਸਤੇ -

*ਧਾਰਨਾ - ਪਿਆਰੇ ਜੀ,*
*ਪਿਛੇ ਲੱਗੀਆਂ ਫਿਰਨ ਸਿਧੀਆਂ -2, 2.*
*ਜਿਹਦੇ ਹਿਰਦੇ ਨਾਮ ਦਾ ਵਾਸਾ -2, 2.*



Sri Satguru Jagjit Singh Ji eLibrary NamdhariElibrary@gmail.com

*ਪਿਆਰੇ ਜੀ, ਪਿਛੇ ਲੱਗੀਆਂ,.... -2.*

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਕਹਿਣ ਲੱਗੇ ਨਾਥ ਜੀ! ਸਿਧੀਆਂ ਦੇ ਨਾਲ ਨਾਮ ਦਾ ਮੁਕਾਬਲਾ ਕਰਨਾ ਚਾਹੁੰਦੇ ਹੋ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***

***ਪੰਨਾ - 81***

ਅੱਜ ਤੱਕ ਸੰਸਾਰ ਵਿਚ ਐਸਾ ਤਾਂ ਕੋਈ ਆਇਆ ਨਹੀਂ ਜੋ ਸਾਂਈ ਦੇ ਨਾਮ ਦੀ ਕੀਮਤ ਪਾ ਸਕਿਆ ਹੋਵੇ। ਇਹ ਤਾਂ ਤੁਛ ਚੀਜ਼ਾਂ ਹਨ। ਇਹਨਾਂ ਦੀ ਕੋਈ ਮਹੱਤਤਾ ਨਹੀਂ ਹੈ।

ਨਾਥ ਕਹਿਣ ਲੱਗੇ, "ਤੁਹਾਡਾ ਕੀ ਮੱਤ ਹੈ?"

ਮਹਾਰਾਜ ਨੇ ਉਤਰ ਦਿਤਾ ਕਿ ਸਾਡਾ ਤਾਂ ਨਾਮ ਮਾਰਗ ਹੈ।

"ਕੀ ਤੁਸੀਂ ਹਠ ਯੋਗ ਵਿਚ ਵਿਸ਼ਵਾਸ ਨਹੀਂ ਕਰਦੇ।"

ਗੁਰੂ ਮਹਾਰਾਜ ਨੇ ਕਿਹਾ ਕਿ ਜਿਹੜਾ ਤੁਹਾਡਾ ਤਰੀਕਾ ਹੈ ਸਾਧਨ ਹੈ, ਇਹ ਬਹੁਤ ਔਖਾ ਹੈ। ਇਹ ਸਾਰੇ ਸੰਸਾਰ ਦਾ ਉਧਾਰ ਨਹੀਂ ਕਰ ਸਕਦਾ। ਚੌਣਵੇਂ ਬੰਦਿਆਂ ਨੂੰ ਤਾਂ ਕਿਸੇ ਕਿਨਾਰੇ ਲਾ ਸਕਦਾ ਹੈ ਪਰ ਹਰ ਬੰਦਾ ਨਹੀਂ ਕਰ ਸਕਦਾ। ਪਹਿਲਾਂ ਤਾਂ ਇਸ ਤਰ੍ਹਾਂ ਹੈ ਕਿ ਜੇਕਰ ਹਜ਼ਾਰ ਬੰਦਾ ਪ੍ਰਾਣਾਯਾਮ ਕਰਨ ਲਗ ਜਾਏ, ਹਜ਼ਾਰ ਵਿਚੋਂ ਕਿੰਨੇ ਕੁ ਬੰਦੇ ਪੁਗ ਜਾਣਗੇ। ਨਾਥ ਨੇ ਕਿਹਾ, ਨਾਨਕ ਜੀ ਅਸੀਂ ਇਕ ਬੇਨਤੀ ਕਰਦੇ ਹਾਂ। ਇਹ ਗੱਲ ਸਾਡੀ ਪਰਤਿਆਈ ਹੋਈ ਹੈ ਕਿ ਜਿੰਨੀ ਦੇਰ ਤੱਕ ਤੁਸੀਂ ਯੋਗ ਨਹੀਂ ਕਰਦੇ, ਉਨੀ ਦੇਰ ਤੱਕ ਜਿਹੜੇ ਚਿਤ ਦੇ ਅੰਦਰ ਪੰਜ ਦੋਸ਼ ਹਨ, ਪੰਜ ਕਲੇਸ਼ ਹਨ ਜਿਹੜੇ ਸਾਰੇ ਸੰਸਾਰ ਨੂੰ ਤਪਾਉਂਦੇ ਰਹਿੰਦੇ ਹਨ, ਜੋ ਸਾਰੇ ਸੰਸਾਰ ਨੂੰ ਦੁਖੀ ਕਰ ਰਹੇ ਹਨ, ਉਹ ਦੂਰ ਨਹੀਂ ਹੋਇਆ ਕਰਦੇ। ਜਿਹੜੀਆਂ ਪੰਜ ਬਿਰਤੀਆਂ ਹਨ ਉਹ ਕਿਸੇ ਲਾਈਨ ਵਿਚ ਨਹੀਂ ਆਉਂਦੀਆਂ। ਇਹ ਕਰਮ ਕਰਾਂਗੇ ਤਾਂ ਇਹਨਾਂ ਖੱਟ ਕਰਮਾਂ ਕਰਕੇ ਇਹ ਰਿੱਧੀਆਂ ਸਿੱਧੀਆਂ ਆ ਜਾਂਦੀਆਂ ਹਨ। ਧੋਤੀ, ਨੇਤੀ, ਨਿਉਲੀ, ਬਸਤੀ, ਤ੍ਰਾਟਕ, ਕਪਾਲਭਾਤੀ, ਭਾਠੀ ਇਹ ਚੀਜ਼ਾਂ ਹੋਇਆ ਕਰਦੀ ਹਨ। ਸੰਗਤ ਨੂੰ ਕਈ ਵਾਰੀ ਵਿਸਥਾਰ ਨਾਲ ਦਸਿਆ ਹੈ। ਬਹੁਤ ਸਹਿਜ ਚਾਹੀਦੀ ਹੈ। ਇਕਾਂਤ ਚਾਹੀਦੀ ਹੈ। ਨਾਲ ਪੂਰਾ ਗੁਰੂ ਹਰ ਵਕਤ ਨਾਲ ਚਾਹੀਦਾ ਹੈ। ਉਸ ਤੋਂ ਬਾਅਦ ਫੇਰ ਛੇ ਚਕਰਾਂ ਵਿਚੋਂ ਲੰਘਣਾ ਪੈਂਦਾ ਹੈ ਮੂਲਧਾਰ ਚੱਕਰ, ਸਵਾਦਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਜਿਹੜਾ ਨਾਭੀ ਵਿਚ ਹੋਇਆ ਕਰਦਾ ਹੈ, ਅਨਹਦ ਚੱਕਰ ਜਿਹੜਾ ਹਿਰਦੇ ਵਿਚ ਹੁੰਦਾ ਹੈ ਵਿਸ਼ੁਧ ਚੱਕਰ, ਫਿਰ ਆਗਿਆ ਚੱਕਰ ਜਿਹੜਾ ਦੋਨਾਂ ਅੱਖਾਂ ਦੇ ਨੱਕ ਦੀ ਜੜ੍ਹ ਵਿਚ ਹੋਇਆ ਕਰਦਾ ਹੈ।

ਅਸੀਂ ਪ੍ਰਾਣਾਯਾਮ ਦੇ ਬਲ ਨਾਲ ਮੂਲ ਚੱਕਰ ਦਾ ਮੂੰਹ ਖੋਲ੍ਹ ਕੇ, ਉਥੋਂ ਫਿਰ ਕੁੰਡਲਨੀ ਸ਼ਕਤੀ ਨੂੰ ਜਾਗਰਿਤ ਕਰਕੇ, ਫਿਰ ਅਸੀਂ ਉਡਦੇ ਹਾਂ। ਜਿਉਂ ਜਿਉਂ ਕੁੰਡਲਨੀ ਸ਼ਕਤੀ ਉਪਰ ਨੂੰ ਜਾਂਦੀ ਹੈ, ਤਿਉਂ ਤਿਉਂ ਸ਼ਕਤੀਆਂ ਦਾ ਪ੍ਰਵੇਸ਼ ਹੁੰਦਾ ਰਹਿੰਦਾ ਹੈ। ਰਿਧੀਆਂ ਸਿਧੀਆਂ ਅੰਤਰਜਾਮਤਾ, ਦੂਰ-ਦਰਸ਼ਤਾ, ਜਿਥੇ ਜੀਅ ਕਰਦਾ ਹੈ ਚਲੇ ਜਾਣਾ, ਬੇਅੰਤ ਸਿਧੀਆਂ ਹਨ, ਸੋ ਇਹਨਾਂ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਪੰਜ ਕਲੇਸ਼ ਹਨ- ਅਵਿਦਿਆ, ਅਸਿਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼, ਪੰਜ ਬਿਰਤੀਆਂ ਹਨ - ਪ੍ਰਮਾਣ, ਵਿਪਰਜੇ, ਨਿੰਦਰਾ, ਸਿਮਰਤੀ, ਵਿਕਲਪ। ਸੰਸਾਰ ਸਾਗਰ ਨੂੰ ਦੁਤਰ ਕਹਿੰਦੇ ਹਨ। ਅਸੀਂ ਹੱਠ ਯੋਗ ਤੇ ਰਾਜ ਯੋਗ ਦੇ ਸਾਧਨ ਕਰਦੇ ਹਾਂ, ਤੁਸੀਂ ਸੰਸਾਰ ਸਾਗਰ ਨੂੰ, ਜਿਸਨੂੰ ਦੁਤਰ (ਨਾ ਤਰ ਸਕਣ ਵਾਲਾ) ਕਹਿੰਦੇ ਹਨ, ਨਾਮ ਨਾਲ ਕਿਵੇਂ ਤਾਰ ਦੇਵੋਂਗੇ? ਇਹ ਦੁਤਰ ਸਾਗਰ ਤਰਿਆ ਨਹੀਂ ਜਾ ਸਕਦਾ, ਤੁਸੀਂ ਕਿਸ ਤਰ੍ਹਾਂ ਤਾਰ ਦਿਓਗੇ?

*ਧਾਰਨਾ - ਕਿਉਂ ਕਰ ਪਾਈਐ ਪਾਰੋ ਜੀ,*
*ਦੁਨੀਆਂ ਸਾਗਰ ਦੁਤਰ ਕਹੀਐ -2, 2.*
*ਦੁਨੀਆਂ ਸਾਗਰ ਦੁਤਰੁ ਕਹੀਐ -2, 2.*
*ਕਿਉਂ ਕਰ ਪਾਈਐ ਪਾਰੋ ਜੀ,...... - 2.*

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥ ਪੰਨਾ - 938***

ਹੇ ਨਾਨਕ! ਤੂੰ ਸਾਨੂੰ ਇਹ ਦੱਸ ਕਿ ਇਹ ਸਾਰੇ ਸਾਧਨ ਕੀਤੇ ਬਗੈਰ ਜੋ ਪ੍ਰਾਣਾਯਾਮ ਆਦਿ ਹਨ, ਸੰਸਾਰ ਨੂੰ ਤੁਸੀਂ ਕਿਸ ਤਰ੍ਹਾਂ ਤਾਰ ਲਵੋਂਗੇ -

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥***
***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥ ਪੰਨਾ - 938***

ਸਾਡੇ ਨਾਲ ਸੱਚੀ ਗੱਲ ਕਰਕੇ ਦੱਸ, ਸੋ ਅਸੀਂ ਵੀ ਤੇਰੇ ਖਿਆਲ ਸੁਣੀਏ, ਬੜੇ ਸਤਿਕਾਰ ਨਾਲ ਸੁਣਾ ਦੇ, ਦੇਖ ਅਸੀਂ ਪਹਾੜਾਂ ਜੰਗਲਾਂ ਵਿਚ ਬਾਹਰ ਰਹਿੰਦੇ ਹਾਂ।

***ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥ ਪੰਨਾ - 938***

ਰੁਖਾਂ ਦੇ ਹੇਠਾਂ ਰਹਿੰਦੇ ਹਾਂ, ਬਿਰਖਾਂ ਦੇ ਫਲ ਖਾਂਦੇ ਹਾਂ ਤੇ ਜੰਗਲਾਂ ਵਿਚ ਨਿਵਾਸ ਕਰਦੇ ਹਾਂ -

***ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥***

***ਪੰਨਾ - 938***

ਅਸੀਂ ਕਿਸੇ ਨੂੰ ਕੋਈ ਤਕਲੀਫ ਨਹੀਂ ਦਿੰਦੇ। ਜੰਗਲਾਂ

(ਬਾਕੀ ਪੰਨਾ 35 ਤੇ)



Sri Satguru Jagjit Singh Ji eLibrary NamdhariElibrary@gmail.com

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***

***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 62)*

17. ਉਹ ਸਭ ਜੋਤੀਆਂ ਦੀ ਜੋਤਿ ਹੈ, ਮਾਇਆ ਤੋਂ ਅਤੀ ਪਰ੍ਹੇ ਗਿਆਨ ਰੂਪ ਹੈ ਜਾਨਣ ਯੋਗ ਹੈ। ਤਤ੍ਵ ਗਿਆਨ ਤੋਂ ਪ੍ਰਾਪਤ ਹੋਣ ਵਾਲਾ ਅਤੇ ਸਭ ਦੇ ਹਿਰਦੇ ਵਿਚ ਸਥਿਰ ਹੈ।

18. ਇਸ ਤਰ੍ਹਾਂ ਛੇਤ੍ਰ, ਗਿਆਨ ਅਤੇ ਗੇਯ ਨੂੰ ਸੰਖੇਪ ਨਾਲ ਕਿਹਾ ਹੈ ਇਸਨੂੰ ਜਾਣ ਕੇ ਮੇਰਾ ਭਗਤ ਮੇਰੇ ਭਾਵ ਨੂੰ ਪ੍ਰਾਪਤ ਹੁੰਦਾ ਹੈ।

19. ਹੇ ਅਰਜਨ, ਪ੍ਰਕ੍ਰਿਤੀ ਅਰਥਾਤ ਤ੍ਰਿਗੁਣੀ ਮਾਇਆ ਅਤੇ ਜੀਵ ਆਤਮਾ ਅਰਥਾਤ ਖਤਰਗਯ ਇਨ੍ਹਾਂ ਦੋਹਾਂ ਨੂੰ ਹੀ ਅਨਾਦੀ ਜਾਣ ਅਤੇ ਰਾਗ ਦ੍ਵੈਸ਼ ਆਦਿ ਵਿਕਾਰਾਂ ਨੂੰ, ਤਥਾ ਤ੍ਰਿਗੁਣਾਤਮਕ ਸੰਪੂਰਨ ਪਦਾਰਥਾਂ ਨੂੰ ਭੀ ਪ੍ਰਕ੍ਰਿਤੀ ਤੋਂ ਉਤਪੰਨ ਹੋਏ ਜਾਣ।

20. ਕਾਰਜ ਅਤੇ ਕਾਰਨ ਦੇ ਪੈਦਾ ਕਰਨ ਵਾਲੀ ਹੋਣ ਕਰਕੇ ਪ੍ਰਾਕ੍ਰਿਤੀ ਕਹੀ ਜਾਂਦੀ ਹੈ, ਜੀਵ ਆਤਮਾ ਸੁਖ ਦੁਖ ਦੇ ਭੋਗਣ ਦਾ ਕਾਰਣ ਹੈ।

ਜਦੋਂ ਜਗਿਆਸੂ ਨੂੰ ਮਾਇਆ ਤੇ ਸਤਿ ਦਾ ਪਤਾ ਲਗ ਜਾਂਦਾ ਹੈ ਛੇਤ੍ਰ ਤੇ ਉਸ ਇਕ ਸੂਝਵਾਨ ਦਾ ਪਤਾ ਲਗ ਜਾਂਦਾ ਹੈ ਜਗਿਆਸੂ ਸਤਿ ਨੂੰ ਪ੍ਰਾਪਤ ਕਰ ਲੈਂਦਾ ਹੈ, ਆਤਮਾ ਤੇ ਆਪਣੇ ਸਰੀਰ ਦੋਨੋਂ ਫੇਰ ਬਹੁਤ ਦੇਰ ਨਹੀਂ ਰਹਿੰਦੇ ਇਸ ਤੋਂ ਇਹ ਭਾਵ ਨਹੀਂ ਕਿ ਜਗਿਆਸੂ ਆਪਣੇ ਸਰੀਰ ਨੂੰ ਨਾ ਜਾਣੇ ਜਾਂ ਇਸ ਦੀ ਪਰਵਾਹ ਨਾ ਕਰੇ ਕਿਉਂਕਿ ਸਰੀਰ ਕਾਰਣ ਹੈ, ਛੇਤਰ ਹੈ ਇਸ ਦੇ ਰਾਹੀਂ ਹੀ ਸਿਰਜਨਾ, ਕਲਾ ਤੇ ਵਿਗਿਆਨ ਪ੍ਰਗਟਦੇ ਹਨ ਇਸ ਲਈ ਸਰੀਰ ਨੂੰ ਸਮਝਣਾ ਸ੍ਵਾਸਾਂ ਨੂੰ ਸਮਝਣਾ, ਗਿਆਨ ਇੰਦ੍ਰੀਆਂ ਨੂੰ ਸਮਝਣਾ ਤੇ ਮਨ ਨੂੰ ਸਮਝਣਾ ਬੜਾ ਅਵੱਸ਼ਕ ਹੈ ਤੇ ਐਨਾ ਹੀ ਅਵੱਸ਼ਕ ਹੈ ਆਤਮਾ ਨੂੰ ਜਾਨਣਾ।

ਯੋਗੀ ਨੂੰ ਚਾਹੀਦਾ ਹੈ ਕਿ ਆਪਣੇ ਸਰੀਰ ਨੂੰ ਠੀਕ ਰੱਖੇ ਤਾਂ ਜੋ ਉਹ ਜੀਵਨ ਦਾ ਉਦੇਸ਼ (Goal) ਪ੍ਰਾਪਤ ਕਰ ਸਕੇ। ਗਿਆਨ ਤੇ ਪ੍ਰਗਟਾਵੇ, ਛੇਤਰ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਇਹ ਸਰੀਰ ਇਕ ਸਾਧਨ ਹੈ। ਜਿਸ ਰਾਹੀਂ ਸਾਰੀ ਪ੍ਰਾਪਤੀ ਕਰਨੀ ਹੈ ਪਰ ਜੇ ਇਸ ਦੀ ਦੇਖ ਭਾਲ ਨਾ ਕੀਤੀ ਜਾਵੇ ਇਹ ਸਰੀਰ ਬਾਧਾ ਬਣ ਜਾਂਦਾ ਹੈ। ਆਤਮਾ ਨੂੰ ਪਿਆਰ ਕਰਨ ਤੋਂ ਇਹ ਭਾਵ ਨਹੀਂ ਸਰੀਰ ਨੂੰ ਬਿਲਕੁਲ ਦੇਖਿਆ ਹੀ ਨਾ ਜਾਵੇ ਉਸ ਦੀ ਪ੍ਰਵਾਹ ਹੀ ਨਾ ਕੀਤੀ ਜਾਵੇ। ਗੁਰੂਦੇਵ ਕਹਿੰਦੇ ਸਨ ਆਤਮਾ ਨੂੰ ਪਿਆਰ ਕਰੋ ਪਰ ਇਸ ਤੋਂ ਇਹ ਭਾਵ ਨਹੀਂ ਕਿ ਸਰੀਰ ਨਾਲ ਨਫਰਤ ਕਰੋ। ਜਦੋਂ ਜਗਿਆਸੂ ਅੰਤਰ ਮੁਖੀ ਹੋ ਕੇ ਡੂੰਘਾਈ ਵਿਚ ਜਾਂਦਾ ਹੈ ਉਸ ਵੇਲੇ ਬਹੁਤ ਵਾਰੀ ਸਰੀਰ ਦੀ ਪਰਵਾਹ ਨਹੀਂ ਕਰਦਾ ਪਰ ਉਸ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਨਿਰੋਲ ਸਰੀਰ ਇਕ ਅੱਛਾ ਯੰਤਰ ਹੈ, ਆਤਮਕ ਪ੍ਰਾਪਤੀ ਦਾ ਯੰਤਰ ਹੈ, ਬਿਮਾਰ ਸਰੀਰ ਹਰ ਸਮੇਂ ਜਗਿਆਸੂ ਦਾ ਧਿਆਨ ਮੰਗਦਾ ਹੈ ਤੇ ਉਸ ਦੀ ਸਾਧਨਾ ਵਿਚ ਬਾਧਕ ਬਣਦਾ ਹੈ। ਨਿਰੋਲ ਤੇ ਸਵੱਸਥ ਸਰੀਰ, ਨਿਰੋਲ ਤੇ ਸਵੱਸਥ ਮਨ ਸਾਧਕ ਦੇ ਜੰਤਰ ਹਨ।

ਕ੍ਰਿਸ਼ਨ ਜੀ ਅਰਜਨ ਨੂੰ ਯਾਦ ਕਰਾਉਂਦੇ ਹਨ ਕਿ ਪੁਰਸ਼ ਤੇ ਪ੍ਰਕ੍ਰਿਤੀ ਪ੍ਰਮਾਤਮਾ ਤੇ ਉਸ ਦੀਆਂ ਸ਼ਕਤੀਆਂ ਦਾ ਪ੍ਰਗਟਾਵਾ ਬਹੁਤ ਪੁਰਾਤਨ ਹਨ ਇਨ੍ਹਾਂ ਦਾ ਕੋਈ ਆਦਿ ਨਹੀਂ। ਜਗਿਆਸੂ ਨੂੰ ਪ੍ਰਕ੍ਰਿਤੀ ਦੀਆਂ ਬਦਲਦੀਆਂ ਕਿਸਮਾਂ ਜਾਣ ਲੈਣੀਆਂ ਚਾਹੀਦੀਆਂ ਹਨ ਇਨ੍ਹਾਂ ਦੇ ਕਾਰਣ ਤੇ ਪ੍ਰਭਾਵ ਵੀ ਪ੍ਰਕ੍ਰਿਤੀ ਵਿਚ ਹੀ ਹਨ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ। ਜਦੋਂ ਮਨੁੱਖ ਭੋਗਾਂ ਦੀ ਇੱਛਾ ਰਖਦਾ ਹੈ ਤੇ ਉਸ ਨੂੰ ਦੁਖ ਵੀ ਦੇਖਣੇ ਪੈਂਦੇ ਹਨ ਕਿਉਂਕਿ ਇਕ ਹੋਵੇਗਾ ਤਾਂ ਦੂਸਰਾ ਆਵੱਸ਼ਕ ਹੈ। ਇਹ ਦਵੰਦ ਇਹ ਵਿਪਰੀਤ ਦਾ ਕਾਰਣ ਇਕ ਹੀ ਹੈ ਜੋ ਸੁਖ ਦਾ ਕਾਰਣ ਹੈ ਉਹ ਹੀ ਦੁਖ ਦਾ ਕਾਰਣ ਹੈ।

21. ਪੁਰਸ਼, ਪ੍ਰਕ੍ਰਿਤੀ ਵਿਚ ਸਥਿਤ ਹੋਇਆ ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਗੁਣਾਂ ਨੂੰ ਭੋਗਦਾ ਹੈ, ਗੁਣਾਂ ਨਾਲ ਇਸ ਦਾ ਸਬੰਧ ਹੋਣ ਕਰਕੇ ਹੀ ਇਹ ਚੰਗੀ ਮੰਦੀ ਜੂਨੀਆਂ ਵਿਚ ਜਨਮ ਲੈਂਦਾ ਹੈ।

22. ਇਸ ਦੇਹ ਅੰਦਰ ਇਹ ਪੁਰਸ਼ ਉਪਨਿਸ਼ਦਾਂ (ਸਭ ਕੁਝ ਦੇਣ ਵਾਲਾ) ਅਨੁਮੰਤਾ (ਸਲਾਹ ਦੇਣ ਵਾਲਾ) ਭਰਤਾ (ਧਾਰਨ ਕਰਨ ਵਾਲਾ) ਭੋਗਤਾ (ਭੋਗਣ ਵਾਲਾ) ਸਭ ਦਾ ਈਸ਼ਵਰ ਅਤੇ ਪ੍ਰਮਾਤਮਾ, ਪ੍ਰਮਾਤਮਾ ਪਰਮ ਪੁਰਸ਼ ਕਹਾਉਂਦਾ ਹੈ।

ਇਨ੍ਹਾਂ ਦੋ ਸ਼ਲੋਕਾਂ ਵਿਚ ਜਗਿਆਸੂ ਨੂੰ ਕੇਵਲ ਇਕ ਦੇਖਣ ਵਾਲਾ ਹੀ ਦੱਸਿਆ ਗਿਆ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਆਤਮਾ ਦੇਖਦੀ ਹੈ ਜਦੋਂ ਜਗਿਆਸੂ ਸਾਧਨਾ ਕਰਦਾ ਹੈ ਤੇ ਗਿਆਨ ਇੰਦ੍ਰੀਆਂ ਨੂੰ ਸਮੇਟ ਲੈਂਦਾ ਹੈ ਇਸ ਸੰਸਾਰ ਤੋਂ ਪਰ੍ਹੇ ਹਟ ਜਾਂਦਾ ਹੈ ਫੇਰ ਉਸ ਦਾ ਮਨ ਕਿਸੇ ਚੀਜ਼ ਵਲ ਖਿਚਿਆ ਨਹੀਂ ਜਾਂਦਾ, ਨਾ ਹੀ ਉਸ ਦਾ ਮਨ ਅਸ਼ਾਂਤ ਹੁੰਦਾ ਹੈ, ਨਾ ਹੀ ਉਸ ਦੀਆਂ ਗਿਆਨ ਇੰਦ੍ਰੀਆਂ ਪਰੇਸ਼ਾਨ ਕਰਦੀਆਂ ਹਨ, ਇਕ ਗੱਲ ਉਦੋਂ ਦੀ ਹੁੰਦੀ ਹੈ ਉਹ ਹੈ ਕਿ ਉਸ ਨੂੰ ਆਪਣੇ ਅਚੇਤ ਮਨ ਨਾਲ ਲੜਾਈ ਲੜਨੀ ਪੈਂਦੀ ਹੈ, ਉਥੋਂ ਆ ਰਹੇ ਵਿਚਾਰਾਂ ਨਾਲ ਜੂਝਣਾ ਪੈਂਦਾ ਹੈ ਕਿਉਂਕਿ ਅਚੇਤ ਮਨ ਇਕ ਬਹੁਤ ਵੱਡੇ ਬਕਸੇ ਦੀ ਤਰ੍ਹਾਂ ਹੈ ਜਿਸ ਵਿਚ ਪੁਰਾਣੀਆਂ ਯਾਦਾਂ, ਸੰਸਕਾਰ, ਸਭ ਚੰਗੇ ਮੰਦੇ ਵਿਚਾਰ ਪਿਛਲੇ ਜਨਮਾਂ ਦੇ ਭਰੇ ਪਏ ਹਨ। ਜਦੋਂ ਸਾਧਨਾ ਵਿਚ ਬੈਠਿਆਂ ਇਹ ਸਾਰੇ ਵਿਚਾਰ ਅੱਗੇ ਆ ਕੇ ਖੜ੍ਹੇ ਹੋ ਜਾਣ ਤਾਂ ਉਨ੍ਹਾਂ ਨਾਲ ਕਿਵੇਂ ਮੁਕਾਬਲਾ ਕੀਤਾ ਜਾਵੇ? ਜੇ ਤਾਂ ਸਾਧਕ ਉਨ੍ਹਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਦੇਖਦਾ ਹੈ ਜੋ ਵੀ ਨਿਸ਼ਾਨ ਵਿਚਾਰ, ਭੁਲੇਖੇ ਸੁਪਨੇ ਜੋ ਵੀ ਸਾਮ੍ਹਣੇ ਆਵੇ ਉਸ ਨੂੰ ਕੇਵਲ ਦੇਖੇ ਹੀ ਉਸ ਵਿਚ ਹਿੱਸਾ ਨਾ ਲਵੇ, ਕੇਵਲ ਦੇਖੇ ਹੀ। ਜੇ ਜਗਿਆਸੂ ਇਸ ਅਵਸਥਾ ਤੇ ਨਹੀਂ ਪਹੁੰਚਦਾ, ਉਹ ਸਾਧਨਾ ਨਹੀਂ ਕਰ ਸਕਦਾ ਉਸ ਦੀ ਸਾਧਨਾ ਅਧੂਰੀ ਹੈ। ਜਿਹੜਾ ਮਨ ਵਿਚ ਵਸਦਾ ਹੈ, ਉਹ ਹੀ ਸਰੀਰ ਵਿਚ ਵਸਦਾ ਹੈ, ਸਰੀਰ ਵਿਚ ਵਸਣ ਵਾਲਾ ਪ੍ਰਮਾਤਮਾ ਹੈ ਉਹ ਹੀ ਬ੍ਰਹਿਮੰਡ ਦਾ ਸੰਚਾਲਕ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਇਕ ਜਗ੍ਹਾ ਤੇ ਪਿਆਲਾ ਪਿਆ ਹੈ, ਪਿਆਲਾ ਕਮਰੇ ਵਿਚ ਹੈ ਕਮਰਾ ਘਰ ਵਿਚ ਹੈ, ਘਰ ਬ੍ਰਹਿਮੰਡ ਦਾ ਹੀ ਹਿੱਸਾ ਹੈ ਬਿਲਕੁਲ ਇਸ ਤਰ੍ਹਾਂ ਹੀ ਪ੍ਰਮਾਤਮਾ ਪਰੀਪੂਰਨ ਹੈ।

ਜਦੋਂ ਜਗਿਆਸੂ ਇਹ ਚੰਗੀ ਤਰ੍ਹਾਂ ਜਾਣ ਲੈਂਦਾ ਹੈ ਕਿ ਅੰਦਰ ਵਸਣ ਵਾਲੀ ਆਤਮਾ ਹੀ ਪ੍ਰਮਾਤਮਾ ਹੈ ਉਸ ਦਾ ਨਿਵਾਸ ਹੀ ਸਰੀਰ ਵਿਚ ਹੈ ਉਹ ਹੀ ਬਾਹਰ ਸੰਸਾਰ ਦੀ ਮਾਇਆ ਬਣ ਕੇ ਵਿਚਰ ਰਿਹਾ ਹੈ ਉਹ ਹੀ ਇਹ ਚਲਾਏਮਾਨ ਸੰਸਾਰ ਹੈ ਫੇਰ ਜਗਿਆਸੂ ਜੋ ਵੀ ਕਰਮ ਕਰਦਾ ਹੈ ਉਹ ਉਸ ਦਾ ਪਾਤਰ ਨਹੀਂ ਬਣਦਾ, ਸੁਤੰਤਰ ਹੋ ਕੇ ਕਰਦਾ ਹੈ। ਜਿਹੜਾ ਜਗਿਆਸੂ ਆਤਮਾ ਨੂੰ ਜਾਣਦਾ ਹੈ, ਉਸ ਦੇ ਪ੍ਰਗਟਾਵੇ ਨੂੰ ਜਾਣਦਾ ਹੈ, ਉਸ ਦੇ ਗੁਣਾਂ ਨੂੰ ਜਾਣਦਾ ਹੈ ਇਹ ਸਭ ਕੁਝ ਜਾਣ ਕੇ ਉਹ ਇਸ ਸੰਸਾਰ ਵਿਚ ਰਹਿੰਦਾ ਹੈ ਉਹ ਚੌਰਾਸੀ ਦੇ ਗੇੜ ਵਿਚੋਂ ਨਿਕਲ ਜਾਂਦਾ ਹੈ।

23. ਇਸ ਤਰ੍ਹਾਂ ਜਿਸ ਨੂੰ ਪੁਰਸ਼ ਪ੍ਰਕ੍ਰਿਤੀ ਅਤੇ ਗੁਣਾਂ ਦਾ ਗਿਆਨ ਹੋ ਗਿਆ ਹੈ। ਉਹ ਸਦਾ ਹੀ ਹਰ ਗੱਲ ਵਿਚ ਰਹਿੰਦਾ ਹੈ ਹੋਇਆ ਵੀ ਜਨਮ ਨਹੀਂ ਲੈਂਦਾ।

24. ਕੋਈ ਧਿਆਨ ਲਗਾ ਕੇ, ਕੋਈ ਸਾਂਖ ਯੋਗ ਕਰਕੇ, ਕੋਈ ਕਰਮ ਯੋਗ ਕਰਕੇ ਪ੍ਰਮਾਤਮਾ ਨੂੰ ਆਤਮਾ ਵਿਚ ਦੇਖਦੇ ਹਨ।

25. ਪਰ ਕਈ ਤਾਂ ਇਸ ਤਰ੍ਹਾਂ ਨਾ ਜਾਣਦੇ ਹੋਏ ਭੀ ਦੂਸਰੇ ਤੋਂ ਸੁਣ ਕੇ ਉਪਾਸਨਾ ਕਰਦੇ ਹਨ ਅਤੇ ਸ਼ਰਧਾ ਨਾਲ ਉਪਦੇਸ਼ ਸੁਣ ਕੇ ਮ੍ਰਿਤਸਾਗਰ ਵਿਚੋਂ ਤਰ ਜਾਂਦੇ ਹਨ।

ਕ੍ਰਿਸ਼ਨ ਜੀ ਚਾਰ ਵੱਖ ਵੱਖ ਮਾਰਗਾਂ ਵਿਚ ਭਿੰਨਤਾ ਦਸਦੇ ਹਨ ਤੇ ਕਹਿੰਦੇ ਹਨ, ਆਤਮਕ ਸਿੱਧੀ ਕਿਸੇ ਵੀ ਮਾਰਗ ਤੇ ਚੱਲ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇਕ ਮਾਰਗ ਤੇ ਜਗਿਆਸੂ, ਯੋਗ ਸਾਧਨਾ ਕਰਦਾ ਹੈ। ਸਮਾਧੀ ਲਗਾਉਂਦਾ ਹੈ ਇਸ ਮਾਰਗ ਤੇ ਸੰਪੂਰਨ ਆਪੇ ਤੋਂ ਸੂਖਮ ਆਪੇ ਤਕ ਸਾਰਾ ਰਸਤਾ ਜੁਗਤੀ ਨਾਲ ਪਉੜੀ ਦਰ ਪਉੜੀ ਰਾਜ ਯੋਗ ਜਾਂ ਧਿਆਨ ਯੋਗ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਹ ਯੋਗੀ ਅਸ਼ਟਾਂਗ ਯੋਗ ਦਾ ਅਭਿਆਸ ਕਰਦੇ ਹਨ ਜਿਹੜੇ ਕਿ ਯੋਗ ਦੇ ਅੱਠ ਸਤੰਭ ਮੰਨੇ ਜਾਂਦੇ ਹਨ - ਯਮ, ਨਿਯਮ, ਆਸਨ, ਪ੍ਰਾਣਯਾਮ, ਪ੍ਰਤਿਹਾਰ, ਧਾਰਨਾ, ਧਿਆਨ ਤੇ ਸਮਾਧੀ। ਯਮ ਦੇ ਪੰਜ ਅਭਿਆਸ ਹਨ ਜਿਸ ਨਾਲ ਆਪਾ ਪਵਿੱਤਰ ਕੀਤਾ ਜਾਂਦਾ ਹੈ, ਖਾਸ ਤਰ੍ਹਾਂ ਨਾਲ ਬੈਠਿਆ ਜਾਂਦਾ ਹੈ। ਪ੍ਰਾਣਾਯਾਮ ਨਾਲ ਸੁਆਸਾਂ ਨੂੰ ਕਾਬੂ ਕੀਤਾ ਜਾਂਦਾ ਹੈ, ਫੇਫੜਿਆਂ ਨੂੰ ਨਿਯਮਬੱਧ ਕੀਤਾ ਜਾਂਦਾ ਹੈ ਇਸ ਤਰ੍ਹਾਂ ਵੀ ਆਟ ਫੋਰਸ ਨੂੰ ਭਾਵ ਸ਼ਕਤੀ ਨੂੰ ਕਾਬੂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਕਰਮ, ਸਰੀਰ ਦੇ ਉਠਣ ਬੈਠਣ ਦੇ ਢੰਗ ਤੇ ਸੁਆਸਾਂ ਤੇ ਕਾਬੂ ਪਾ ਕੇ ਧਿਆਨ ਵਿਚ ਬੈਠਣ ਦੀ ਤਿਆਰੀ ਕੀਤੀ ਜਾਂਦੀ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਕੋਈ ਧਿਆਨ ਮਨ ਨੂੰ ਅਸ਼ਾਂਤ ਨਾ ਕਰੇ, ਸਰੀਰ ਬੇਅਰਾਮ ਨਾ ਹੋਵੇ, ਸੁਆਸਾਂ ਦੀ ਗਤੀ ਠੀਕ ਹੋਵੇ। ਇਸ ਤੋਂ ਬਾਅਦ ਜਗਿਆਸੂ ਆਪਣੀਆਂ ਗਿਆਨ ਇੰਦ੍ਰੀਆਂ ਨੂੰ ਕਾਬੂ ਕਰਨਾ ਸਿਖਦਾ ਹੈ (ਪ੍ਰਤਿਹਾਰ) ਤੇ ਫੇਰ ਧਿਆਨ ਲਗਾਉਂਦਾ ਹੈ। ਲਗਾਤਾਰ ਇਕ ਚਿਤ ਹੋ ਕੇ ਇਕਾਗਰ ਹੋ ਕੇ ਇਕੋ ਪਾਸੇ ਧਿਆਨ ਲਗਾਉਣ ਨਾਲ ਧਿਆਨ ਲਗ ਜਾਂਦਾ ਹੈ (ਧਿਆਨ) ਦੇਰ ਤਕ ਸਥਿਰ ਬੈਠ ਕੇ ਧਿਆਨ ਲਗਾਉਣ ਨਾਲ ਸਮਾਧੀ ਲਗ ਜਾਂਦੀ ਹੈ।

ਦੂਸਰੇ ਜਗਿਆਸੂ ਗਿਆਨ ਮਾਰਗ ਤੇ ਚਲਦੇ ਹਨ, ਉਹ ਗ੍ਰੰਥਾਂ ਨੂੰ ਪੜ੍ਹਦੇ ਤੇ ਵਿਚਾਰਦੇ ਹਨ ਉਨ੍ਹਾਂ ਤੇ ਖੋਜ ਕਰਦੇ ਹਨ, ਉਪਨਿਸ਼ਦਾਂ ਦਾ ਅਧਿਐਨ ਕਰਦੇ ਹਨ, ਬ੍ਰਹਮ ਸੂਤਰ ਦਾ, ਭਗਵਤ ਗੀਤਾ ਸਭ ਨੂੰ ਚੰਗੀ ਤਰ੍ਹਾਂ ਜਾਨਣ ਦੀ ਕੋਸ਼ਿਸ਼ ਕਰਦੇ ਹਨ ਜਦੋਂ ਉਨ੍ਹਾਂ ਦਾ ਸਿਮਰਨ ਨਿਰੋਲ ਤਰਕ ਤੇ ਪੱਕਾ ਹੋ ਜਾਂਦਾ ਹੈ, ਬੁੱਧੀ ਵਿਵੇਕ ਬਣ ਜਾਂਦੀ ਹੈ, ਉਹ ਆਪੇ ਤੇ ਨਿਰੋਲ ਆਤਮਾ ਵਿਚ ਭੇਦ ਦੇਖ ਸਕਦੇ ਹਨ। ਇਹ ਹੀ ਗਿਆਨ ਦਾ ਮਾਰਗ ਹੈ ਜਿਸ ਤੇ ਆਤਮਕ ਸਿੱਧੀ ਦੀ ਪ੍ਰਾਪਤੀ ਹੁੰਦੀ ਹੈ।

ਇਕ ਹੋਰ ਜਗਿਆਸੂ ਹਨ ਜਿਹੜੇ ਅਧਿਆਤਮਕ ਉਚਾਈਆਂ ਤੇ ਕਰਮ ਕਰਕੇ ਪਹੁੰਚਦੇ ਹਨ ਤੇ ਉਨ੍ਹਾਂ ਕਰਮਾਂ ਨੂੰ ਪ੍ਰਭੂ ਨੂੰ ਹੀ ਅਰਪਣ ਕਰਦੇ ਹਨ ਉਹ ਪ੍ਰਕ੍ਰਿਤੀ ਤੇ ਤਿੰਨ ਗੁਣ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਹ ਸਾਰੇ ਕਰਮ ਨਿਰਲਿਪਤ ਹੋ ਕੇ ਕਰਦੇ ਹਨ ਤੇ ਚੇਤਨਤਾ ਦੇ ਸਿਖਰ ਤੇ ਪਹੁੰਚਦੇ ਹਨ। ਚੌਥੇ ਪ੍ਰਕਾਰ ਦੇ ਜਗਿਆਸੂ ਉਹ ਹਨ ਜਿਹੜੇ ਗਿਆਨੀ ਨਹੀਂ ਹਨ, ਉਹ ਗੁਰੂਆਂ ਦੀ ਸੇਵਾ ਮਹਾਤਮਾ ਦੀ ਸਿਖਿਆ ਤੇ ਹੀ ਨਿਰਭਰ ਹਨ ਤੇ ਮਹਾਤਮਾ ਦੇ ਦੱਸੇ ਮਾਰਗ ਤੇ ਤਨ ਦੇਹੀ ਨਾਲ ਚਲਦੇ ਹਨ, ਪੂਰੀ ਸ਼ਰਧਾ ਰਖਦੇ ਹਨ। ਉਨ੍ਹਾਂ ਦਾ ਮਾਰਗ ਭਰੋਸੇ ਤੇ ਸ਼ਰਧਾ ਦਾ ਮਾਰਗ ਹੈ ਤੇ ਉਨ੍ਹਾਂ ਦਾ ਭਰੋਸਾ ਹੀ ਉਨ੍ਹਾਂ ਨੂੰ ਸੰਸਾਰ ਰੂਪੀ ਭਵਜਲ ਤੋਂ ਪਾਰ ਕੱਢ ਲੈਂਦਾ ਹੈ। ਨਿਰਮਲ ਹਿਰਦਾ, ਦ੍ਰਿੜ੍ਹ ਨਿਸ਼ਚਾ, ਉਹ ਸੰਸਾਰ ਸਾਗਰ ਪਾਰ ਕਰ ਲੈਂਦੇ ਹਨ। ਅਨੇਕਾਂ ਮਾਰਗ ਹਨ ਜਿਨ੍ਹਾਂ ਤੇ ਸ਼ਰਧਾਲੂ ਚਲਦੇ ਹਨ ਤੇ ਆਤਮਕ ਗਿਆਨ ਪ੍ਰਾਪਤ ਕਰਦੇ ਹਨ ਜਿਹੜੇ ਵੀ ਸੱਚੇ ਮਨ ਨਾਲ ਯਤਨ ਕਰਦੇ ਹਨ ਉਹ ਪ੍ਰਾਪਤ ਕਰ ਲੈਂਦੇ ਹਨ।

26. ਹੇ ਭਰਤਰਸ਼ਭ! ਇਹ ਜੋ ਕੁਝ ਵੀ ਸਥਾਵਰ ਜੰਗਮ ਵਸਤੂ ਪੈਦਾ ਹੁੰਦੀ ਹੈ ਇਹ ਸਭ ਛੇਤ੍ਰ ਤੇ ਛੇਤ੍ਰਗਯ (ਪੁਰਸ਼ ਤੇ ਪ੍ਰਕ੍ਰਿਤੀ) ਦੇ ਸੰਜੋਗ ਨਾਲ ਹੀ ਪੈਦਾ ਹੁੰਦੀ ਹੈ।

27. ਸਭ ਜੀਵਾਂ ਵਿਚ ਪ੍ਰਮੇਸ਼ਰ ਇਕ ਸਾਰ ਵਰਤਮਾਨ ਹੈ ਅਤੇ ਵਿਨਾਸ਼ੀ ਵਿਚ ਅਬਿਨਾਸ਼ੀ ਸਥਿਤ ਹੈ, ਜੋ ਉਸ ਨੂੰ ਇਸ ਤਰ੍ਹਾਂ ਦੇਖਦਾ ਹੈ, ਉਹ ਹੀ ਉਸ ਨੂੰ ਦੇਖ ਸਕਦਾ ਹੈ।

ਸਮਾਚਿਤ ਦਾ ਯੋਗ ਸਿਖਾਉਣਾ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਸਾਨੂੰ ਜੋ ਕੁਝ ਵੀ ਇਸ ਸੰਸਾਰ ਵਿਚ ਦਿਸਦਾ ਹੈ



Sri Satguru Jagjit Singh Ji eLibrary NamdhariElibrary@gmail.com

ਜੜ੍ਹ ਚੇਤਨ ਇਹ ਆਤਮਾ ਦੀ ਪੁਰਸ਼ ਦੀ, ਉਸ ਦੀ ਸ਼ਕਤੀ ਦਾ ਹੀ ਪ੍ਰਗਟਾਵਾ ਹੈ ਪ੍ਰਕ੍ਰਿਤੀ ਹੈ ਆਤਮਾ ਹੀ ਜਾਨਣਹਾਰ ਹੈ, ਸਰਵੋਤਮ ਹੈ, ਪ੍ਰਕ੍ਰਿਤੀ ਇਸ ਦਾ ਛੇਤ੍ਰ ਹੈ ਵੱਖ ਵੱਖ ਰੂਪਾਂ ਵਿਚ ਜਿਹੜਾ ਪ੍ਰਗਟਾਵਾ ਅਸੀਂ ਦੇਖਦੇ ਹਾਂ ਉਹ ਪ੍ਰਕ੍ਰਿਤੀ ਹੀ ਹੈ ਜੋ ਕੁਝ ਵੀ ਹੋਂਦ ਵਿਚ ਆਉਂਦਾ ਹੈ ਜੜ੍ਹ ਜਾਂ ਚੇਤਨ ਸਭ ਪੁਰਸ਼ ਤੇ ਪ੍ਰਕ੍ਰਿਤੀ ਦੇ ਜੋੜਨ ਨਾਲ ਹੀ ਹੁੰਦਾ ਹੈ। ਇਹ ਦੋਨੋਂ ਮੂਲ ਸਿਧਾਂਤ ਇਕੋ ਤੱਤ ਦੇ ਹਨ, ਇਕ ਉਸ ਪ੍ਰਮਾਤਮਾ ਦੇ ਹੀ ਹਨ ਕੇਵਲ ਇਕ ਹੀ ਹੈ ਇਸ ਸੰਸਾਰ ਵਿਚ ਦੂਸਰਾ ਕੋਈ ਨਹੀਂ। ਪੁਰਸ਼ ਪ੍ਰਕ੍ਰਿਤੀ ਨੂੰ ਚਲਾਉਣ ਵਾਲਾ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਮਨੁੱਖ ਸਰੀਰ ਨੂੰ ਚਲਾਉਂਦਾ ਹੈ। ਇਸ ਪੁਰਸ਼ ਨੂੰ ਹੀ ਆਤਮਾ ਕਹਿੰਦੇ ਹਨ। ਆਤਮਾ ਦਾ ਵਾਸਾ ਹਰ ਚੀਜ਼ ਵਿਚ ਹੈ, ਕਣ ਕਣ ਵਿਚ ਹੈ, ਸਾਰੇ ਵਿਸ਼ਵ ਵਿਚ ਹੈ। ਜਗਿਆਸੂ ਜਿਸ ਨੂੰ ਪੂਰਾ ਗਿਆਨ ਹੈ, ਉਸ ਇਕ ਨੂੰ ਜੋ ਜਾਣਦਾ ਹੈ, ਸਥਿਰਤਾ ਨੂੰ ਜਾਣਦਾ ਹੈ ਅਬਿਨਾਸ਼ੀ ਨੂੰ ਜੋ ਜਾਣਦਾ ਹੈ ਉਹ ਅਸਲ ਤੱਤ ਨੂੰ ਜਾਣਦਾ ਹੈ। ਉਹ ਸਤਿ ਨੂੰ ਹਰ ਜਗ੍ਹਾ ਦੇਖਦਾ ਹੈ ਹਰੇਕ ਚੀਜ਼ ਵਿਚ ਦੇਖਦਾ ਹੈ ਉਹ ਸ਼ਾਂਤ ਰਹਿੰਦਾ ਹੈ ਕਿਉਂਕਿ ਉਹ ਸਮਾਚਿਤ ਦੀ ਅਵਸਥਾ ਵਿਚ ਹੈ।

28. ਜੋ ਸਰਬਤ੍ਰ ਸਥਿਤ ਹੋਏ ਪ੍ਰਮਾਤਮਾ ਨੂੰ ਸਮਾਨ ਦੇਖਦਾ ਹੈ ਉਹ ਆਪਣੇ ਦੁਆਰਾ ਆਪ ਨੂੰ ਨਸ਼ਟ ਨਹੀਂ ਕਰਦਾ, ਅਰਥਾਤ ਸਰੀਰ ਦਾ ਨਾਸ਼ ਹੋਣ ਤੇ ਆਪਣੀ ਆਤਮਾ ਨੂੰ ਨਾਸ਼ ਨਹੀਂ ਮੰਨਦਾ ਹੈ ਇਸ ਤੋਂ ਉਹ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਸਾਨੂੰ ਦੇਖਣ ਵਿਚ ਸੰਸਾਰ ਦੀਆਂ ਸਾਰੀਆਂ ਵਸਤੂਆਂ ਭਾਵੇਂ ਵੱਖ ਵੱਖ ਦਿਸਦੀਆਂ ਹਨ ਵਾਸਤਵ ਵਿਚ ਉਹ ਇਕ ਸਤਿ ਦੇ ਹੀ ਵੱਖ ਵੱਖ ਰੂਪ ਹਨ। ਵੱਖ ਵੱਖ ਆਕਾਰ ਹੈ, ਵੱਖ ਵੱਖ ਨਾਮ ਹਨ। ਸਾਗਰ ਵਿਚ ਅਨੇਕਾਂ ਹੀ ਬੁਲਬੁਲੇ ਉਠਦੇ ਹਨ, ਲਹਿਰਾਂ ਉਠਦੀਆਂ ਹਨ ਪਰ ਹੈਨ ਤਾਂ ਉਹ ਸਾਗਰ ਦਾ ਹੀ ਅੰਗ ਜਿਵੇਂ ਕਿ ਸੂਰਜ ਦੀਆਂ ਅਨੇਕਾਂ ਕਿਰਨਾਂ ਹਨ, ਆਉਂਦੀਆਂ ਤਾਂ ਇਕ ਸੂਰਜ ਵਿਚੋਂ ਹੀ ਹਨ ਉਸੇ ਤਰ੍ਹਾਂ ਜਗਿਆਸੂ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸੰਸਾਰ ਦੇ ਭਿੰਨ ਭਿੰਨ ਰੂਪਾਂ ਦਾ ਰਚਿਤਾ ਕੇਵਲ ਇਕ ਬ੍ਰਹਮ ਹੀ ਹੈ।

29. ਜੋ ਪ੍ਰਕ੍ਰਿਤੀ ਨੂੰ ਕਰਮ ਕਰਨ ਵਾਲੀ ਅਤੇ ਆਤਮਾ ਨੂੰ ਨਾ ਕਰਮ ਕਰਨ ਵਾਲਾ ਦੇਖਦਾ ਹੈ, ਉਹ ਹੀ ਉਸ ਇਕ ਨੂੰ ਵਾਸਤਵ ਵਿਚ ਦੇਖਦਾ ਹੈ।

ਗਿਆਨੀ ਇਹ ਜਾਣਦਾ ਹੈ ਕਿ ਆਤਮਾ ਕਰਤਾ ਨਹੀਂ ਹੈ, ਸਾਰੇ ਕਰਮ ਪ੍ਰਕ੍ਰਿਤੀ ਤੋਂ ਹੀ ਹੁੰਦੇ ਹਨ। ਸੰਸਾਰ ਦੀ ਸਾਰੀ ਕ੍ਰਿਆ ਇਸ ਮਾਇਆ ਰੂਪੀ ਸੰਸਾਰ ਰਾਹੀਂ ਹੀ ਚਲਦੀ ਹੈ, ਚਾਹੇ ਉਹ ਮਨੁੱਖੀ ਪੱਧਰ ਦਾ ਹੋਏ ਚਾਹੇ ਵਿਸ਼ਵ ਦੇ ਪੱਧਰ ਤੇ ਹੋਵੇ। ਆਤਮਾ ਕੇਵਲ ਸਾਖਸ਼ੀ ਹੁੰਦੀ ਹੈ ਜਿਸ ਨੇ ਇਹ ਜਾਣ ਲਿਆ, ਬੁੱਝ ਲਿਆ, ਉਸ ਨੇ ਆਤਮਕ ਸਿੱਧੀ ਪ੍ਰਾਪਤ ਕਰ ਲਈ।

30. ਜੋ ਵੱਖ ਵੱਖ ਜੀਵਾਂ ਨੂੰ ਇਕ ਪ੍ਰਮੇਸ਼ਵਰ ਵਿਚ ਸਥਿਤ ਦੇਖਦਾ ਹੈ, ਪ੍ਰਮੇਸ਼ਰ ਵਿਚੋਂ ਹੀ ਸਭ ਦੀ ਉਤਪਤੀ ਦੇਖਦਾ ਹੈ ਉਹ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ।

31. ਹੇ ਕੌਂਤੇਂਯ! ਅਨਾਦਿ ਅਤੇ ਗੁਣਾਂ ਤੋਂ ਰਹਿਤ ਅਵਿਨਾਸ਼ੀ ਪਰਮਾਤਮਾ ਸਰੀਰ ਵਿਚ ਸਥਿਤ ਹੋ ਕੇ ਭੀ ਅਕਰਤਾ ਤੇ ਅਲਿਪਤ ਹੈ।

32. ਜਿਸ ਤਰ੍ਹਾਂ ਹਰ ਜਗ੍ਹਾ ਵਿਆਪਕ ਅਕਾਸ਼ ਸੂਖਮ ਹੋਣ ਕਰਕੇ ਅਲਿਪਤ ਹੈ, ਏਸੇ ਤਰ੍ਹਾਂ ਦੇਹ ਵਿਚ ਸਥਿਤ ਹੋ ਕੇ ਆਤਮਾ ਵੀ ਅਲਿਪਤ ਹੈ।

33. ਹੇ ਭਾਰਤ! ਜਿਸ ਤਰ੍ਹਾਂ ਇਕ ਹੀ ਸੂਰਜ ਸਾਰੇ ਲੋਕਾਂ ਨੂੰ ਪ੍ਰਕਾਸ਼ਿਤ ਕਰਦਾ ਹੈ, ਉਸੇ ਤਰ੍ਹਾਂ ਛੇਤ੍ਰੀ (ਸਰੀਰ ਵਿਚ ਵਿਆਪਕ ਪ੍ਰਮਾਤਮਾ) ਸਾਰੇ ਛੇਤ੍ਰ ਨੂੰ ਪ੍ਰਕਾਸ਼ਿਤ ਕਰਦਾ ਹੈ।

ਸਰਵੋਤਮ ਆਤਮਾ ਪ੍ਰਮਾਤਮਾ ਹੈ ਜੋ ਅਜਰ ਹੈ, ਅਮਰ ਹੈ, ਅਟੱਲ ਹੈ ਇਸ ਦਾ ਕੋਈ ਆਦਿ ਹੈ ਨਾ ਕੋਈ ਅੰਤ। ਇਹ ਸਦਾ ਸਤਿ ਹੈ, ਉਪਨਿਸ਼ਦਾਂ ਵਿਚ ਇਕ ਅਰਦਾਸ ਹੈ ਜੋ ਇਸ ਤਰ੍ਹਾਂ ਦਸਦੀ ਹੈ ਕਿ ਪ੍ਰਮਾਤਮਾ ਪੂਰਨ ਸਤਿ ਹੈ, ਪੂਰਨ ਸਤਿ ਵਿਚੋਂ ਜੋ ਪੂਰਨ ਹੀ ਲਿਆ ਜਾਏ ਉਸ ਦੀ ਪੂਰਨਤਾ ਖਤਮ ਨਹੀਂ ਹੁੰਦੀ, ਜੇ ਉਸ ਵਿਚ ਕੁਝ ਪਾ ਵੀ ਦਿਤਾ ਜਾਏ ਤਾਂ ਵੀ ਉਹ ਪੂਰਨ ਹੀ ਰਹਿੰਦਾ ਹੈ, ਉਸ ਪੂਰਨਤਾ ਵਿਚੋਂ ਕੁਝ ਕੱਢਣ ਨਾਲ ਜਾਂ ਕੁਝ ਪਾਉਣ ਨਾਲ ਉਸ ਵਿਚ ਕੁਝ ਬਦਲਦਾ ਨਹੀਂ ਕਿਉਂਕਿ ਉਹ ਤਾਂ ਸਦਾ ਹੀ ਪੂਰਨ ਹੈ, ਪੂਰਨ ਸੀ, ਪੂਰਨ ਹੀ ਰਹੇਗਾ। ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਆਤਮਾ ਦੇ ਗੁਣ ਨਹੀਂ ਹਨ, ਆਤਮਾ ਤਾਂ ਇਨ੍ਹਾਂ ਗੁਣਾਂ ਤੋਂ ਪਰ੍ਹੇ ਹੈ, ਆਤਮਾ ਤਾਂ ਮਾਇਆ ਦੇ ਭੁਲੇਖੇ ਤੋਂ ਪਰ੍ਹੇ ਹੈ, ਉਸ ਦੇ ਪ੍ਰਗਟਾਵੇ ਤੋਂ ਪਰ੍ਹੇ ਹੈ, ਮਾਇਆ ਤਾਂ ਅਧੂਰੀ ਹੈ, ਦ੍ਵੰਦ ਹੈ, ਦੁਖ ਹੈ। ਆਤਮਾ ਬੇਦਾਗ ਹੈ, ਸਵੱਛ ਹੈ, ਆਤਮਾ ਤੇ ਦਿਸਦੇ ਸੰਸਾਰ ਦਾ ਕੋਈ ਵੀ ਅਕਸ਼ ਨਹੀਂ ਹੈ। ਸਾਰੇ ਕਰਮ ਸਰੀਰ ਕਰਦਾ ਹੈ, ਆਤਮਾ ਤਾਂ ਨਿਰਲਿਪਤ ਰਹਿੰਦੀ ਹੈ ਉਸ ਉਤੇ ਕਿਸੇ ਗੱਲ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਉਹ ਸਭ ਅਸ਼ੁਧਤਾ ਤੋਂ ਉਪਰ ਹੈ।

34. ਇਸ ਤਰ੍ਹਾਂ ਗਿਆਨ ਦੀਆਂ ਅੱਖਾਂ ਨਾਲ ਜੋ ਛੇਤ੍ਰ (ਸਰੀਰ) ਅਤੇ ਛੇਤ੍ਰਗਯ (ਪ੍ਰਕ੍ਰਿਤੀ) ਦੇ ਅੰਤਰ ਅਤੇ ਪ੍ਰਕ੍ਰਿਤੀ ਤੋਂ ਜੀਵਾਂ ਦੇ ਛੁੱਟਣ ਨੂੰ ਜਾਣਦੇ ਹਨ, ਉਹ ਪਰਮ ਪਦ ਨੂੰ ਪ੍ਰਾਪਤ ਹੁੰਦੇ ਹਨ।

ਸਰੀਰਕ ਅੱਖਾਂ ਕੇਵਲ ਇਕ ਸੀਮਾ ਤਕ ਹੀ ਦੇਖ ਸਕਦੀਆਂ ਹਨ, ਛੇਤੀ ਦਿਗ ਮੰਡਲ ਦਿਸਣ ਲਗ ਪੈਂਦਾ ਹੈ ਪਰ ਜਿਨ੍ਹਾਂ ਦਾ ਅਨੁਭਵ ਹੈ ਜਿਹੜੇ ਅੰਦਰ ਬਾਹਰ ਦੀਆਂ ਉਚਾਈਆਂ ਡੂੰਘਾਈਆਂ ਜਾਣਦੇ ਹਨ, ਬਾਹਰ ਅੰਦਰ ਦੀ ਚੇਤਨਤਾ ਜਾਣਦੇ ਹਨ ਉਹ ਹਉਮੈ ਤੋਂ ਰਹਿਤ ਹੁੰਦੇ ਹਨ, ਹੰਕਾਰ ਤੋਂ ਮੁਕਤ ਹੁੰਦੇ ਹਨ, ਆਪੇ ਤੋਂ ਉਪਰ ਹੁੰਦੇ ਹਨ, ਉਨ੍ਹਾਂ ਦੀ ਦ੍ਰਿਸ਼ਟੀ ਅੱਗੇ ਦਿਗ ਮੰਡਲ ਨਹੀਂ ਹੁੰਦਾ, ਉਨ੍ਹਾਂ ਦੀ ਦ੍ਰਿਸ਼ਟੀ ਗਿਆਨ ਇੰਦ੍ਰੀਆਂ ਦੀ ਦ੍ਰਿਸ਼ਟੀ ਤੋਂ ਪਰ੍ਹੇ ਦੀ ਦ੍ਰਿਸ਼ਟੀ ਹੈ। ਜਿਹੜਾ ਗਿਆਨ ਆਮ ਮਨੁੱਖ ਦੇ ਮਨ ਵਿਚ ਹੈ ਉਹ ਨਾ ਤਾਂ ਨਿਰੋਲ ਹੈ ਨਾ ਹੀ ਡੂੰਘਾ ਗਿਆਨ ਹੈ। ਜਿਹੜਾ ਗਿਆਨ ਅਨੁਭਵ ਤੋਂ ਹੈ ਜਾਂ ਯੋਗਾ ਨਾਲ ਜੋ ਅੰਤਰ ਗਿਆਨ ਹੈ ਉਹ ਹੀ ਪੂਰਨ ਗਿਆਨ ਹੈ। ਇਹ ਗੱਲ ਜਾਣ ਲੈਣਾ ਯੋਗ ਹੈ ਇਹੋ



Sri Satguru Jagjit Singh Ji eLibrary NamdhariElibrary@gmail.com

ਜਿਹਾ ਗਿਆਨ ਥੋੜ੍ਹਾ ਥੋੜ੍ਹਾ ਕਰਕੇ ਨਹੀਂ ਹੁੰਦਾ ਇਹ ਤਾਂ ਪੂਰਨ ਰੂਪ ਵਿਚ ਡੂੰਘਾ ਗਿਆਨ ਹੀ ਹੁੰਦਾ ਹੈ। ਇਹ ਗਿਆਨ ਦੇ ਤਾਂ ਝਰਨੇ ਚਲਦੇ ਹਨ ਇਸ ਨੂੰ ਅਨੁਭਵੀ ਗਿਆਨ ਕਿਹਾ ਜਾਂਦਾ ਹੈ, ਇਹ ਬਿਲਕੁਲ ਨਰੋਆ, ਮਿਲਾਵਟ ਰਹਿਤ ਅਰਸ਼ੀ ਧੁਰੋਂ ਆਉਂਦਾ ਹੈ ਇਹੋ ਗਿਆਨ ਹੀ ਜਗਿਆਸੂ ਨੂੰ ਪ੍ਰਕਿਰਤੀ ਦੇ ਖੋਜਿਆਂ ਤੋਂ ਮੁਕਤ ਕਰਾਉਂਦਾ ਹੈ। ਇਹੋ ਜਿਹਾ ਜਗਿਆਸੂ ਫੇਰ ਨਿਰਲਿਪਤ ਹੋ ਕੇ ਆਪਣੇ ਕਰਮ ਕਰਦਾ ਹੈ ਡਿਊਟੀਆਂ ਕਰਦਾ ਹੈ ਪਰਮ ਅਨੰਦ ਅਵਸਥਾ ਵਿਚ ਰਹਿੰਦਾ ਹੈ। ਅਸੀਂ ਮਨੁੱਖ ਤਾਂ ਉਸ ਇਕ ਦੇ ਬੱਚੇ ਹਾਂ, ਉਸ ਦੀ ਜਿਣਸ ਹਾਂ। ਪਰਮ ਅਨੰਦ, ਅਨੰਦ, ਇਹ ਸਾਰੇ ਅਨੁਭਵ ਅਸੀਂ ਆਪਣੇ ਪਰਮ ਰੂਪ ਆਤਮਾ ਵਿਚੋਂ ਪ੍ਰਾਪਤ ਕਰ ਸਕਦੇ ਹਾਂ।

ਇਹ ਤੇਰ੍ਹਵਾਂ ਅਧਿਆਇ ਦਾ ਅੰਤ ਹੈ ਇਸ ਵਿਚ ਆਤਮਾ ਸਰੀਰ, ਪ੍ਰਕ੍ਰਿਤੀ ਤੇ ਪ੍ਰਮਾਤਮਾ ਦੀ ਵਿਆਖਿਆ ਕੀਤੀ ਗਈ ਹੈ।

**L L L L L L L**

---

(ਪੰਨਾ 17 ਦੀ ਬਾਕੀ)

ਛੱਡਣ ਤੋਂ ਬਾਅਦ ਪ੍ਰਮ ਅਨੰਦ ਦੀ ਅਵਸਥਾ ਮਾਣਦੇ ਹਾਂ। ਇਸ ਕਰਕੇ ਜਦੋਂ ਤੂੰ ਆਰਾ ਰੱਖਿਆ ਤਾਂ ਮੈਨੂੰ ਖੁਸ਼ੀ ਹੋਈ ਕਿ ਮੈਂ ਅੱਲਾਹ ਦੀ ਜਾਤ-ਏ-ਖਾਸ ਵਿਚ ਅਭੇਦ ਹੋ ਜਾਵਾਂਗਾ। ਦੁਨੀਆਂ ਦੇ ਨਸ਼ੇ ਉਤਰ ਜਾਂਦੇ ਹਨ ਪਰ ਇਹ ਨਾਮ ਖੁਮਾਰੀ ਕਦੇ ਵੀ ਨਹੀਂ ਉਤਰਦੀ।

***ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***

***ਜਨਮ ਸਾਖੀ***

ਸੋ ਇਸ ਕਰਕੇ ਨਾਮ ਦੀ ਖੁਮਾਰੀ ਅਸਾਡੇ ਨੇੜੇ ਕੋਈ ਦੁਖ ਤਕਲੀਫ ਨਹੀਂ ਆਉਣ ਦਿੰਦੀ। ਨਾ ਹੀ ਅਸੀਂ ਢਹਿੰਦੀਆਂ ਕਲਾ ਵਿਚ ਜਾਂਦੇ ਹਾਂ, ਤੇਰਾ ਆਰਾ ਵੀ ਮੈਨੂੰ ਮੁਕਤੀ ਦਾਤਾ ਪ੍ਰਤੀਤ ਦਿੰਦਾ ਹੈ ਕਿਉਂਕਿ ਮੈਂ ਜੀਵਨ ਦਾ ਮਕਸਦ ਹਾਸਲ ਕਰ ਲਿਆ ਹੈ ਜਿਸ ਤੋਂ ਅੱਗੇ ਹੋਰ ਕੁਝ ਵੀ ਨਹੀਂ ਹੋਇਆ ਕਰਦਾ। ਅੱਲਾਹ ਤੋਂ ਵਿਛੜੇ ਸੀ, ਉਸ ਪਾਸ ਚਲੇ ਜਾਣਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਨਾਮ ਦਾ ਰੰਗ ਜਿਸਨੂੰ ਚੜ੍ਹ ਗਿਆ ਉਹ ਕਦੇ ਵੀ ਉਤਰਿਆ ਨਹੀਂ ਕਰਦਾ। ਸੰਡਾ ਤੇ ਮਾਰਕਾ ਨੇ ਹਰਨਾਖਸ਼ ਨੂੰ ਦੱਸਿਆ ਕਿ ਅਸੀਂ ਪ੍ਰਹਿਲਾਦ ਨੂੰ ਬਹੁਤ ਤਰੀਕਿਆਂ ਦੇ ਨਾਲ ਸਮਝਾਇਆ ਹੈ ਪਰ ਅਸੀਂ ਇਹ ਕਹਿਣ ਤੋਂ ਸੰਕੋਚ ਨਹੀਂ ਕਰਦੇ ਕਿ ਪ੍ਰਹਿਲਾਦ ਨੂੰ ਗੁਰੂ ਤੋਂ ਜੋ ਗਿਆਨ ਪ੍ਰਾਪਤ ਹੋਇਆ ਹੈ, ਉਸ ਦੇ ਸਾਮ੍ਹਣੇ ਸਾਡੀ ਕੋਈ ਪੇਸ਼ ਨਹੀਂ ਜਾਂਦੀ।

***'ਚਲਦਾ'***

**L L L L L L L**

(ਪੰਨਾ 31 ਦੀ ਬਾਕੀ)

ਵਿਚ ਬੇਅੰਤ ਚੀਜ਼ਾਂ ਹਨ ਕੰਧ ਮੂਲ, ਜੜ੍ਹਾਂ ਵਾਲੀਆਂ ਚੀਜ਼ਾਂ, ਬਾਹਰ ਨਿਕਲਣ ਵਾਲੀਆਂ ਚੀਜ਼ਾਂ, ਫਲ ਆਦਿ ਅਸੀਂ ਖਾਂਦੇ ਹਾਂ –

***ਅਉਧੂ ਬੋਲੈ ਗਿਆਨੇ॥***
***ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥ ਪੰਨਾ - 939***

ਕਹਿਣ ਲੱਗੇ ਅਸੀਂ ਤੀਰਥਾਂ ਤੇ ਇਸ਼ਨਾਨ ਕਰਦੇ ਹਾਂ, ਤੇ ਸੁਖ ਪ੍ਰਾਪਤ ਕਰਦੇ ਹਾਂ, ਸੋ ਸਾਨੂੰ ਸੰਸਾਰ ਦੀ ਵਿਕਸ਼ੇਪਤਾ ਦੀ ਕੋਈ ਮੈਲ ਨਹੀਂ ਲਗਦੀ। ਜੇ ਸੰਸਾਰ ਵਿਚ ਰਹਾਂਗੇ ਤਾਂ ਕਦੀ ਪੁਤ ਬਿਮਾਰ ਹੈ, ਕਦੀ ਧੀ ਬੀਮਾਰ ਹੈ, ਕੋਈ ਮੁਕੱਦਮਾ ਪੈ ਗਿਆ, ਕਿਸੇ ਨੇ ਔਖਾ ਹੋ ਕੇ ਬੋਲ ਦਿਤਾ, ਕਿਸੇ ਨੇ ਕੋਈ ਗੱਲ ਕਰ ਦਿੱਤੀ, ਮਨ ਮੈਲਾ ਹੋ ਜਾਂਦਾ ਹੈ, ਮੈਲਾ ਹੋਇਆ ਮਨ ਫੇਰ ਦੁਖੀ ਕਰਦਾ ਹੈ, ਸਾਨੂੰ ਤਾਂ ਕੋਈ ਮੈਲ ਨਹੀਂ ਲਗਦੀ, ਅਸੀਂ ਬਾਹਰ ਜਾਂਦੇ ਹੀ ਨਹੀਂ - ਨਾ ਅਸੀਂ ਕਿਸੇ ਨਾਲ ਕੋਈ ਵਾਸਤਾ ਪਾਉਂਦੇ, ਤੀਰਥਾਂ ਦੇ ਸਵੱਛ ਜਲ ਨਾਲ ਅਸੀਂ ਇਸ਼ਨਾਨ ਕਰ ਲੈਂਦੇ ਹਾਂ, ਸੋ ਸਾਡੇ ਮਨਾਂ ਤੇ ਮੈਲ ਨਹੀਂ ਲਗਦੀ, ਨਾ ਕਿਸੇ ਨਾਲ ਬੋਲੀਏ ਚਾਲੀਏ ਨਾ ਮਨ ਵਿਚ ਮੈਲ ਆਵੇ, ਨਾ ਕੋਈ ਐਸੇ ਸੰਸਕਾਰ ਬਣਨ –

***ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥ ਪੰਨਾ - 939***

ਕਹਿਣ ਲੱਗੇ ਇਹ ਜਿਹੜਾ ਪਰਮੇਸ਼ਰ ਨਾਲ ਮਿਲਣ ਦਾ ਟੀਚਾ ਹੈ, ਇਹ ਵਿਧੀ ਠੀਕ ਹੈ, ਕੀ ਤੁਸੀਂ ਇਸ ਗੱਲ ਨੂੰ ਅਪਨਾਉਂਦੇ ਹੋ? ਗੁਰੂ ਨਾਨਕ ਸਾਹਿਬ ਨੇ ਉਤਰ ਦਿਤਾ, ਨਹੀਂ। ਅਸੀਂ ਤੁਹਾਡੇ ਰਸਤੇ ਨੂੰ ਬੁਰਾ ਨਹੀਂ ਕਹਿੰਦੇ, ਜਿਹੜਾ ਕਰ ਸਕਦਾ ਹੈ ਕਰ ਲਓ। ਪਰ ਨਿਸ਼ਾਨਾ ਇਹ ਹੈ ਕਿ ਅਸੀਂ ਪਰਮ ਪਦਵੀ ਦੀ ਪ੍ਰਾਪਤੀ ਕਰਨੀ ਹੈ। ਤੁਹਾਡੇ ਜਿਹੜੇ ਸਾਧਨ ਹਨ ਕੀ ਇਹ ਪਰਮ ਪਦ ਤੇ ਪਹੁਚਾਉਣ ਵਾਸਤੇ ਸਮਰੱਥ ਹਨ? ਜਾਂ ਕੋਈ ਹੋਰ ਚੀਜ਼ ਚਾਹੀਦੀ ਹੈ, ਵਿਚਾਰ ਆਪਾਂ ਇਸ ਗੱਲ ਦੀ ਕਰਨੀ ਹੈ। ਗੱਲ ਹੈ ਸੁਰਤ ਦੀ, ਜੇਕਰ ਸੁਰਤ ਪਰਮੇਸ਼ਰ ਵੱਲ ਜਾ ਕੇ ਸ਼ਾਂਤ ਹੋ ਜਾਂਦੀ ਹੈ ਤਾਂ ਸਮਝੋ ਪ੍ਰਾਪਤੀ ਹੋ ਗਈ, ਜੇਕਰ ਨਹੀਂ ਹੋਈ, ਮਨ ਭਟਕਦਾ ਹੈ। ਫੇਰ ਤਾਂ ਤੁਹਾਡਾ ਰਸਤਾ ਕਿਧਰੇ ਨਾ ਪਹੁੰਚਿਆ। ਦੂਜੀ ਗੱਲ ਸਾਰੀ ਦੁਨੀਆਂ ਤਾਂ ਤੁਹਾਡੇ ਵਾਲੇ ਰਸਤੇ ਤੇ ਚਲ ਨਹੀਂ ਸਕਦੀ। ਜੇਕਰ ਇਕ ਹਜ਼ਾਰ ਬੰਦਾ ਪ੍ਰਾਣਾਯਾਮ ਕਰਨ ਲੱਗ ਜਾਵੇ, ਪਹਿਲਾਂ ਤਾਂ ਨੇਤੀ ਧੋਤੀ ਵਾਸਤੇ ਸਮਾਂ ਹੀ ਨਹੀਂ ਹੈ। ਪੰਦਰਾਂ ਹੱਥ ਲੰਮੀ ਚਾਰ ਉਂਗਲ ਚੌੜੀ ਮਲਮਲ ਦੀ ਲੀਰ ਪਹਿਲਾਂ ਅੰਦਰ ਲਜਾਓ, ਫਿਰ ਉਸ ਨਾਲ ਮੇਹਦਾ ਸਾਫ ਕਰੋ, ਨਿਊਲੀ ਹੈ; ਨੱਕ ਦੀ ਸਫਾਈ ਕਰਨੀ, ਫੇਰ ਧੌਂਕਣੀ ਵਾਂਗਨ ਪੇਟ ਨੂੰ ਘੁਮਾਉਣਾ, ਕਪਾਲੀ ਪਿਛੇ ਗਰਦਨ ਲੈ ਜਾਣੀ, ਜ਼ੁਬਾਨ ਨੂੰ ਲੰਮਾ ਕਰ ਲੈਣਾ, ਲੰਬੀ ਕਰਕੇ ਅੱਖਾਂ ਨੂੰ ਲਗਾ ਲੈਣੀ, ਫਿਰ ਉਸ ਨੂੰ ਗਲ ਵਿਚ ਬੰਦ ਕਰਕੇ, ਕੰਨਾਂ ਦੇ ਰਾਹੀਂ ਬਾਹਰੋਂ ਕੋਈ ਆਵਾਜ਼ ਨਾ ਸੁਣਨ ਦੇਣੀ, ਅੰਦਰਲੇ ਸਾਰੇ ਸਰੋਤ ਜੀਭ ਨਾਲ ਬੰਦ ਕਰ ਲੈਣੇ। ਗੁਰੂ ਜੀ ਨੇ ਕਿਹਾ, ਤੁਸੀਂ ਕਹਿੰਦੇ ਹੋ ਅੰਦਰ ਅੰਮ੍ਰਿਤ ਝਰਦਾ ਹੈ – ਅੰਮ੍ਰਿਤ ਤਾਂ ਨਾਮ ਵਿਚ ਹੈ, ਜਿਹੜੇ ਅੰਮ੍ਰਿਤ ਦੀ ਅਸੀਂ ਗੱਲ ਕਰਦੇ ਹਾਂ ਉਸ ਅੰਮ੍ਰਿਤ ਦੀ ਤੁਹਾਨੂੰ ਖਬਰ ਨਹੀਂ ਹੈ, ਉਹ ਸੁਰਤੀ ਜਦੋਂ ਲੱਗ ਜਾਂਦੀ ਹੈ, ਸੁਰਤੀ ਤਾਂ ਪਿਛੇ ਰਹਿ ਜਾਂਦੀ ਹੈ ਫਿਰ ਨਾਮ ਨਾਲ ਜੁੜ ਕੇ ਬਿਰਤੀ ਪਰਮੇਸ਼ਰ [illegible]।



Sri Satguru Jagjit Singh Ji eLibrary NamdhariElibrary@gmail.com

# ਅਮਰ ਗਾਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 22)*

ਸੋ ਗੁਰੂ ਮਹਾਰਾਜ ਕਹਿਣ ਲੱਗੇ, "ਰਾਜਾ ਸ਼ਿਵਨਾਭ! ਬਿਮਾਰੀ ਹੋਰ ਹੈ, ਇਲਾਜ ਹੋਰ ਹੈ। ਇਸ ਬਿਮਾਰੀ ਦੀ ਦਵਾਈ ਗੁਰੂ ਦੇ ਪਾਸ ਹੈ। ਇਸ ਨੂੰ ਹਉਮੈ ਦਾ ਜ਼ਹਿਰ ਚੜ੍ਹ ਗਿਆ ਤੇ ਜਿੰਨਾ ਚਿਰ ਇਹ ਦਵਾਈ ਨਹੀਂ ਲੈਂਦਾ, ਓਨਾ ਚਿਰ ਇਸ ਦੀ ਜ਼ਹਿਰ ਨਹੀਂ ਉਤਰਦੀ।" 'ਸ਼ਿਵਨਾਭ ਨੇ ਪੁਛਿਆ, "ਮਹਾਰਾਜ! ਇਸ ਦੀ ਦਵਾਈ ਕੀ ਹੈ?"

ਮਹਾਰਾਜ ਕਹਿੰਦੇ, ਇਸ ਦੀ ਦਵਾਈ ਹੈ ਅੰਮ੍ਰਿਤ। ਜ਼ਹਿਰ ਦੇ ਨਾਲ ਇਹ ਜੰਮਦਾ ਮਰਦਾ ਹੈ। ਅੰਮ੍ਰਿਤ ਜੇ ਇਸ ਨੂੰ ਮਿਲ ਗਿਆ ਫੇਰ ਇਹ ਜੰਮੇਗਾ ਮਰੇਗਾ ਨਹੀਂ। ਸੋ ਉਸ ਅੰਮ੍ਰਿਤ ਨੂੰ 'ਨਾਮ' ਕਹਿੰਦੇ ਹਨ। ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਸੁਣ ਮੇਰੇ ਮਨਾਂ,***
***ਅੰਮ੍ਰਿਤ ਹਰਿ ਹਰਿ ਨਾਮ ਹੈ - 2, 3.***

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ - 538***

ਪ੍ਰਮੇਸ਼ਰ ਦਾ ਨਾਮ ਅੰਮ੍ਰਿਤ ਹੈ, ਇਹ ਗੁਰੂ ਦੀ ਮਤ ਧਾਰਨ ਕਰਕੇ ਪ੍ਰਾਪਤ ਹੁੰਦਾ ਹੈ। ਹਉਮੈ ਤੇ ਮਾਇਆ ਵਿਹੁ (ਜ਼ਹਿਰ) ਹੈ, ਇਹ ਨਾਮ ਅੰਮ੍ਰਿਤ ਪੀਤਿਆਂ ਉਤਰ ਜਾਂਦੀ ਹੈ।

"ਮਹਾਰਾਜ! ਇਹ ਅੰਮ੍ਰਿਤ ਕਿਥੇ ਹੈ?"

ਕਹਿੰਦੇ, ***'ਅੰਮ੍ਰਿਤ ਗੁਰਮਤਿ ਪਾਏ ਰਾਮ'*** ਗੁਰੂ (ਗੁਰੂ ਗ੍ਰੰਥ ਸਾਹਿਬ) ਦੀ ਮਤ ਧਾਰਨ ਕਰ ਲਓ, ਫੇਰ ਇਹ ਅੰਮ੍ਰਿਤ ਮਿਲਦਾ ਹੈ।

ਜੇ ਨਾਮ ਮਿਲ ਗਿਆ ਫੇਰ ਇਹ ਵਿਹੁ (ਜ਼ਹਿਰ) ਲਹਿ ਜਾਇਆ ਕਰਦੀ ਹੈ। ਸੋ ਇਸ ਕਰਕੇ ਮਹਾਰਾਜ ਕਹਿੰਦੇ, ਇਹ ਜਿਹੜੀ ਸੁਰਤਿ ਹੈ ਕਿ ਆਹ ਮੇਰਾ ਘਰ ਹੈ, ਆਹ ਮੇਰੇ ਬੱਚੇ, ਆਹ ਮੇਰਾ ਸਰੀਰ ਆਦਿ, ਇਹਨਾਂ ਗੱਲਾਂ ਨੇ ਤੈਨੂੰ ਬੰਨ੍ਹਿਆ ਹੋਇਆ ਹੈ ਪ੍ਰੇਮੀਆਂ! ਜੇ ਸਾਡੀ ਗੱਲ ਮੰਨਦੈਂ ਤਾਂ ਭੁੱਲ ਜਾ ਇਸ ਨੂੰ। ਇਹ ਹਉਮੈ ਦੀ ਸੁਰਤ ਹੈ ਜਿਸ ਨੇ ਸੰਗਲ ਪਾ ਕੇ ਤੈਨੂੰ ਬੰਨ੍ਹਿਆ ਹੋਇਆ ਹੈ।

***ਧਾਰਨਾ - ਮਨ ਭੋਲਿਆ, ਹਉਮੈ ਸੁਰਤਿ ਵਿਸਾਰਿ -2.***
***ਹਉਮੈ ਸੁਰਤ ਵਿਸਾਰ, - 4, 2.***
***ਮਨ ਭੋਲਿਆ, ਹਉਮੈ ਸੁਰਤ ਵਿਸਾਰ,..- 2.***

***ਭੋਲਿਆ ਹਉਮੈ ਸੁਰਤਿ ਵਿਸਾਰਿ॥***
***ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥***
***ਪੰਨਾ - 1168***

ਸੰਸਾਰ ਏਥੇ ਸਦਾ ਹੀ ਰਹਿਣਾ ਹੈ, ਇਵੇਂ ਜਿਵੇਂ ਰਹਿਣਾ ਹੈ, ਅਰਬਾਂ-ਖਰਬਾਂ ਸਾਲ ਤੋਂ ਆਇਆ, ਅਰਬਾਂ ਸਾਲ ਏਥੇ ਰਹਿਣਾ ਹੈ? ਮਹਾਰਾਜ ਕਹਿੰਦੇ ਨਹੀਂ, ***'ਹਰਨ ਭਰਨ ਜਾਕਾ ਨੇਤ੍ਰ ਫੋਰੁ॥' (ਪੰਨਾ - 284)*** ਇੱਕ ਅੱਖ ਦੇ ਪਲਕਾਰੇ ਵਿਚ ਸਭ ਕੁਝ ਖਤਮ ਕਰ ਦਿੰਦਾ ਹੈ। ਜਦੋਂ ਖਤਮ ਕਰ ਦਿੰਦਾ ਹੈ ਫੇਰ ਆਪੇ ਆਪ ਹੁੰਦਾ ਹੈ। ਪਹਿਲਾਂ ਵੀ ਆਪ ਸੀ - 'ਆਦਿ ਪੂਰਨ' ਹੁਣ ਵੀ ਆਪ ਹੈ 'ਮਧ ਪੂਰਨ' ਅੰਤ ਵੇਲੇ ਵੀ ਜਦੋਂ ਸੰਸਾਰ ਨਹੀਂ ਹੋਏਗਾ, ਉਸ ਵੇਲੇ ਵੀ ਵਾਹਿਗੁਰੂ ਆਪ ਹੀ ਹੋਏਗਾ 'ਅੰਤਿ ਪੂਰਨ ਪਰਮੇਸੁਰਹ'। ਸਾਇੰਸ ਵਾਲੇ ਇਹ ਕਹਿੰਦੇ ਨੇ ਕਿ ਪਹਿਲਾਂ ਇਕ ਨੁਕਤਾ ਸੀ ਬਹੁਤ ਛੋਟਾ ਜਿਹਾ ਜਿਸ ਦੀ ਸੂਖਮਤਾ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਨੂੰ ਅਸੀਂ ਕਹਿੰਦੇ ਹਾਂ ਕਿ ਨਿਰਗੁਣ ਸਰੂਪ ਵਿੱਚ ਸੀ ਵਾਹਿਗੁਰੂ। ਫੇਰ ਕਹਿੰਦੇ, Big Bang ਹੋਇਆ, ਵੱਡੀ ਭਾਰੀ ਆਵਾਜ਼ ਹੋਈ। ਮਹਾਰਾਜ ਕਹਿੰਦੇ 'ਓਅੰਕਾਰ' ਦਾ ਸ਼ਬਦ ਹੋਇਆ। ਏਕੰਕਾਰ ਤੋਂ ਸ਼ਬਦ ਧੁਨ ਓਅੰਕਾਰ ਹੋਈ। ਸ਼ਬਦ ਧੁਨ ਤੋਂ ਆਕਾਰ ਹੋਏ -

***ਜਬ ਉਦਕਰਖ ਕਰਾ ਕਰਤਾਰਾ॥***
***ਪ੍ਰਜਾ ਧਰਤ ਤਬ ਦੇਹ ਅਪਾਰਾ॥***

**(ਚੌਪਈ ਪਾਤਸ਼ਾਹੀ ੧੦)**

ਸ਼ਬਦ ਦਾ ਫੈਲਾਓ ਹੋਇਆ, ਧੱਕਾ ਵੱਜ ਗਿਆ, ਸੰਸਾਰ ਦਾ ਪਸਾਰਾ ਇਸ ਤਰ੍ਹਾਂ ਸ਼ੁਰੂ ਹੋ ਗਿਆ। ਕਿੰਨਾ ਰਚ ਦਿਤਾ? ਕਹਿੰਦੇ ਇਹ ਹਿਸਾਬ ਕਿਤਾਬ ਤੋਂ ਬਾਹਰ ਹੈ। ਸਾਇੰਸ ਵਾਲੇ ਇਹ ਗੱਲ ਕਹਿੰਦੇ ਨੇ ਕਿ ਜਦੋਂ ਖਿੱਚ ਜਿਹੀ ਪੈ ਗਈ, ਉਲਟਾ ਚੱਕਰ ਚੱਲ ਗਿਆ, ਉਸ ਵੇਲੇ ਫੇਰ ਨੁਕਤਾ ਹੀ ਰਹਿ ਜਾਂਦਾ ਹੈ। ਇਹ ਸਾਡੀ ਸਮਝ ਵਿਚ ਨਹੀਂ ਆਉਂਦਾ ਕਿ ਇਹ ਸਥੂਲ ਕਿਵੇਂ ਬਣ ਜਾਂਦਾ ਹੈ, ਛੋਟਾ ਕਿਵੇਂ ਹੋ ਜਾਂਦਾ ਹੈ, ਕਿਵੇਂ ਇਸ ਦੀ energy (ਸ਼ਕਤੀ) convert (ਬਦਲੀ) ਹੋ ਕੇ ਕੁਝ ਨਹੀਂ ਰਹਿੰਦੀ, nothing ਬਣ ਜਾਂਦਾ ਹੈ। ਅਤੀ ਸੂਖਸ਼ਮਤਾ ਵਰਤ ਜਾਂਦੀ ਹੈ। ਇਹ ਗੱਲ ਪ੍ਰਕ੍ਰਿਤਕ ਹੈ, ਰੂਹਾਨੀ ਮਤ ਹੋਰ ਹੈ ਕਿ ਓਅੰਕਾਰ ਦਾ ਸ਼ਬਦ ਹੋਇਆ -

***ਏਕ ਕਵਾਵੈ ਤੇ ਸਭਿ ਹੋਆ॥ ਪੰਨਾ - 1003***

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਪੰਨਾ - 3***

ਸੋ ਇਹ ਸੰਸਾਰ ਸਤਿ ਨਹੀਂ ਹੈ। ਇਹ ਵਾਹਿਗੁਰੂ ਦਾ ਖੇਲ੍ਹ ਹੈ, ਉਸ ਦੀ ਮੌਜ ਹੈ। ਸੋ ਇਸ ਤਰ੍ਹਾਂ ਪਹਿਲਾਂ ਜਿਹੜਾ ਭਰਮ-ਭੇਦ ਹੈ, ਇਸ ਦੀ ਨਵਿਰਤੀ ਵਾਸਤੇ ਮਹਾਰਾਜ ਦੱਸਦੇ ਨੇ ਕਿ ਜਿਵੇਂ ਪਾਣੀ ਦੇ ਅੰਦਰ ਸੂਰਜ ਦਾ ਪਰਛਾਵਾਂ ਹੋਵੇ, ਉਸੇ ਤਰ੍ਹਾਂ ਦੇ ਨਾਲ ਇਹ ਪਰਛਾਵਾਂ ਨਜ਼ਰ ਆਉਂਦਾ ਹੈ, ਦੋ ਬਣ ਜਾਂਦੇ ਹਨ ਲੇਕਿਨ ਸੂਰਜ ਹੈ ਇਕੋ ਹੀ। ਇਵੇਂ ਜਿਵੇਂ ਇਸ ਸਰੀਰ ਦੇ ਅੰਦਰ ਜੀਵ ਭਾਵ ਹੋਣ ਕਰਕੇ ਇਹ ਵੱਖਰਾ ਪ੍ਰਤੀਤ ਹੋਣ



Sri Satguru Jagjit Singh Ji eLibrary NamdhariElibrary@gmail.com

ਲੱਗ ਗਿਆ, ਇਸੇ ਤਰ੍ਹਾਂ ਦੇ ਨਾਲ ਜਿਵੇਂ ਇਹ ਸੰਸਾਰ ਹੈ, ਬੇਅੰਤ ਗਹਿਣੇ ਪਏ ਹੋਣ, ਉਹ ਸਾਰੇ ਕੀ ਨੇ, ਸੋਨਾ ਹੀ ਹੈ ਸਾਰਾ। ਪਾਣੀ ਤੇ ਉੱਤੇ ਲਹਿਰਾਂ ਉਠਦੀਆਂ ਨੇ, ਉਹ ਕੀ ਹੈ, ਸਾਰਾ ਸਮੁੰਦਰ ਹੀ ਹੈ। ਸੋ ਇਸੇ ਤਰ੍ਹਾਂ ਨਾਲ ਸੁਰਤਿ ਭੁੱਲ ਗਈ। ਆਪਣੇ ਸਰੂਪ ਦਾ ਭੁਲੇਖਾ ਪੈ ਗਿਆ, ਜੀਵ ਬਣ ਗਿਆ, ਈਸ਼ਵਰ ਨਾ ਰਿਹਾ। ਸੁਰਤ ਹੋਰ ਹੇਠਾਂ ਉਤਰ ਕੇ ਪ੍ਰਕ੍ਰਿਤਕ ਬਣ ਗਈ, ਹਉਮੈ ਦੀ ਸੁਰਤ ਪੈਦਾ ਹੋ ਗਈ, ਆਤਮਕ ਸੁਰਤੀ ਗੁਆ ਲਈ। ਗੁਰੂ ਮਹਾਰਾਜ ਚਿਤਾਵਨੀ ਦਿੰਦੇ ਕਹਿੰਦੇ ਹਨ – ***'ਭੋਲਿਆ ਹਉਮੈ ਸੁਰਤਿ ਵਿਸਾਰਿ।'*** ਇਹ ਹਉਮੈ ਵਾਲੀ ਸੁਰਤਿ ਨੂੰ ਤੂੰ ਭੁੱਲ ਜਾ। ਲੇਕਿਨ ਐਨੀ ਸੁਖਾਲੀ ਨਹੀਂ, ਸਾਧ ਸੰਗਤਿ ਜੀ। ਇਸ ਦਾ ਇਲਾਜ ਜਦ ਤੱਕ ਨਹੀਂ ਹੁੰਦਾ, ਓਨੀ ਦੇਰ ਤੱਕ ਇਹ ਹਉਮੈ ਸੁਰਤਿ ਆਤਮ ਸੁਰਤ ਵਿਚੋਂ ਨਿਕਲਿਆ ਨਹੀਂ ਕਰਦੀ। ਇਸ ਦਾ ਇਲਾਜ ਹੈ – 'ਨਾਮ', ਹੋਰ ਕੋਈ ਇਲਾਜ ਨਹੀਂ –

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥***
***ਭਾਈ ਗੁਰਦਾਸ ਜੀ, ਵਾਰ 13/2***

ਤੇ ਸੋਝੀ ਉਸ ਵੇਲੇ ਆਉਂਦੀ ਹੈ ਜਦੋਂ ਨਾਮ ਹਿਰਦੇ ਵਿਚ ਵਸ ਜਾਵੇ ਤੇ ਹਉਮੈ ਦਾ ਨਾਸ਼ ਹੋ ਜਾਵੇ। ਉਸ ਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ ਕਿ ਦੋਇ ਚੀਜ਼ਾਂ ਇਕੱਠੀਆਂ ਨਹੀਂ ਰਹਿਣੀਆਂ। ਜੇ ਨਾਮ ਹੋਏਗਾ ਤਾਂ ਹਉਮੈ ਨਹੀਂ ਹੋਏਗੀ। ਜੇ ਹਉਮੈ ਹੈ ਤਾਂ ਨਾਮ ਨਹੀਂ ਹੋਏਗਾ। ਸੋ ਨਾਮੁ ਹਉਮੈ ਦਾ ਵਿਰੋਧੀ ਹੈ –

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੋਇ ਨ ਵਸਹਿ ਇਕ ਠਾਇ॥ ਪੰਨਾ – 560***

ਇਸ ਤਰ੍ਹਾਂ ਫੁਰਮਾਨ ਕੀਤਾ ਹੈ –

***ਧਾਰਨਾ – ਜਦੋਂ ਨਾਮ ਹਿਰਦੇ ਵਿਚ ਵਸਿਆ,***
***ਹਉਮੈ ਵਾਲਾ ਨਾਸ਼ ਹੋ ਗਿਆ –2, 2.***
***ਪਿਆਰੇ ਜੀ, ਹਉਮੈ ਵਾਲਾ ਨਾਸ਼ ਹੋ ਗਿਆ –2.***
***ਜਦੋਂ ਨਾਮ ਹਿਰਦੇ ਵਿਚ ਵਸਿਆ,.....–2.***

ਨਾਮ ਤੇ ਹਉਮੈ ਇਕੱਠੇ ਨਹੀਂ ਰਿਹਾ ਕਰਦੇ। ਨਾਮ ਦੇ ਪ੍ਰਕਾਸ਼ ਵਿਚ 'ਸਭ ਗੋਬਿੰਦ ਸਭ ਗੋਬਿੰਦ ਹੈ' ਹੀ ਦ੍ਰਿਸ਼ਟੀ ਆਉਂਦਾ ਹੈ। ਜੋ ਸਤਿ ਅਵਸਥਾ ਹੈ, ਹਉਮੈ ਵਿਚ, ਨਿਜ ਹਉਂ, ਨਿੱਕੇ ਆਪੇ ਵਿਚ ਜੋ ਸੂਝ ਆਉਂਦੀ ਹੈ। ਸਭ ਕਿਛੁ ਵਖਰਾ–ਵਖਰਾ, ਆਪਣੇ ਬੇਗਾਨੇ, ਹਾਨ–ਲਾਭ, ਹਰਖ–ਸੋਗ, ਪੁੱਤਰ–ਧੀਆਂ, ਰਿਸ਼ਤੇਦਾਰ ਆਪਣੇ ਮਜ਼ਹਬ, ਨਿਸ਼ਚੇ ਵਿਚ ਰਹਿੰਦੇ ਹਨ ਪਰ ਨਾਮ ਅਵਸਥਾ ਵਿਚ ਇਕ ਦਿਖਦਾ ਹੈ, ਇਕੋ ਵਰਤਦਾ ਹੈ। ਜਿੰਨਾਂ ਚਿਰ ਹਉਮੈ ਹੈ, ਸੇਵਾ ਵੀ ਲੇਖੇ ਵਿਚ ਨਹੀਂ ਪੈਂਦੀ–

***ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥***
***ਹਰ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥***
***ਪੰਨਾ – 560***

ਗੁਰੂ ਦਾ ਸ਼ਬਦ ਜੋ ਪੰਜ ਪਿਆਰਿਆਂ ਨੇ ਦਿਤਾ ਹੈ, ਉਸ ਦੀ ਕਮਾਈ ਕਰ। ਫੇਰ ਤੂੰ ਗੁਰੂ ਗ੍ਰੰਥ ਸਾਹਿਬ ਦੇ ਵਿਚੋਂ ਗੁਰੂ ਦਾ ਸ਼ਬਦ ਟੋਲ੍ਹ। ਫੇਰ ਉਸ ਨੂੰ ਮੰਨ। ਜਦ ਮੰਨ ਲਏਂਗਾ –

***ਮੰਨੇ ਕੀ ਗਤਿ ਕਹੀ ਨ ਜਾਇ॥***
***ਜੇ ਕੋ ਕਹੈ ਪਿਛੈ ਪਛੁਤਾਇ॥***
***ਕਾਗਦਿ ਕਲਮ ਨ ਲਿਖਣਹਾਰੁ॥***
***ਮੰਨੈ ਕਾ ਬਹਿ ਕਰਨਿ ਵੀਚਾਰੁ॥ ਪੰਨਾ – 3***

ਜਿਨ੍ਹਾਂ ਨੇ ਮੰਨਿਆ ਹੈ ਉਹਨਾਂ ਨੂੰ ਵੱਡੀਆਂ–ਵੱਡੀਆਂ ਪਦਵੀਆਂ ਪ੍ਰਾਪਤ ਹੋ ਗਈਆਂ। ਸੋ ਮਹਾਰਾਜ ਕਹਿੰਦੇ ਤੂੰ ਗੁਰੂ ਦੇ ਸ਼ਬਦ ਨੂੰ ਕਮਾ –

***ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥***
***ਪੰਨਾ – 560***

ਜੋ ਕੁਝ ਹੋ ਰਿਹਾ ਹੈ ਸਭ ਵਾਹਿਗੁਰੂ ਦੇ ਹੁਕਮ ਵਿਚ ਹੋ ਰਿਹਾ ਹੈ – ਚੰਗਾ ਵੀ ਮੰਦਾ ਵੀ। ਤੂੰ ਰਜ਼ਾਅ ਦੇ ਵਿਚ ਆ ਜਾ, ਸੁਰ ਦੇ ਨਾਲ ਸੁਰ ਮਿਲਾ ਕੇ ਚੱਲ, ਫੇਰ ਤੇਰੇ ਅੰਦਰੋਂ ਹਉਮੈ ਆਪਣੇ ਆਪ ਹੀ ਨਿਕਲ ਜਾਏਗੀ –

***ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥***
***ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥***
***ਪੰਨਾ – 560***

ਜੰਮਣਾ ਮਰਨਾ ਸਭ ਹਉਮੈ ਵਿਚ ਆ ਕੇ ਹੁੰਦਾ ਹੈ, ***'ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥'*** ਗੁਬਾਰ ਹੈ ਆਦਮੀ ਦੇ ਮਨ ਦੇ ਅੰਦਰ–

***ਮਾਇਆਧਾਰੀ ਅਤਿ ਅੰਨਾ ਬੋਲਾ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਪੰਨਾ – 313***

ਰੌਲਾ ਘਚੌਲਾ ਮਚਿਆ ਪਿਆ ਹੈ ਇਸ ਸਰੀਰ ਵਿਚ। ਆਦਮੀ ਦੇ ਅੰਤਸ਼ਕਰਣ ਵਿਚ ਜਨਮਾਂ ਜਨਮਾਂਤਰਾਂ ਦੇ ਸੰਸਕਾਰ ਸੰਚਿਤ ਰੂਪ ਵਿਚ ਕਰਮ ਬਣ ਕੇ ਪਏ ਹਨ। ਬੇਅੰਤ ਵਾਸ਼ਨਾਵਾਂ ਦੀਆਂ ਲਹਿਰਾਂ ਹਰ ਸਮੇਂ ਉਠਦੀਆਂ ਰਹਿੰਦੀਆਂ ਹਨ, ਕਿਤੇ ਪਰਿਵਾਰ ਦੀਆਂ, ਕਿਤੇ ਧਨ ਦੀਆਂ, ਕਿਤੇ ਲਾਲਸਾਵਾਂ ਦੀਆਂ, ਕਿਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵਿਕਾਰਾਂ, ਵੈਰ ਵਿਰੋਧ, ਹਿਤ ਅਹਿਤ ਦੀਆਂ, ਆਪਣੇ ਬੇਗਾਨਿਆਂ ਦੀਆਂ ਉਠਦੀਆਂ ਲਹਿਰਾਂ ਇਕਾਗਰ ਮਨ ਵਿਚ ਰੌਲਾ ਘਚੌਲਾ ਪਾ ਕੇ ਰਖਦੀਆਂ ਹਨ, ਚਿੱਤ ਸ਼ਾਂਤ ਨਹੀਂ ਹੁੰਦਾ। ਸ਼ਬਦ ਤਕ ਸੁਰਤਿ ਨੂੰ ਉਡਾਰੀ ਮਾਰਨ ਤੋਂ ਵਰਜਿਤ ਕਰਕੇ ਰਖਦੀਆਂ ਹਨ ਅਤੇ ਹਉਮੈ ਦੀਆਂ ਭੁੱਲ ਭੁਲਾਈਆਂ ਵਿਚ ਘੁਮੇਟਣੀਆਂ ਦਿਵਾਉਂਦੀਆਂ ਹਨ। ਹੁਕਮ ਦੀ ਸੂਝ ਪੈਦਾ ਨਹੀਂ ਹੁੰਦੀ। ਸੰਸਕਾਰਾਂ ਕਰਕੇ ਜੀਵ ਹਉਮੈ ਜਾਲ ਵਿਚ ਫਸਿਆ ਜੰਮਦਾ ਮਰਦਾ ਹੈ।

***ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥***
***ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥***
***ਪੰਨਾ – 560***

ਜਿੰਨਾ ਚਿਰ ਹਉਮੈ ਹੈ, ਇਹ ਭਗਤੀ ਕਿਵੇਂ ਕਰ ਲਏਗਾ, ਨਾ ਪਰਮੇਸ਼ਰ ਦੇ ਹੁਕਮੁ ਨੂੰ ਬੁਝ ਸਕੇ –

***ਨਾਨਕ ਸਤਿਗੁਰ ਮਿਲਿਐ***
***ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥***
***ਸਚੁ ਕਮਾਵੈ ਸਚਿ ਰਹੈ ਸਚੇ ਸੇਵ ਸਮਾਇ॥***
***ਪੰਨਾ – 560***



Sri Satguru Jagjit Singh Ji eLibrary NamdhariElibrary@gmail.com

ਜਦੋਂ ਸਤਿਗੁਰੂ ਮਿਲ ਗਿਆ ਫੇਰ ਵਾਹਿਗੁਰੂ ਦੇ ਵਿਚ ਸਮਾਅ ਜਾਂਦਾ ਹੈ, ਨਹੀਂ ਤਾਂ ਹਉਮੈ ਦੀ ਪੀੜ ਦੇ ਨਾਲ ਸਾਰਾ ਜਗਤ ਦੁਖੀ ਹੋ ਰਿਹਾ ਹੈ, ਹਾਏ-ਹਾਏ ਕਰ ਰਿਹਾ ਹੈ। ਹਸਪਤਾਲ ਭਰੇ ਪਏ ਨੇ, ਜੇਲ੍ਹਖਾਨੇ ਭਰੇ ਪਏ ਨੇ। ਸਾਰੇ ਰੋਗੀ ਹਨ, ਰੋਗ ਕਿਹੜਾ ਹੈ? ਹਉਮੈ ਦਾ ਰੋਗ ਹੈ ਸਾਰਿਆਂ ਦੇ ਮਨਾਂ ਦੇ ਅੰਦਰ। ਉਸ ਦੇ ਕਰਕੇ ਹੀ ਸਾਰੇ ਰੋਗ ਲਗਦੇ ਨੇ -

***ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ॥***
***ਗੁਰਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ॥***
***ਪੰਨਾ - 36***

ਸੋ ਗੁਰੂ ਦੀ ਕਿਰਪਾ ਜਦੋਂ ਹੋ ਜਾਂਦੀ ਹੈ ਉਸ ਵੇਲੇ ਹਉਮੈ ਦਾ ਰੋਗ ਖਤਮ ਹੋ ਜਾਂਦਾ ਹੈ।

ਮਹਾਰਾਜ ਜੀ ਰਾਜਾ ਸ਼ਿਵਨਾਭ ਨੂੰ ਸਮਝਾਉਂਦੇ ਹਨ ਕਿ ਰਾਜਨ! ਹੁਣ ਦੱਸੋ ਜਿਹੜੇ ਹਠ ਯੋਗ ਕਰਦੇ ਹਨ, ਜਪ ਕਰਦੇ ਹਨ, ਉਸ ਦੇ ਨਾਲ ਹਉਮੈ ਦਾ ਰੋਗ ਜਾਂਦਾ ਰਹੇਗਾ? ਉਸ ਦੇ ਨਾਲ ਨਹੀਂ ਜਾਇਆ ਕਰਦਾ। ਜਦ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਓਨੀ ਦੇਰ ਤੱਕ ਹਉਮੈ ਦਾ ਰੋਗ ਨਹੀਂ ਜਾਂਦਾ।

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥***
***ਪੰਨਾ - 649***

ਸੋ ਇਸ ਦੇ ਨਾਲ ਜੇ ਤੂੰ ਪਿਆਰ ਪਾ ਲਿਆ ਜਿਸ ਨੂੰ ਨਾਮ ਕਹਿੰਦੇ ਹਨ, ਮਹਾਰਾਜ ਕਹਿੰਦੇ, ਨਾਮ ਦੇ ਨਾਲ ਪਿਆਰ ਪਾਉਣਾ ਜ਼ਰੂਰੀ ਹੈ, ਨਾਮ ਬਾਹਰੋਂ ਨਹੀਂ ਕਿਤੋਂ ਮਿਲਣਾ, ਤੇਰੇ ਅੰਦਰ ਹੀ ਨਾਮ ਹੈ। ਬਾਹਰੋਂ ਮਿਲਣੈ ਮੰਤਰ - 'ਵਾਹਿਗੁਰੂ' ਮੰਤਰ ਜੋ ਪੰਜ ਪਿਆਰਿਆਂ ਨੇ ਦੇਣਾ ਹੈ। ਉਸ ਮੰਤਰ ਨੇ ਤੇਰੇ ਅੰਦਰੋਂ ਨਾਮ ਪ੍ਰਗਟ ਕਰਨਾ ਹੈ। ਇਸੇ ਤਰ੍ਹਾਂ ਕਰਨਾ ਹੈ ਜਿਵੇਂ ਧਰਤੀ ਵਿਚ ਪਾਣੀ ਹੈ, ਸਭ ਨੂੰ ਪਤਾ ਹੈ ਕਿ ਪਾਣੀ ਹੈ। ਬੰਦਾ ਪਿਆਸਾ ਮਰ ਰਿਹਾ ਹੈ, ਜੇ ਉਹ ਕਹੇ ਧਰਤੀ ਵਿਚ ਪਾਣੀ ਹੈ, ਉਸ ਨੂੰ ਕੀ ਸੁੱਖ ਉਸ ਚੀਜ਼ ਦਾ, ਉਹ ਤਾਂ ਪਿਆਸਾ ਮਰ ਰਿਹਾ ਹੈ। ਜਿੰਨਾ ਚਿਰ ਧਰਤੀ 'ਚੋਂ ਪਾਣੀ ਕੱਢਦਾ ਨਹੀਂ, ਓਨਾਂ ਚਿਰ ਉਸ ਨੂੰ ਪ੍ਰਾਪਤੀ ਨਹੀਂ ਹੁੰਦੀ। ਸੋ ਉਸ ਦੇ ਵਾਸਤੇ ਬੋਰ ਕਰਿਆ, ਬੋਰ ਕਰਕੇ ਪਹਿਲਾਂ ਜਾਲੀ ਪਾਈ, ਫੇਰ ਉਤੇ ਨਾਲ ਪਾਈ, ਫੇਰ Reflex volve ਲਾਇਆ, ਬਿਜਲੀ ਦੀ ਮੋਟਰ ਫਿੱਟ ਕਰੀ, ਬਟਣ ਦਬਾਇਆ, ਪਾਣੀ ਨਹੀਂ ਆਉਂਦਾ ਕਿਉਂਕਿ ਪੂਰੀ ਜੁਗਤ ਨਹੀਂ ਵਰਤੀ, ਸੰਜਮ ਨਾਲ ਨਹੀਂ ਕਰਿਆ। ਜੇ ਬਾਹਰੋਂ ਪਾਣੀ ਪਾਈਏ ਫੇਰ ਉਹ ਪਾਣੀ ਜਦ ਕੱਢਦੇ ਹਾਂ; ਜਿੰਨਾ ਪਾਣੀ ਪਾਈਏ, ਓਨਾ ਸੂਟਾ ਮਾਰ ਕੇ ਪਾਣੀ ਅੰਦਰਲਾ ਉੱਪਰ ਚੜ੍ਹ ਜਾਏਗਾ। ਡੂੰਘਾ ਪਾਣੀ ਹੈ, ਪੰਜ ਸਤ ਵਾਰ ਬਾਹਰੋਂ ਪਾਣੀ ਪਾਉਣ ਨਾਲ ਪਾਣੀ ਬਾਹਰ ਆ ਜਾਏਗਾ। ਫੇਰ ਜਦ ਬਟਣ ਦੱਬੋਗੇ, ਉਸੇ ਵੇਲੇ ਪਾਣੀ ਬਾਹਰ ਆ ਜਾਏਗਾ। ਇਵੇਂ ਜਿਵੇਂ ਨਾਮ ਤਾਂ ਅੰਦਰ ਪਿਆ ਹੈ ਤੇ ਪੰਜ ਪਿਆਰੇ ਬਾਹਰੋਂ ਅੰਮ੍ਰਿਤ ਪਾਉਂਦੇ ਨੇ। ਉਸ ਦੇ ਨਾਲ ਫੇਰ ਗੁਰਮੰਤਰ ਦਿੰਦੇ ਹਨ। ਉਹ ਜਦ ਜਪਦਾ ਹੈ, ਪੂਰੀ ਦ੍ਰਿੜ੍ਹਤਾ ਨਾਲ ਯਮ ਤੇ ਨੇਮ ਦੀਆਂ ਰਹਿਤਾਂ ਦਾ ਧਾਰਨੀ ਹੋ ਕੇ ਦ੍ਰਿੜ੍ਹਤਾ ਨਾਲ ਸੁਰਤ ਦਾ ਮੇਲ ਸ਼ਬਦ ਨਾਲ ਕਰਦਾ ਹੈ ਤਾਂ ਹੌਲੀ-ਹੌਲੀ ਕਰਦੇ ਕਰਦੇ ਅੰਦਰ ਰਮੇ ਹੋਏ ਨਾਮ ਤੱਕ ਪਹੁੰਚ ਜਾਂਦਾ ਹੈ। ਫੇਰ ਉਹ ਦਾਰੂ ਪ੍ਰਗਟ ਹੋ ਜਾਂਦੀ ਹੈ ਜਿਹੜੀ ਹਉਮੈ ਦਾ ਨਾਸ਼ ਕਰ ਦਿੰਦੀ ਹੈ। ਮਹਾਰਾਜ ਕਹਿੰਦੇ, ਉਸ ਨੂੰ 'ਨਾਮ ਅਉਖਧ' ਕਹਿੰਦੇ ਹਨ -

***ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਪੰਨਾ - 259***

ਜਿਸਦੇ ਹਿਰਦੇ ਅੰਦਰ ਇਸ ਦਵਾਈ ਨਾਲ ਪਿਆਰ ਪੈ ਗਿਆ, ਉਸ ਨੂੰ ਫੇਰ ਕੀ ਹੁੰਦਾ ਹੈ -

***ਤਾਹਿ ਰੋਗੁ ਸੁਪਨੈ ਨਹੀ ਆਵੈ॥ ਪੰਨਾ - 259***

ਉਸ ਨੂੰ ਰੋਗ ਸੁਪਨੇ ਵਿਚ ਵੀ ਨਹੀਂ ਲੱਗਦਾ। ਨ ਆਧੀ, ਨ ਬਿਆਧੀ, ਨ ਉਪਾਧੀ, ਨ ਮਾਨਸਕ ਰੋਗ; ਉਸ ਦੇ ਨੇੜੇ ਨਹੀਂ ਆਉਂਦੇ। ਜੇ ਮਾਨਸਕ ਰੋਗ ਨਹੀਂ ਆਉਂਦੇ ਤਾਂ ਸਰੀਰ ਵੀ ਰੋਗੀ ਨਹੀਂ ਹੋਇਆ ਕਰਦਾ ਕਿਉਂਕਿ ਸਰੀਰ ਰੋਗੀ ਤਾਂ ਹੁੰਦਾ ਹੈ, ਪਹਿਲਾਂ ਮਨ ਰੋਗੀ ਹੁੰਦਾ ਹੈ ਫੇਰ ਸਰੀਰ ਰੋਗੀ ਹੁੰਦਾ ਹੈ।

ਸੋ ਕਹਿੰਦੇ ਕਿ ਨਾਮ ਅਉਖਧ ਸਾਰਿਆਂ ਦੇ ਅੰਦਰ ਹੈ। ਸਭ ਦੇ ਅੰਦਰ ਪਰਮੇਸ਼ਰ ਨੇ ਦਵਾਈ ਰੱਖੀ ਹੈ-

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਪੰਨਾ - 259***

ਪੂਰਾ ਗੁਰੂ ਮਿਲੇ ਤਾਂ ਉਹ ਦਵਾਈ ਸੰਜਮ ਨਾਲ ਵਰਤਣ ਦੀ ਸੋਝੀ ਦਿੰਦਾ ਹੈ ਕਿ ਨਾਮ ਰੂਪ ਅਉਖਧ ਏਥੇ ਪਈ ਹੈ, ਆਹ ਇਸਦੀ ਨਿਸ਼ਾਨੀ ਹੈ -

***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥ ਪੰਨਾ - 259***

**ਫੇਰ ਉਸਨੇ ਸੰਜਮ ਦਸ ਦਿਤਾ ਕਿ ਝੂਠ ਨਹੀਂ ਬੋਲਣਾ, ਕਿਸੇ ਦੀ ਹਿੰਸਾ ਨਹੀਂ ਕਰਨੀ, ਮਾਰਨਾ ਨਹੀਂ, ਦੁੱਖ ਨਹੀਂ ਦੇਣਾ, ਨ ਸਰੀਰ ਨਾਲ, ਨ ਮਨ ਨਾਲ, ਨ ਬਚਨ ਨਾਲ, ਨ ਬੁੱਧ ਨਾਲ, ਨ ਆਪਣੀਆਂ ਸ਼ਕਤੀਆਂ ਦੇ ਨਾਲ, ਸਤਿ ਦਾ ਧਾਰਨੀ ਹੋਣਾ, ਜਿਹੋ ਜਿਹਾ ਜੋ ਬਚਨ ਕਰ ਦਿਤਾ ਉਸ ਦੇ ਉਤੇ ਪਹਿਰਾ ਦੇਣਾ, ਫੇਰ ਤੇਰੇ ਅੰਦਰ ਧੀਰਜ ਹੋਵੇ, ਖਿਮਾ ਹੋਵੇ, ਬ੍ਰਹਮਚਰੀਆ ਹੋਵੇ, ਫੇਰ ਉਸ ਤੋਂ ਬਾਅਦ ਮਿੱਠਾ ਬੋਲ ਹੋਵੇ, *'ਅਲਪ ਅਹਾਰ ਸੁਲਪ ਸੀ ਨਿੰਦ੍ਰਾ'* ਥੋੜਾ ਖਾਣਾ, ਥੋੜਾ ਸੌਣਾ, ਮਰਿਆਦਾ ਦੇ ਅੰਦਰ ਜੀਵਨ ਰੱਖਣਾ, ਫੇਰ ਨਿਤਨੇਮ, ਸੰਤੋਖ ਮਨ ਵਿਚ ਧਾਰਨ ਕਰੇ। ਕਿਸੇ ਦੀ ਨਿੰਦਿਆ ਨ ਕਰੇ, ਚੁਗਲੀ ਨ ਕਰੇ, ਈਰਖਾ ਨ ਕਰੇ। ਦ੍ਰਿੜ੍ਹਤਾ ਦੇ ਨਾਲ ਪਰਮੇਸ਼ਰ ਦਾ ਨਾਮ ਲਵੇ। ਇਹ ਸੰਜਮ ਹਨ।** ਜਿਵੇਂ ਡਾਕਟਰ ਦਵਾਈ ਦਿੰਦੇ ਹਨ, ਤੇ ਕਹਿੰਦੇ ਹਨ ਕਿ ਖੱਟਾ ਨਾ ਖਾਈਂ, ਅੰਬ ਦਾ ਅਚਾਰ ਨ ਖਾਈਂ, ਸਿਰਕਾ ਨ ਖਾਈਂ, ਫਲਾਣੀ ਚੀਜ਼ ਨ ਖਾਈਂ, ਤਲੀਆਂ ਹੋਈਆਂ ਚੀਜ਼ਾਂ ਨ ਖਾਈਂ, ਫੇਰ ਤੇਰਾ ਅਲਸਰ ਦਾ ਫੋੜਾ ਠੀਕ ਹੋ ਜਾਵੇਗਾ। ਸੰਜਮ ਦੱਸ ਦਿਤਾ ਨਾ ਪੂਰੇ ਵੈਦ ਗੁਰੂ ਨੇ! ਫੇਰ ਇਹ ਜਿਹੜੀ ਦਾਰੂ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਹੈ ਉਹ ਦਵਾਈ ਅੰਦਰੋਂ ਹੀ ਕੱਢ ਲਵੋ। ਵਿਚਾਰ ਕੇ ਪੜ੍ਹੋ, ਇਸ ਦੇ ਵਿਚ ਸੰਜਮ ਲਿਖਿਆ ਹੋਇਆ ਹੈ ***'ਗੁਰਿ ਪੂਰੈ ਸੰਜਮੁ ਕਰਿ ਦੀਆ॥'*** ਫੇਰ ਕੀ ਹੁੰਦਾ ਹੈ ਜਦੋਂ ਸੰਜਮ ਦੇ ਨਾਲ ਦਵਾਈ ਖਾ ਲਈ? ***'ਨਾਨਕ ਤਉ ਫਿਰਿ ਦੂਖ ਨ ਥੀਆ॥'*** ਸੋ ਉਹ ਦਵਾਈ



Sri Satguru Jagjit Singh Ji eLibrary NamdhariElibrary@gmail.com

ਅੰਦਰ ਪਈ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮ॥*** ***ਪੰਨਾ – 293***

ਉਹ ਨਾਮ ਸਾਰੇ ਪਰੀਪੂਰਨ ਹੈ, ਹਰੇਕ ਦੇ ਅੰਦਰ ਹੈ। ਮਹਾਰਾਜ ਕਹਿੰਦੇ ਕੋਈ ਥਾਂ ਦੱਸੋ ਜਿਥੇ ਨਾਮ ਨਹੀਂ ਹੈ–

***ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਧਾਰੇ ਖੰਡ ਬ੍ਰਹਮੰਡ॥***
***ਪੰਨਾ – 284***

ਸਾਰੇ ਖੰਡ ਬ੍ਰਹਿਮੰਡ ਹਰ ਥਾਂ ਨਾਮ ਹੈ।

***ਨਾਮ ਕੇ ਧਾਰੇ ਆਗਾਸ ਪਾਤਾਲ।।***
***ਨਾਮ ਦੇ ਧਾਰੇ ਸਗਲ ਆਕਾਰ॥*** ***ਪੰਨਾ – 284***

ਜਿੰਨਾ ਆਕਾਰ ਦਿਸਦਾ ਹੈ, ਸਭ ਨਾਮ ਦੀ ਸ਼ਕਤੀ ਕਰਕੇ ਕਾਇਮ ਹੈ –

***ਨਾਮ ਕੇ ਧਾਰੇ ਪੁਰੀਆ ਸਭ ਭਵਨ॥***
***ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥***
***ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥***
***ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥***
***ਪੰਨਾ – 284***

ਜਿਸ ਨੂੰ ਨਾਮ ਦੇ ਨਾਲ ਲਾ ਦਿਤਾ ਉਹ ਆਪਣੇ ਅਸਲੀ ਘਰ ਦੇ ਵਿਚ ਆਉਂਦਾ ਹੈ। ਪਹਿਲੀ ਗੱਲ ਹੈ – ਪਛਾਣਨਾ ਕਿ ਮੈਂ ਸਰੀਰ ਹਾਂ ਜਾਂ ਮੈਂ ਸੂਖਸ਼ਮ ਸਰੀਰ ਹਾਂ ਜਾਂ ਮੈਂ ਕਾਰਨ ਸਰੀਰ ਹਾਂ; ਤਿੰਨ ਸਰੀਰ ਹਨ ਇਸ ਸਥੂਲ ਸਰੀਰ ਦੇ ਅੰਦਰ। ਮਹਾਂਪੁਰਸ਼ ਕਹਿੰਦੇ ਨੇ 'ਨਾ ਤੂੰ ਪੰਜ ਤੱਤਾਂ ਦਾ ਸਰੀਰ ਹੈਂ – 25 ਪ੍ਰਕ੍ਰਿਤੀਆਂ ਸਮੇਤ, ਨਾ ਤੂੰ 19 ਤੱਤਾਂ ਵਾਲਾ ਸੂਖਸ਼ਮ ਸਰੀਰ ਹੈਂ, ਨਾ ਹੀ ਤੂੰ ਕਾਰਨ ਸਰੀਰ ਹੈਂ, ਜੋ ਅਗਿਆਨ ਦਾ ਸਰੀਰ ਹੈ। ਨਾ ਤੂੰ ਮਨ ਹੈਂ, ਨਾ ਤੂੰ ਚਿੱਤ ਹੈਂ, ਨਾ ਤੂੰ ਬੁੱਧੀ ਹੈਂ, ਨਾ ਤੂੰ ਮੈਂ ਹੈਂ। ਫੇਰ ਹੋਇਆ ਕੀ? ਕਹਿੰਦੇ ਤੂੰ ਤਾਂ ਵਾਹਿਗੁਰੂ ਵਰਗੀ ਹੀ ਜੋਤਿ ਹੈਂ। ਆਪਣੇ ਆਪ ਨੂੰ ਪਛਾਣਨ ਦਾ ਯਤਨ ਕਰ –

***ਧਾਰਨਾ – ਮਨ ਤੂੰ ਜੋਤਿ ਸਰੂਪ ਹੈਂ,***
***ਆਪਣਾ ਮੂਲ ਪਛਾਣ – 2, 2.***
***ਆਪਣਾ ਮੂਲ ਪਛਾਣ, – 4, 2.***
***ਮਨ ਤੂੰ ਜੋਤਿ ਸਰੂਪ ਹੈਂ......... – 2.***

ਕਿੰਨਾ ਸਾਫ ਹੈ। ਇਸ ਨੂੰ ਕਹਿੰਦੇ ਨੇ ਸ਼ਬਦ ਦਾ ਕਮਾਉਣਾ। ਆਹ ਸ਼ਬਦ ਨੂੰ ਕਮਾ ਲਓ ਕਿ **ਮੈਂ ਸਰੀਰ ਨਹੀਂ ਹਾਂ, ਮੈਂ ਸੂਖਸ਼ਮ ਸਰੀਰ ਨਹੀਂ ਹਾਂ, ਮੈਂ ਕਾਰਨ ਸਰੀਰ ਨਹੀਂ ਹਾਂ, ਮੈਂ ਪੰਜਾਂ ਤੱਤਾਂ ਵਿਚੋਂ ਕੋਈ ਤੱਤ ਨਹੀਂ ਹਾਂ, ਮੈਂ ਪੰਜਾਂ ਪ੍ਰਾਣਾਂ ਵਿਚੋਂ ਕੋਈ ਪ੍ਰਾਣ ਨਹੀਂ ਹਾਂ, ਮੈਂ ਮਨ ਨਹੀਂ ਹਾਂ, ਮੈ ਬੁੱਧੀ ਨਹੀਂ ਹਾਂ, ਮੈਂ ਚਿੱਤ ਨਹੀਂ ਹਾਂ, ਮੈਂ ਅਹੰਭਾਵ ਵੀ ਨਹੀਂ ਹਾਂ। ਮੈਂ ਤਾਂ ਜੋਤਿ ਸਰੂਪ ਹਾਂ।** ਜਿਹੋ ਜਿਹਾ ਵਾਹਿਗੁਰੂ, ਓਹੋ ਜਿਹਾ ਮੇਰਾ ਸਰੂਪ–

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਪੰਨਾ – 441***

ਜਦ ਪਛਾਣ ਲਿਆ, ਫੇਰ ਦੂਜੀ ਗੱਲ ਯਾਦ ਰੱਖ –

***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥***
***ਪੰਨਾ – 441***

ਗੁਰੂ ਦੀ ਮੱਤ ਨੂੰ ਧਾਰਨ ਕਰਕੇ ਪਿਆਰ ਦੇ ਨਾਲ ਇਸ ਪਿਆਰ ਖੁਮਾਰੀ ਦਾ ਰਸ ਮਾਣ ਜੋ ਸਦਾ ਚੜ੍ਹੀ ਰਹਿੰਦੀ ਹੈ। ਕਿੰਨੀਆਂ ਹੀ ਤਕਲੀਫਾਂ, ਵਿਘਨ, ਘਾਟੇ ਕਿਉਂ ਨਾ ਵਾਪਰ ਜਾਣ, ਇਹ ਪਿਆਰ ਦਾ ਰੰਗ ਉਤਰਿਆ ਨਹੀਂ ਕਰਦਾ। ਬੰਦ ਬੰਦ ਕਟਦਿਆਂ, ਆਰਿਆਂ ਨਾਲ ਚਿਰਦਿਆਂ, ਖੋਪਰੀਆਂ ਲੁਹਾਉਂਦਿਆਂ, ਚਰਖੜੀਆਂ ਤੇ ਚੜ੍ਹਦਿਆਂ ਇਹ ਰੰਗ ਨਹੀਂ ਉਤਰਿਆ ਕਰਦਾ।

***ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ***
***ਜਿਉ ਰੰਗੁ ਮਜੀਠ ਬਹੁ ਲਾਗਾ।।***
***ਕਾਇਆ ਕਾਪਰੁ ਚੀਰ ਬਹੁ ਫਾਰੇ***
***ਹਰਿ ਰੰਗੁ ਨ ਲਹੈ ਸਭਾਗਾ॥*** ***ਪੰਨਾ – 985***

ਇਸਦਾ ਨਸ਼ਾ ਤਾਂ ਉਤਰਦਾ ਹੀ ਨਹੀਂ, ਹਰ ਵਕਤ ਹੀ ਚੜ੍ਹਿਆ ਰਹਿੰਦਾ ਹੈ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ, ਨਾਮ ਖੁਮਾਰੀ –2, 2.***
***ਨਾਮ ਖੁਮਾਰੀ ਨਾਨਕਾ –2, 2.***
***ਚੜ੍ਹੀ ਰਹੇ ਦਿਨ ਰਾਤ,..............–2.***

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤ॥***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।।***
***ਜਨਮ ਸਾਖੀ***

ਸਰੀਰ ਦੇ ਨਸ਼ੇ ਨੇ। ਹੁਣ ਪੀ ਲਓ, ਅੱਠ ਦਸ ਘੰਟੇ ਦੇ ਅੰਦਰ ਤੋੜ ਲਾ ਦਿੰਦੇ ਹਨ। ਲੇਕਿਨ ***'ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤਿ।' 'ਗੁਰਮਤੀ ਰੰਗਿ ਮਾਣ'।*** ਇਸ ਨਸ਼ੇ ਨੂੰ ਮਾਣ। ਫੇਰ ਤੂੰ ਇਸ ਗੱਲ ਨੂੰ ਸਮਝ ਕਿ ਮੈਂ ਜੋਤ ਸਰੂਪ ਹਾਂ –

***ਪੰਚ ਤਤੁ ਮਿਲਿ ਕਾਇਆ ਕੀਨੀ॥***
***ਤਿਸ ਮਹਿ ਰਾਮ ਰਤਨੁ ਲੈ ਚੀਨੀ॥*** ***ਪੰਨਾ – 1030***

ਇਸ ਕਾਇਆ ਵਿਚ ਰਾਮ ਦਾ ਰਤਨ (ਨਾਮ), ਆਤਮਾ ਦਾ ਪ੍ਰਕਾਸ਼ ਪਾ ਦਿਤਾ, ਇਹ ਸ਼ਬਦ ਦੀ ਸਾਧਨਾ ਸਹਿਤ ਵੀਚਾਰ ਕੀਤੇ ਬਿਨਾਂ ਪ੍ਰਾਪਤ ਨਹੀਂ ਹੁੰਦਾ, ਜੀਵ ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਹੀ ਜੀਵ ਆਤਮਾ ਹੈ –

***ਆਤਮ ਰਾਮੁ ਰਾਮੁ ਹੈ ਆਤਮ***
***ਹਰਿ ਪਾਈਐ ਸਬਦਿ ਵੀਚਾਰਾ ਹੇ॥*** ***ਪੰਨਾ – 1030***

***ਆਤਮੁ ਰਾਮੁ ਸਰਬ ਮਹਿ ਪੇਖੁ॥***
***ਪੂਰਨ ਪੂਰਿ ਰਹਿਆ ਪ੍ਰਭ ਏਕੁ॥***
***ਰਤਨੁ ਅਮੋਲੁ ਰਿਦੇ ਮਹਿ ਜਾਨੁ।।***
***ਅਪਨੀ ਵਸਤੁ ਤੂ ਆਪਿ ਪਛਾਨੁ।।*** ***ਪੰਨਾ – 892***

ਸਾਰਿਆਂ ਦੇ ਵਿਚ ਉਹ ਆਤਮ ਰਾਮ ਹੈ, ਵਾਹਿਗੁਰੂ



Sri Satguru Jagjit Singh Ji eLibrary NamdhariElibrary@gmail.com

ਸਾਰਿਆਂ ਦੇ ਅੰਦਰ ਪਰੀਪੂਰਨ ਹੈ। ਦ੍ਰਿਸ਼ਟੀ ਹੀ ਬਦਲਣੀ ਹੈ। ਪਰ ਪਰਪੱਕ ਸਾਧਨ ਬਿਨਾਂ ਥਿਰ ਬ੍ਰਿਤੀ ਪੈਦਾ ਨਹੀਂ ਹੁੰਦੀ।

ਬੁੱਲ੍ਹਾ ਮੁਰੀਦ ਬਣਨ ਲਈ ਅਨਾਇਤਸ਼ਾਹ ਕਾਦਰੀ ਕੋਲ ਗਿਆ। ਉਹ ਪਨੀਰੀ ਪੁੱਟ ਕੇ ਪਿਆਜ਼ ਲਾ ਰਿਹਾ ਸੀ। ਬੁੱਲਾ ਬੈਠਾ ਰਿਹਾ, ਬੈਠਾ ਰਿਹਾ। ਮਹਾਤਮਾ ਮੌਜ ਵਿਚ ਆਏ। ਕਹਿਣ ਲੱਗੇ, ਭਾਈ ਕਿਵੇਂ ਆਇਆ ਹੈਂ? ਕਹਿੰਦਾ ਮਹਾਰਾਜ! ਮੈਂ ਆਪ ਦੀ ਸ਼ਰਨ ਵਿਚ ਆਇਆ ਹਾਂ, ਮੈਂ ਖੁਦਾ ਨੂੰ ਮਿਲਣਾ ਹੈ, ਰੱਬ ਨੂੰ ਮਿਲਣਾ ਹੈ।

"ਕੀ ਨਾਉਂ ਹੈ ਤੇਰਾ?"

"ਮੇਰਾ ਨਾਉਂ ਬੁੱਲਾ ਹੈ ਜੀ।"

"ਬੁੱਲਿਆ! ਰੱਬ ਦਾ ਕੀ ਪਾਉਣਾ, ਏਧਰੋਂ ਪੁੱਟਣਾ, ਓਧਰ ਲਾਉਣਾ। ਮਨ ਹੀ ਹੈ, ਮਨ ਨੂੰ ਬਦਲਾਉਣਾ ਹੈ। ਸੰਸਾਰ ਨੂੰ ਸੰਸਾਰ ਨਾ ਸਮਝ, ਵਾਹਿਗੁਰੂ ਸਮਝ ਲੈ, ਰੱਬ ਮਿਲ ਜਾਵੇਗਾ। ਅਸਲੀ ਗੱਲ ਤੈਨੂੰ ਭੇਤ ਦੀ ਦੱਸਦਾ ਹਾਂ। ਉਹ ਨਕਲੀ ਗੱਲ ਹੈ ਜਿਹੜੀ ਤੇਰੇ ਮਨ ਵਿਚ ਹੈ। ਤੂੰ ***'ਆਤਮੁ ਰਾਮੁ ਸਰਬ ਮਹਿ ਪੇਖੁ॥ ਪੂਰਨ ਪੂਰਿ ਰਹਿਆ ਪ੍ਰਭ ਏਕੁ॥'*** ਐਨਾ ਹੀ ਯਾਦ ਰੱਖ ਲੈ ਕਿ ਸਾਰਿਆਂ ਵਿਚ ਵਾਹਿਗੁਰੂ ਪੂਰਨ ਹੈ। ਬਾਹਰ ਵੀ ਪੂਰਨ ਹੈ, ਅੰਦਰ ਵੀ ਪੂਰਨ ਹੈ; ਕੋਈ ਥਾਂ ਨਹੀਂ ਹੈ ਜਿਥੇ ਵਾਹਿਗੁਰੂ ਨਹੀਂ ਹੈ –

***ਰਤਨੁ ਅਮੋਲੁ ਰਿਦੇ ਮਹਿ ਜਾਨੁ॥***
***ਅਪਨੀ ਵਸਤੁ ਤੂ ਆਪਿ ਪਛਾਨੁ।। ਪੰਨਾ – 892***

ਰਤਨ ਅਮੋਲ ਜਿਹੜਾ ਆਤਮਾ ਹੈ, ਤੇਰੇ ਰਿਦੇ ਦੇ ਅੰਦਰ ਹੈ। ਆਪਣੀ ਚੀਜ਼ ਨੂੰ ਤੂੰ ਆਪ ਪਛਾਣ ਲੈ।

***ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥***
***ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥***
***ਪੰਨਾ – 421***

ਜਿਨ੍ਹਾਂ ਨੇ ਆਪਣੇ ਸਰੂਪ ਨੂੰ ਜਾਣ ਲਿਆ, ਆਤਮਾ ਨੂੰ ਜਾਣ ਲਿਆ ਉਹ ਰੱਬ ਬਣ ਜਾਂਦੇ ਹਨ। ਕਿਉਂਕਿ ਇਕੋ ਹਰੀ ਅੰਮ੍ਰਿਤ ਦਾ ਬਿਰਛ ਹੈ ਜਿਸਨੂੰ ਫਲ ਭੀ ਅੰਮ੍ਰਿਤ ਹੀ ਲਗਦਾ ਹੈ ਇਸ ਸਾਰੇ ਪਸਾਰੇ ਵਿਚ ਉਹ ਆਪ ਹੀ ਹੈ।

***ਧਾਰਨਾ – ਸਾਂਈ ਹੀ ਵਰਗੇ ਨੇ,***
***ਵਿਸਰੇ ਨ ਨਾਮ ਜਿਨ੍ਹਾਂ ਨੂੰ –2, 2.***
***ਵਿਸਰੇ ਨ ਨਾਮ ਜਿਨ੍ਹਾਂ ਨੂੰ –2, 2.***
***ਸਾਂਈ ਹੀ ਵਰਗੇ ਨੇ .............–2***

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ – 397***

ਇਸ ਦੇ ਵਿਚ ਸਵਾਲ ਹੈ ਕਿ ਜਿਹੜੇ ਨਾਮ ਨੂੰ ਨਹੀਂ ਭੁੱਲਦੇ, ਆਪਣੇ ਆਤਮ ਸਰੂਪ ਨੂੰ ਨਹੀਂ ਭੁੱਲਦੇ, ਉਹ ਕੀਹਦੇ ਵਰਗੇ ਨੇ? ਮਹਾਰਾਜ ਕਹਿੰਦੇ, ***'ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥'*** ਭੇਦ ਨ ਜਾਣੋ, ਉਹ ਤਾਂ ਆਪ ਹੀ ਪਰਮੇਸ਼ਰ ਵਰਗੇ ਨੇ। ਕਿੱਡੀ ਵੱਡੀ ਵਡਿਆਈ ਪ੍ਰਾਪਤ ਹੋ ਜਾਂਦੀ ਹੈ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***
***ਪੰਨਾ – 273***

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ***

ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਹਨ, ਜਿਨ੍ਹਾਂ ਨੇ ਆਤਮਾ ਦੇ ਤੱਤ ਨੂੰ ਪਰਤੱਖ ਰੂਪ ਹਉਮੈ ਮੰਡਲ ਤੋਂ ਉਚਾ ਉਠ ਕੇ ਜਾਣ ਲਿਆ ਹੈ, ਉਸ ਦੇ ਵਿਚ ਤੇ ਮੇਰੇ ਵਿਚ ਤੇ ਵਾਹਿਗੁਰੂ ਵਿਚ ਕੋਈ ਭੇਤ ਨਹੀਂ। ਉਹ ਖਾਲਸ ਹੁੰਦੇ ਹਨ, ਉਨ੍ਹਾਂ ਨੂੰ ਖਾਲਸਾ ਆਖਿਆ ਜਾਂਦਾ ਹੈ। ਉਹ ਤਾਂ ਪ੍ਰਮਾਤਮਾ ਹੀ ਹੁੰਦੇ ਹਨ –

***ਜਿਨੀ ਆਤਮੁ ਚੀਨਿਆ ਪਰਮਾਤਮ ਸੋਈ॥***
***ਪੰਨਾ – 421***

ਜਿਨ੍ਹਾਂ ਨੇ ਪ੍ਰਮਾਤਮ ਰੂਪ ਨੂੰ ਆਪਣੇ ਅੰਦਰ ਪਛਾਣ ਲਿਆ ਅਤੇ ਪ੍ਰਮਾਤਮ ਰੂਪ ਹੋ ਗਏ, ਉਹ ਇਸ ਸੱਚ ਨੂੰ ਚਖ ਕੇ ਰੱਜ ਗਏ ਹਨ। ਮਨੋਨਾਸ਼, ਵਾਸ਼ਨਾ ਖ੍ਹੈ ਅਤੇ ਤੱਤ ਗਿਆਨ ਦਾ ਪ੍ਰਕਾਸ਼ ਹੋ ਗਿਆ। ਉਨ੍ਹਾਂ ਦੇ ਸਾਰੇ ਭਰਮਾਂ ਦਾ ਨਾਸ਼ ਹੋ ਕੇ 'ਸਭ ਗੋਬਿੰਦ ਹੈ' ਦੀ ਸੱਚੀ ਪਛਾਣ ਜਾਗ ਉਠੀ। ਉਹ ਅਭੇਦ ਅਵਸਥਾ ਦੇ ਮਾਨਣ ਵਾਲੇ ਹੋ ਗਏ।

***ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ॥***
***ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ॥***
***ਪੰਨਾ – 421***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਸਮਝਾਇਆ। ਕਹਿਣ ਲੱਗੇ, ਰਾਜਾ ਸ਼ਿਵਨਾਭ! ਨਾਮ ਦਾ ਇਹ ਮਾਰਗ, ਸੁਰਤਿ ਸ਼ਬਦ ਦਾ ਮਾਰਗ, ਮੁੱਖ ਰੂਪ ਵਿਚ ਭਗਤੀ ਤੇ ਸਿਮਰਨ ਦਾ ਮਾਰਗ ਹੈ। **ਸਿਮਰਨ ਪਹਿਲਾਂ ਮਾਲਾ ਦੇ ਨਾਲ ਹੁੰਦਾ ਹੈ।** ਪਹਿਲੀ ਜਮਾਤ ਦਾ ਵਿਦਿਆਰਥੀ ਜਿਵੇਂ ਗੀਠਿਆਂ ਨਾਲ ਲਿਖਦਾ ਹੈ। ਇਵੇਂ ਪ੍ਰਭੂ ਦਾ ਨਾਮ ਮਾਲਾ ਨਾਲ ਜਪਦਿਆਂ ਐਨਾ ਪਰਪੱਕ ਹੋ ਜਾਂਦਾ ਹੈ, ਇਸ ਨੂੰ ਫੇਰ ਮਾਲਾ ਦੀ ਲੋੜ ਨਹੀਂ ਰਹਿੰਦੀ। ਜਦੋਂ ਮਾਲਾ ਹੱਥ ਵਿਚੋਂ ਛੁਟ ਗਈ ਫੇਰ ਵਾਹਿਗੁਰੂ ਵਾਹਿਗੁਰੂ ਆਪੇ ਹੀ ਹੋਣ ਲਗ ਜਾਂਦਾ ਹੈ, ਹਰੀ ਦੇ ਨਾਮ ਦੇ ਅੱਖਰ ਹੀ ਅੱਲਾਹ ਬਣ ਜਾਂਦੇ ਹਨ। ਨਾਮ ਜਪਣ ਵਿਚ ਭੇਦ ਹੈ। ਜੇ ਬੈਖਰੀ ਬੋਲੀ ਵਿਚ ਦਸ ਵਾਰੀ ਵਾਹਿਗੁਰੂ ਦਾ ਨਾਮ ਜਪੋ ਤਾਂ ਇਕ ਵਾਰੀ ਮਧਮਾ ਬਾਨੀ ਵਿਚ ਜਪਣ ਨਾਲ ਹੋ ਜਾਇਆ ਕਰਦਾ ਹੈ।

***ਹਰਿ ਹਰਿ ਅਖਰ ਦੁਇ ਇਹ ਮਾਲਾ॥ ਪੰਨਾ – 388***

ਫੇਰ ਰਸਨਾ ਦੇ ਨਾਲ ਨਾਮ ਜਪ ਹੁੰਦਾ ਹੈ, ਬੋਲ ਕੇ ਹੁੰਦਾ ਹੈ। 'ਵਾਹਿਗੁਰੂ' ਸ਼ਬਦ ਦਾ ਕੀਰਤਨ ਕਰੋ। ਦਸ ਵਾਰੀ **ਬੈਖਰੀ ਬਾਣੀ ਵਿਚ, ਇਕ ਵਾਰੀ ਜੀਭ ਤੇ ਬੁੱਲ੍ਹਾਂ ਨਾਲ ਕਹਿ ਦੇਵੋ, ਇਸ ਦਾ ਫਲ ਦਸ ਵਾਰੀ ਕਹਿਣ ਦੇ ਬਰਾਬਰ ਹੋ ਜਾਏਗਾ। ਐਨਾ ਵੱਧ ਫਲ ਹੈ। ਫੇਰ ਇਸ ਤੋਂ ਬਾਅਦ ਬੋਲੇ ਤੋਂ ਬਿਨਾਂ, ਬੁੱਲ੍ਹ ਬੰਦ ਹੁੰਦੇ ਨੇ, ਰਸਨਾ ਹੌਲੀ-ਹੌਲੀ ਹਿੱਲੀ ਜਾਂਦੀ ਹੈ**



Sri Satguru Jagjit Singh Ji eLibrary NamdhariElibrary@gmail.com

**ਅੰਦਰ, ਪਤਾ ਨਹੀਂ ਲਗਦਾ। ਬੁੱਲ੍ਹ ਨਹੀਂ ਹਿਲਦੇ, ਰਸਨਾ ਹਿਲਦੀ ਹੈ। ਉਸ ਤੋਂ ਬਾਅਦ ਨਾਮ ਕੰਠ ਵਿਚ ਚਲਿਆ ਜਾਂਦਾ ਹੈ। ਫਲ 100 ਗੁਣਾਂ ਹੋਰ ਵਧ ਜਾਂਦਾ ਹੈ। ਫੇਰ ਹਿਰਦੇ ਵਿਚ ਚਲਿਆ ਜਾਂਦਾ ਹੈ। ਉਥੇ 1000 ਗੁਣਾਂ ਫਲ ਹੋਰ ਵਧ ਜਾਂਦਾ ਹੈ। ਜਦ ਨਾਭੀ ਵਿਚ ਸਿਮਰਨ ਹੋਣ ਲਗ ਜਾਂਦਾ ਹੈ – ਪਰਾ ਬਾਣੀ ਵਿਚ, ਉਸ ਵੇਲੇ 10000 ਗੁਣਾਂ ਫਲ ਹੋਰ ਵਧ ਜਾਂਦਾ ਹੈ। ਬਾਹਰ ਦਸ ਹਜ਼ਾਰ ਵਾਰੀ ਕਹੋ ਬੋਲ ਕੇ, ਪਰਾ ਬਾਣੀ ਵਿਚ ਇਕ ਵਾਰੀ ਕਹੋ, ਐਨਾ ਫਰਕ ਹੈ। ਆਗਿਆ ਚੱਕਰ ਦੇ ਅੰਦਰ ਹੋਰ ਫਲ ਵਧ ਜਾਂਦਾ ਹੈ। ਜਿਥੇ ਦੋਇ ਅੱਖਾਂ ਅਤੇ ਨੱਕ ਦੀ ਜੜ੍ਹ ਹੈ, ਉਥੇ ਨਾਮ ਦੀ ਧੁਨ ਸੁਣਦੀ ਹੈ। ਜਦੋਂ ਉਥੇ ਚਿੱਤ ਇਕਾਗਰ ਹੋ ਜਾਂਦਾ ਹੈ, ਨਿਸ਼ਾਨੀ ਇਹ ਹੁੰਦੀ ਹੈ ਕਿ ਉਸ ਨੂੰ ਨਾਮ ਆਪਣੇ ਅੰਦਰ ਆਪੇ ਸੁਣਨ ਲੱਗ ਜਾਂਦਾ ਹੈ, ਹੈਰਾਨ ਹੁੰਦਾ ਹੈ।** ਕਈ ਪ੍ਰੇਮੀ ਮੈਨੂੰ ਦੱਸਦੇ ਹਨ ਕਿ ਸਾਨੂੰ ਪਤਾ ਹੀ ਨਹੀਂ ਲਗਦਾ ਕਿ ਇਸ ਨਾਮ ਦੀ ਆਵਾਜ਼ ਕਿਥੋਂ ਆਈ ਜਾਂਦੀ ਹੈ। ਮੈਂ ਕਿਹਾ, ਤੁਹਾਡੇ ਅੰਦਰ ਨਾਮ ਪੱਕ ਗਿਆ ਪ੍ਰੇਮਿਓ! ਇਸ ਕਰਕੇ ਆਪੇ ਹੀ ਆਵਾਜ਼ ਆਈ ਜਾਂਦੀ ਹੈ। ਏਦੂੰ ਅਗਾਹਾਂ ਆਵਾਜ਼ ਵਧ ਜਾਂਦੀ ਹੈ –

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥***
***ਪੰਨਾ – 1420***

ਪਹਿਲਾਂ 'ਘੂੰ ਘੂੰ' ਕਰਦੇ ਹੁੰਦੇ ਸੀ ਲਕੜੀ ਦੇ ਹਲਟ। ਮਹਾਰਾਜ ਕਹਿੰਦੇ, ਇਹ ਵੀ 'ਤੂੰ ਤੂੰ ਤੂੰ' ਕਰਦਾ ਹੈ।

ਉਸਨੂੰ ਸਾਰਿਆਂ ਦੇ ਵਿਚੋਂ ਪਰਮੇਸ਼ਰ ਦੇ ਨਾਮ ਦੀ ਆਵਾਜ਼ ਆਉਂਦੀ ਹੈ ਕਿਉਂਕਿ ਇਕੋ ਸ਼ਬਦ ਹੀ ਹੈ ਜੋ ਸਭ ਦੇ ਅੰਦਰ ਵਸਦਾ ਹੈ। ਉਸ ਜੋਤਿ ਦੇ ਵਿਚੋਂ ਸ਼ਬਦ ਪੈਦਾ ਹੁੰਦਾ ਹੈ ਤਾਂ ਫੇਰ ਇਹ ਜਾਨਵਰ ਬੋਲਦੇ ਹੋਏ ਵੀ ਹੋਰ ਨਹੀਂ ਲਗਦੇ। ਇਹ ਵੀ ਇਉਂ ਲਗਦੇ ਨੇ ਜਿਵੇਂ ਭਜਨ ਕਰਦੇ ਹਨ –

***ਧਾਰਨਾ – ਨਾਮ ਹਰੀ ਦਾ ਜਪਦੇ,***
***ਸਾਰੇ ਵਣਾਂ ਦੇ ਪੰਖੇਰੂ –2, 2.***
***ਵਣਾਂ ਦੇ ਪੰਖੇਰੂ ਸਾਰੇ, ਵਣਾਂ ਦੇ ਪੰਖੇਰੂ –2, 2.***
***ਨਾਮ ਹਰੀ ਦਾ ਜਪਦੇ ,................–2.***

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਪੰਨਾ – 1265***

ਸੋ ਬਿਰਤੀ ਚੜ੍ਹ ਗਈ। ਇਸੇ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਕ੍ਰਿਪਾ ਕੀਤੀ ਰਾਜਾ ਸ਼ਿਵਨਾਭ ਤੇ। ਮੰਤਰ ਦੇ ਦਿਤਾ, ਨਾਮ ਜਪਣਾ ਸ਼ੁਰੂ ਕਰ ਦਿਤਾ ਉਸ ਨੇ। ਹੌਲੀ-ਹੌਲੀ ਮਹਾਰਾਜ ਦੇ ਸਤਿਸੰਗ ਦੇ ਅੰਦਰ ਬਿਰਤੀ ਚੜ੍ਹਨ ਦੇ ਨਾਲ ਕੀ ਹੋਇਆ ਕਿ ਸੁੰਨ ਮੰਡਲ ਵਿਚ ਵਾਸਾ ਹੋ ਗਿਆ ਜਿਸ ਨੂੰ 'ਗਗਨ ਮੰਡਲ' ਕਹਿੰਦੇ ਹਨ, 'ਨਿਜ ਘਰ' ਕਹਿੰਦੇ ਨੇ। ਉਸ ਵੇਲੇ ਮਨ ਰੁਕ ਗਿਆ ਸ਼ਬਦ ਦੇ ਬਲ ਨਾਲ ਤੇ ਨਿਜ ਘਰ ਵਿਚ ਵਾਸਾ ਹੋ ਗਿਆ। ਅਸੀਂ ਬਾਹਰ ਫਿਰਦੇ ਹਾਂ ਆਪਣੇ ਘਰ ਨੂੰ ਭੁੱਲੇ ਹੋਏ। ਉਸ ਵੇਲੇ ਦੀ ਅਵਸਥਾ ਇਸ ਤਰ੍ਹਾਂ ਨਾਲ ਮਹਾਰਾਜ ਫੁਰਮਾਨ ਕਰਦੇ ਹਨ –

***ਧਾਰਨਾ – ਨਿਜ ਘਰਿ ਓ ਵਾਸਾ ਹੋ ਗਿਆ –2, 2.***

***ਮਨ ਧਾਂਵਦਾ ਗੁਰਾਂ ਨੇ ਥੰਮ੍ਹਿਆ –2, 2.***
***ਨਿਜ ਘਰਿ ਓ ਵਾਸਾ ਹੋ ਗਿਆ,.......2***

ਨਿਰੁੱਧ ਅਵਸਥਾ ਵਿਚ ਲੀਨ ਹੋ ਗਿਆ। ਫੇਰ ਮਨ ਕਿਥੇ ਚਲਿਆ ਜਾਂਦਾ ਹੈ? ਆਪਣੇ ਨਿਜ ਘਰ ਵਿਚ ਚਲਿਆ ਜਾਂਦਾ ਹੈ। ਜਿੰਨਾ ਚਿਰ ਇਹ ਹਿਲਦਾ, ਜੁਲਦਾ ਹੈ, ਉਡਾਰੀਆਂ ਮਾਰਦਾ ਹੈ, ਓਨਾਂ ਚਿਰ ਬਾਹਰ ਤੁਰਿਆ ਫਿਰਦਾ ਹੈ, ਦੁਖੀ ਹੁੰਦਾ ਹੈ –

***ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ***
***ਨਿਜ ਘਰਿ ਵਸਿਆ ਆਏ॥***
***ਨਾਮ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥***
***ਧਾਵਤੁ ਥੰਮਿਆ ਸਤਿਗੁਰਿ ਮਿਲਿਐ***
***ਦਸਵਾ ਦੁਆਰੁ ਪਾਇਆ॥***
***ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ***
***ਜਿਤੁ ਸਬਦਿ ਜਗਤੁ ਥੰਮਿ ਰਹਾਇਆ॥***
***ਤਹ ਅਨੇਕ ਵਾਜੇ ਸਦਾ ਅਨਦੁ ਹੈ***
***ਸਚੇ ਰਹਿਆ ਸਮਾਏ॥***
***ਇਉ ਕਹੈ ਨਾਨਕੁ ਸਤਿਗੁਰਿ ਮਿਲਿਐ***
***ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥***
***ਪੰਨਾ – 440-41***

ਜਦੋਂ ਪੂਰਾ ਸਤਿਗੁਰੂ ਮਿਲ ਗਿਆ, ਮਨ ਧਾਂਵਦਾ ਹੋਇਆ ਖੜ੍ਹ ਗਿਆ –

***ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥***
***ਪੰਨਾ – 440***



Sri Satguru Jagjit Singh Ji eLibrary NamdhariElibrary@gmail.com

ਹੁਣ ਨਾਮ ਵਿਚ ਨਿਵਾਸ ਹੋਣ ਤੇ ਪ੍ਰਕਾਸ਼ ਹੋ ਗਿਆ ਅਤੇ ਸਾਰੇ ਹੀ ਵਾਹਿਗੁਰੂ ਦੇਖਦਾ ਹੈ। ਆਪਣੇ ਸਰੂਪ ਨੂੰ ਨਹੀਂ ਭੁੱਲਦਾ, ਵਾਹਿਗੁਰੂ ਨੂੰ ਨਹੀਂ ਭੁੱਲਦਾ। ਇਕ ਲੜੀ ਵਿਚ ਪ੍ਰੋਤੇ ਹੋਏ ਸਾਰੇ ਸੰਸਾਰ ਨੂੰ ਦੇਖਦਾ ਹੈ–

***ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ***
***ਦਸਵਾ ਦੁਆਰੁ ਪਾਇਆ॥ ਪੰਨਾ – 441***

ਫੇਰ ਕੀ ਹੁੰਦਾ ਹੈ? ***'ਦਸਵਾ ਦੁਆਰੁ ਪਾਇਆ।'*** ਇਹ ਜਿਹੜਾ ਦਸਵਾਂ ਦੁਆਰਾ ਹੈ, ਉਥੇ ਵਾਜਾ ਮਿਲ ਗਿਆ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***(ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥)***
***ਪੰਨਾ – 954***

ਉਹ ਦੁਆਰਾ ਮਿਲ ਗਿਆ ਜਿਹੜਾ ਕਠਨ ਸਾਧਨਾ ਕਰਕੇ ਮਸਾਂ ਪ੍ਰਾਪਤ ਹੁੰਦਾ ਹੈ। ਉਥੇ ਨਿਸ਼ਾਨੀ ਕੀ ਹੈ?

***ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ***
***ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥ ਪੰਨਾ – 441***

ਓਥੇ ਨਾਮ ਦਾ ਭੋਜਨ ਹੈ, ਓਥੇ ਨਾਮ ਦਾ ਰਸ ਹੈ ਤੇ ਸਹਜ ਧੁਨਿ ਵਜ ਰਹੀ ਹੈ – ਨਾਮ ਦੀ ***'ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ'*** ਉਹ ਸ਼ਬਦ ਦੀ ਧੁਨ ਓਥੇ ਸੁਣਾਈ ਦਿੰਦੀ ਹੈ ਜਿਹੜਾ ਪਹਿਲੇ ਦਿਨ ਅਕਾਲ ਪੁਰਖੁ ਨੇ ਓਅੰਕਾਰ ਕਹਿ ਕੇ ਸੰਸਾਰ ਦਾ ਪਸਾਰਾ ਕਰਿਆ ਸੀ; ਯਾਨਿ ਆਪਣੇ ਮੂਲ ਵਿਚ ਸਮਾਅ ਗਿਆ –

***ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ॥***
***ਪੰਨਾ – 441***

ਕੀ ਓਥੇ ਸੁੰਨ-ਮੁੰਨ ਹੈ, zero ਹੈ? –

ਕਹਿੰਦੇ, ਨਾ, ਓਥੇ ਤਾਂ ਵਾਜਿਆਂ ਦਾ, ਰਾਗਾਂ ਦਾ, ਸਾਜ਼ਾਂ ਦਾ ਕੋਈ ਹਿਸਾਬ ਹੀ ਨਹੀਂ।

***'ਤਿਥੇ ਨਾਦ ਬਿਨੋਦ ਕੋਡ ਅਨੰਦ॥'*** ਕ੍ਰੋੜਾਂ ਅਨੰਦ ਨੇ ਓਥੇ। ਗਿਣਤੀ ਮਿਣਤੀ ਤੋਂ ਬਾਹਰ ਦੀਆਂ ਚੀਜ਼ਾਂ ਨੇ। ***'ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ।।'*** ਵਾਹਿਗੁਰੂ ਵਿਚ ਸਮਾਅ ਜਾਏਗਾ –

***ਇਉ ਕਹੈ ਨਾਨਕੁ ਸਤਿਗੁਰਿ ਮਿਲਿਐ***
***ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥***
***ਪੰਨਾ – 441***

ਜਿਹੜਾ ਨਿਜ ਘਰ ਵਿਚ ਚਲਾ ਗਿਆ, ਆਤਮ ਅਰੂੜ ਅਵਸਥਾ ਵਿਚ ਸਮਾਅ ਗਿਆ, ਉਸ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ। ਉਸ ਨੂੰ ਦੂਜਾ ਨਹੀਂ ਨਜ਼ਰ ਆਉਂਦਾ, ਇਕੋ ਨਜ਼ਰ ਆਉਂਦਾ ਹੈ ਜੋ ਸਤਿ ਹੈ, ਅਨੁਮਾਨ ਮਾਤਰ ਨਹੀਂ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਚ ਬੜਾ ਭਿਆਨਕ ਯੁੱਧ ਹੋਇਆ। ਉਸ ਯੁੱਧ ਦੇ ਅੰਦਰ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਛੇ ਮਹੀਨੇ ਦਾ ਘੇਰਾ ਪਾਇਆ ਹੋਇਆ ਹੈ, ਰਸਦ ਅੰਦਰੋਂ ਮੁੱਕ ਗਈ, ਪੱਠੇ ਮੁੱਕ ਗਏ। ਘੋੜੇ ਮਰਨ ਲੱਗ ਗਏ ਤੇ ਸਿੰਘਾਂ ਨੇ ਆਪਣੇ ਸਰੀਰ ਨੂੰ ਕਾਇਮ ਰੱਖਣ ਲਈ ਪੱਤੇ ਉਬਾਲ-ਉਬਾਲ ਕੇ ਪੀ ਲਏ, ਦਰਖਤਾਂ ਦੀਆਂ ਛਿੱਲਾਂ ਲਾਹ-ਲਾਹ ਕੇ, ਰਗੜ-ਰਗੜ ਕੇ ਪੇਟ ਦੇ ਵਿਚ ਪਾ ਲਈਆਂ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਇਕ ਦਿਨ ਦੇਖਣ ਲੱਗੇ ਤੇ ਕਹਿੰਦੇ ਕਿ ਇਹ ਦਰਖਤਾਂ ਦੇ ਪੱਤੇ ਕਿਥੇ ਗਏ?

ਕਹਿੰਦੇ, ਮਹਾਰਾਜ, ਤੇਰੇ ਖਾਲਸੇ ਨੇ ਆਪਣੇ ਸਰੀਰ ਨੂੰ ਰੱਖਣ ਵਾਸਤੇ, ਆਪ ਜੀ ਦੇ ਜ਼ਿਆਦਾ ਕੰਮ ਵਿਚ ਆਉਣ ਵਾਸਤੇ ਪੱਤੇ ਤੇ ਦਰਖਤਾਂ ਦੀਆਂ ਛਿੱਲਾਂ ਖਾ ਲਈਆਂ ਹਨ, ਉਨ੍ਹਾਂ ਨੇ ਇਸ ਦੇ ਨਾਲ ਆਪਣਾ ਨਿਰਬਾਹ ਕਰਿਆ ਹੈ। ਐਧਰਲੇ ਪਾਸੇ ਦੁਸ਼ਮਣ ਫੌਜਾਂ ਲਈ ਬੜਾ ਲੰਮਾ ਘੇਰਾ ਹੋ ਗਿਆ, ਉਹ ਭੀ ਥੱਕ ਗਏ।

ਆਕਰਮਣਕਾਰੀ ਫੌਜੀ ਜਰਨੈਲ ਕਹਿਣ ਲੱਗੇ ਕਿ ਦੋ ਟੁੱਕ ਫੈਸਲਾ ਕਰੀਏ, ਹੁਣ ਤਾਂ ਸਿੰਘ ਥੋੜ੍ਹੇ ਹੀ ਰਹਿ ਗਏ। ਸਿੰਘਾਂ ਵਲੋਂ ਪਹਿਲਾਂ ਜਿੰਨੇ ਹੱਲੇ ਨਹੀਂ ਹੁੰਦੇ ਹੁਣ ਸਾਡੇ ਉੱਤੇ। ਉਸ ਵੇਲੇ ਰੋਪੜ ਦਾ ਇਕ ਪਠਾਣ ਮੁਗਲ ਖਾਨ ਜਰਨੈਲ ਸੀ, ਉਸ ਨੇ ਬੀੜਾ ਚੁੱਕਿਆ ਕਿ ਅੱਜ ਮੈਂ ਗੁਰੂ ਗੋਬਿੰਦ ਸਿੰਘ ਨੂੰ ਫੜ ਕੇ ਲਿਆਵਾਂਗਾ ਜਾਂ ਸ਼ਹੀਦ ਕਰਾਂਗਾ। ਵੱਡੀ ਭਾਰੀ ਸੈਨਾ ਲੈ ਕੇ ਚੜ੍ਹਾਈ ਕਰ ਦਿਤੀ। ਓਧਰੋਂ ਮਹਾਰਾਜ ਦੀ ਅਗਵਾਈ ਹੇਠ, ਮਹਾਰਾਜ ਜੀ ਦੀ ਛਤਰ-ਛਾਇਆ ਦੇ ਹੇਠ ***'ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।'*** ਮੁਕਾਬਲਾ ਕਰਨ ਲਈ ਸਿੰਘਾਂ ਨੇ ਸਿਰ ਧੜ ਦੀ ਬਾਜੀ ਲਾ ਦਿਤੀ।

ਕਿਉਂਕਿ ਬਲ ਸਾਰਾ ਗੁਰੂ ਦਾ ਹੋਇਆ ਕਰਦਾ ਹੈ, ਆਪਣਾ ਨਿਜ ਬਲ ਨਹੀਂ ਹੋਇਆ ਕਰਦਾ। ਨਿਜ ਬਲ ਵਾਲੇ ਹਾਰ ਜਾਇਆ ਕਰਦੇ ਨੇ, ਗੁਰੂ ਦੇ ਬਲ ਵਾਲੇ ਜਿੱਤ ਜਾਇਆ ਕਰਦੇ ਹਨ। ਸੋ ਉਸ ਵੇਲੇ ਗੁਰੂ ਦੇ ਭਰੋਸੇ ਉੱਤੇ ਸਿਰ ਤਲੀ ਤੇ ਧਰ ਕੇ ਖਾਲਸਾ ਅੱਗੇ ਵਧ-ਵਧ ਕੇ ਸ਼ਹੀਦੀਆਂ ਪਾ ਰਿਹਾ ਹੈ। ਬੜਾ ਭਿਆਨਕ ਯੁੱਧ ਹੋਇਆ ਤੇ ਉਸ ਯੁੱਧ ਦੇ ਵਿਚ ਮੁਗਲਖਾਨ ਜ਼ਖਮੀ ਹੋ ਗਿਆ। ਮਾਰਿਆ ਨਹੀਂ, ਕਹਿਣ ਲੱਗੇ, ਇਹ ਹੁਣ ਜ਼ਖਮਾਂ ਨਾਲ ਹੀ ਮਰ ਜਾਏਗਾ। ਮਰਨ ਦਿਓ ਇਹਨੂੰ, ਥੋੜ੍ਹਾ ਬਹੁਤਾ ਪਛਤਾਵਾ ਇਸ ਦੇ ਮਨ ਵਿਚ ਆਵੇ। ਸ਼ਾਮ ਹੋ ਗਈ, ਬਿਗਲ ਵਜ ਗਿਆ। ਸਾਰੇ ਜਥੇ ਕਿਲੇ ਅੰਦਰ ਆ ਗਏ। ਜ਼ਖਮੀਆਂ ਨੂੰ ਚੁੱਕਣ ਵਾਲੇ ਡੋਲੀਆਂ ਲੈ ਕੇ ਮੈਦਾਨੇ-ਜੰਗ ਵਿਚ ਘੁੰਮ ਰਹੇ ਹਨ। ਆਪਣੇ-ਆਪਣੇ ਜ਼ਖਮੀ ਸੂਰਬੀਰਾਂ ਨੂੰ ਪਛਾਣ ਕੇ ਚੁੱਕੀ ਜਾਂਦੇ ਨੇ। ਦੋਇ ਧਿਰਾਂ, ਸਿੰਘ ਵੀ ਚੁੱਕ ਰਹੇ ਨੇ ਤੇ ਮੁਗਲ ਆਕਰਮਣਕਾਰੀ ਵੀ ਚੁੱਕ ਰਹੇ ਨੇ। ਫੇਰ ਓਥੇ ਲੜਾਈ ਦਾ ਵਾਤਾਵਰਨ ਨਹੀਂ ਹੁੰਦਾ। ਫੇਰ ਮਿੱਤਰਾਂ ਦਾ ਵਾਤਾਵਰਨ ਹੁੰਦਾ ਹੈ। ਆਵਾਜ਼ ਦਿਤੀ ਜਾਂਦੀ ਹੈ ਕਿ ਪ੍ਰੇਮੀਓ! ਤੁਹਾਡਾ ਬੰਦਾ ਸਹਿਕ ਰਿਹਾ ਹੈ, ਇਸ ਨੂੰ ਚੁੱਕ ਲਓ। ਸੋ ਉਸ ਵੇਲੇ ਖਾਲਸਾ ਫੌਜਾਂ ਦੇ ਜਥੇਦਾਰ ਗੁਰੂ ਮਹਾਰਾਜ ਦੇ ਦੁਆਲੇ ਰਾਤ ਨੂੰ ਇਕੱਠੇ ਹੋਏ ਬੈਠੇ ਨੇ। ਮਹਾਰਾਜ ਕਹਿੰਦੇ, ਯੁੱਧ ਹੋਇਆ



Sri Satguru Jagjit Singh Ji eLibrary NamdhariElibrary@gmail.com

ਕਿਵੇਂ ਭਾਈ, ਦੱਸੋ। ਸਾਰਿਆਂ ਨੇ ਦੱਸਿਆ ਤੇ ਨਾਲ ਇਕ ਸ਼ਿਕਾਇਤ ਕੀਤੀ। ਕਹਿਣ ਲੱਗੇ ਕਿ ਪਾਤਿਸ਼ਾਹ! ਇੱਕ ਸਿੱਖ ਹੈ ਆਪਣੇ ਵਿਚ, ਤੇ ਅਸੀਂ ਇਹ ਸਮਝਦੇ ਹਾਂ ਕਿ ਉਹ ਸ਼ਾਇਦ ਜਾਸੂਸ ਹੈ, ਦੁਸ਼ਮਣ ਨੂੰ ਸਾਡਾ ਭੇਤ ਦਿੰਦਾ ਹੈ। ਗੁਰੂ ਮਹਾਰਾਜ ਨੇ ਕਿਹਾ, "ਤੁਹਾਨੂੰ ਕਿਵੇਂ ਪਤਾ ਹੈ?" "ਮਹਾਰਾਜ! ਮਸ਼ਕ ਚੁੱਕੀ ਹੋਈ ਹੈ ਉਸ ਨੇ, ਜਦੋਂ ਅਸੀਂ ਪਾਣੀ ਦੀ ਆਵਾਜ਼ ਦਿੰਦੇ ਸੀ ਤਾਂ ਪਹਿਲਾਂ ਜੇ ਕੋਈ ਗਿਰਿਆ ਹੋਇਆ ਹੈ ਮੁਗਲ ਫੌਜ ਦਾ, ਪਹਾੜੀ ਫੌਜ ਦਾ, ਪਾਣੀ ਮੰਗ ਲਵੇ ਉਹ ਉਸ ਨੂੰ ਪਹਿਲਾਂ ਪਾਣੀ ਪਿਲਾਉਂਦਾ ਸੀ, ਫੇਰ ਸਾਡੇ ਕੋਲ ਆਉਂਦਾ ਸੀ। ਮਹਾਰਾਜ! ਬੜੀ ਮਾੜੀ ਗੱਲ ਹੈ। ਮਾਰ ਕੇ ਅਸੀਂ ਸੁੱਟਦੇ ਹਾਂ, ਇਹ ਪਾਣੀ ਪਿਲਾ ਦਿੰਦਾ ਹੈ, ਉਹ ਫੇਰ ਤਕੜੇ ਹੋ ਜਾਂਦੇ ਹਨ। ਮੂਰਛਤ ਕਰਦੇ ਹਾਂ ਉਹ ਫੇਰ ਪਾਣੀ ਪਿਲਾ ਦਿੰਦਾ ਹੈ।"

"ਕੌਣ ਹੈ, ਕੀ ਨਾਉਂ ਹੈ ਉਸਦਾ?"

"ਉਸ ਦਾ ਨਾਉਂ ਘਨਈਆ ਹੈ, ਮਹਾਰਾਜ!"

"ਜਾਓ, ਸਾਡੇ ਪੇਸ਼ ਕਰੋ।"

ਹੁਕਮ ਹੋ ਗਿਆ। ਦੋ ਸਿੰਘ ਕਾਹਲ ਨਾਲ ਗਏ। ਡੇਰੇ ਜਾ ਕੇ ਪਤਾ ਕੀਤਾ, ਉਥੇ ਦੇ ਸਿੰਘ ਨੇ ਕਿਹਾ ਕਿ ਭਾਈ ਘਨਈਆ ਤਾਂ ਅਜੇ ਆਇਆ ਹੀ ਨਹੀਂ। ਮੈਦਾਨੇ ਜੰਗ ਵਿਚ ਚਲੇ ਗਏ। ਰਾਤ ਦਾ ਹਨ੍ਹੇਰ ਘੁੱਪ ਪਿਆ ਹੈ। ਹਥ ਮਾਰਿਆ ਨਜ਼ਰ ਨਹੀਂ ਆਉਂਦਾ। ਲੇਕਿਨ ਦੂਰ ਇਕ ਆਵਾਜ਼ ਇਸ ਤਰ੍ਹਾਂ ਸੁਣਾਈ ਦਿੰਦੀ ਹੈ -

***ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ,***
***ਤੂੰ ਹੀ ਤੂੰ ਹੀ ਮੋਹਿਨਾ -2, 2.***

ਜਾ ਕੇ ਦੇਖਿਆ। ਹੈਰਾਨ ਹੋ ਗਏ। ਉਸੇ ਮੁਗਲ ਖਾਂ ਨੂੰ ਪਾਣੀ ਪਿਲਾ ਰਿਹਾ ਹੈ। ਉਸ ਦਾ ਸਿਰ ਪੱਟ ਦੇ ਉੱਤੇ ਰੱਖਿਆ ਹੋਇਆ ਹੈ। ਮੂਰਛਾ ਖੋਲ੍ਹ ਕੇ, ਦੰਦਾਂ ਨੂੰ ਖੋਲ੍ਹ ਕੇ ਮੂੰਹ ਵਿਚ ਪਾਣੀ ਪਾ ਰਿਹਾ ਹੈ - ਚੂਲੀਆਂ ਭਰ-ਭਰ ਕੇ। ਜਦੋਂ ਮੁਗਲ ਖਾਨ ਹੋਸ਼ ਵਿਚ ਆਇਆ, ਕਹਿਣ ਲੱਗਿਆ, "ਕੌਣ?" ਜਰਨੈਲ ਸੀ ਫੇਰ ਵੀ, ਰੁਹਬਦਾਰ ਸੀ।

ਭਾਈ ਘਨਈਏ ਨੇ ਕਿਹਾ, "ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਅਦਨਾ ਜਿਹਾ ਸਿੱਖ ਹਾਂ।"

ਕਹਿੰਦਾ, "ਹੈਂ! ਗੁਰੂ ਗੋਬਿੰਦ ਸਿੰਘ ਦਾ ਸਿੱਖ ਤੇ ਮੈਨੂੰ ਪਾਣੀ ਪਿਲਾਵੇ? ਪ੍ਰੇਮੀਆਂ! ਮੈਂ ਤਾਂ ਅੱਜ ਪ੍ਰਣ ਕਰਕੇ ਆਇਆ ਸੀ ਕਿ ਅੱਜ ਗੁਰੂ ਗੋਬਿੰਦ ਸਿੰਘ ਨੂੰ ਜਿਉਂਦਾ ਜਾਂ ਸ਼ਹੀਦ ਕਰਕੇ ਲੈ ਜਾਣਾ ਹੈ। ਤੂੰ ਮੈਨੂੰ ਪਾਣੀ ਪਿਲਾ ਰਿਹਾ ਹੈਂ?"

"ਮੇਰੇ ਗੁਰੂ ਦਾ ਹੁਕਮ ਹੈ। ਮੇਰੇ ਗੁਰੂ ਦੀ ਨਿਗਾਹ ਦੇ ਅੰਦਰ ਕੋਈ ਦੁਸ਼ਮਣ ਨਹੀਂ ਹੈ, ਸਾਰੇ ਹੀ ਮਿੱਤਰ ਨੇ -

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥ ਪੰਨਾ - 1299***

ਸਾਡੇ ਗੁਰੂ ਨੇ ਸਾਡੇ ਮਨ ਨੂੰ ਸਾਫ ਕਰਕੇ ਇਉਂ ਸਮਝਾ ਦਿਤਾ -

***ਧਾਰਨਾ - ਨ ਦਿਸੇ ਬਿਗਾਨਾ ਓ,***
***ਨ ਕੋਈ ਵੈਰੀ, ਨ ਕੋਈ ਵੈਰੀ -2, 2.***
***ਨ ਕੋਈ ਵੈਰੀ, ਨ ਕੋਈ ਵੈਰੀ -2, 2.***
***ਨ ਦਿਸੇ ਬਿਗਾਨਾ ਓ,...............-2.***

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299***

ਮੁਗਲ ਖਾਨ! ਸਾਡਾ ਗੁਰੂ ਕਹਿੰਦਾ ਹੈ ਕਿ ਸੰਸਾਰ ਤੇ ਵੈਰੀ ਕੋਈ ਨਹੀਂ ਹੈ, ਸਭ ਆਪਣਾ ਆਪ ਹੈ, ਦੂਜਾ ਹੈ ਹੀ ਨਹੀਂ।"

ਕਹਿਣ ਲੱਗਿਆ, "ਭਾਈ ਘਨ੍ਹਈਆ! ਇਹ ਤੂੰ ਪਾਣੀ ਨਹੀਂ ਪਿਲਾਉਂਦਾ, ਇਹ ਤੂੰ ਆਬ-ਏ-ਹਯਾਤ (ਅੰਮ੍ਰਿਤ) ਪਿਲਾ ਰਿਹਾ ਹੈਂ, ਮੇਰਾ ਦੁੱਖ ਦੂਰ ਕਰ ਰਿਹਾ ਹੈਂ, ਮੇਰੇ ਮਨ ਤੋਂ ਮੈਲ ਦੂਰ ਕਰ ਰਿਹਾ ਹੈਂ, ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰ ਆਉਣ ਲੱਗ ਗਿਆ ਹੈ। ਜਿਉਂ-ਜਿਉਂ ਪਾਣੀ ਪਿਲਾਉਂਦਾ ਹੈਂ, ਤਿਉਂ-ਤਿਉਂ ਮੈਂ ਉਸ ਦਾ ਖ਼ਾਦਮ ਬਣਦਾ ਜਾਂਦਾ ਹਾਂ, ਮੇਰੀ ਵੀ ਮੈਲ ਤੂੰ ਕੱਟਦਾ ਜਾਂਦਾ ਹੈਂ।"

ਐਨੀ ਬਾਤ ਹੋਈ ਸੀ ਕਿ ਉਸੇ ਵੇਲੇ ਸਿੰਘਾਂ ਨੇ ਆ ਕੇ ਮਹਾਰਾਜ ਜੀ ਦਾ ਹੁਕਮ ਸੁਣਾ ਦਿਤਾ। ਉਹ ਸਿੰਘ ਭਾਈ ਘਨਈਏ ਨੂੰ ਮਹਾਰਾਜ ਜੀ ਕੋਲ ਲੈ ਆਏ। ਗੁਰੂ ਮਹਾਰਾਜ ਨੇ ਕਿਹਾ, "ਕਿਉਂ ਭਾਈ ਘਨ੍ਹਈਆ! ਤੇਰੀ ਸ਼ਿਕਾਇਤ ਆਈ ਹੈ।"

"ਮਹਾਰਾਜ! ਅਸੀਂ ਤਾਂ ਭਰੇ ਹੋਏ ਹਾਂ ਔਗੁਣਾਂ ਦੇ, ਸਦਾ ਹੀ ਔਗੁਣਾਂ ਦੇ ਭਰੇ ਹੋਏ ਹਾਂ।"

"ਤੂੰ ਪਾਣੀ ਪਿਲਾਉਂਦਾ ਸੀ ਮੁਗਲਾਂ ਨੂੰ?"

"ਨ ਮਹਾਰਾਜ।"

"ਫੇਰ ਪਹਾੜੀਆਂ ਨੂੰ ਪਾਣੀ ਪਿਲਾਉਂਦਾ ਸੀ?"

"ਨ ਮਹਾਰਾਜ।"

"ਫੇਰ ਖਾਲਸੇ ਨੂੰ ਪਾਣੀ ਪਿਲਾਇਆ ਹੈ?"

"ਨਹੀਂ ਮਹਾਰਾਜ।"

"ਫੇਰ ਸਾਰਾ ਦਿਨ ਕਿਸ ਨੂੰ ਪਾਣੀ ਪਿਲਾਉਂਦਾ ਰਿਹਾ ਹੈਂ?"

"ਪਾਤਿਸ਼ਾਹ! ਆਪ ਜੀ ਦੇ ਸਨਮੁਖ ਸੱਚ ਕਹਿੰਦਾ ਹਾਂ, ਜਦ ਤੋਂ ਤੂੰ ਮੇਰੇ ਨੇਤਰਾਂ ਦਾ ਓਪਰੇਸ਼ਨ ਕੀਤਾ ਹੈ ਤੇ ਮੇਰੇ ਨੇਤਰਾਂ ਦਾ ਮੋਤੀਆਬਿੰਦ ਲਾਹ ਦਿਤਾ ਤੇ ਮੇਰੇ ਗਿਆਨ ਦਾ ਸੁਰਮਾ ਪਾ ਕੇ ਰੋਸ਼ਨੀ ਕਰ ਦਿਤੀ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ - 293***

ਉਦੋਂ ਤੋਂ ਮੇਰੇ ਮਨ ਦੇ ਅੰਦਰ ਪ੍ਰਕਾਸ਼ ਹੋ ਗਿਆ,



Sri Satguru Jagjit Singh Ji eLibrary NamdhariElibrary@gmail.com

ਪਾਤਸ਼ਾਹ! ਹੁਣ ਮੇਰੀ ਦ੍ਰਿਸ਼ਟੀ ਹੋਰ ਤਰ੍ਹਾਂ ਦੀ ਹੋ ਗਈ। ਮੈਨੂੰ ਹਰ ਘਟ ਵਿਚ, ਪਉਣ ਪਾਣੀ ਵਿਚ, ਪਰਬਤਾਂ, ਬਨਸਪਤੀ ਵਿਚ, ਸਮੁੰਦਰ ਦੇ ਜੀਆਂ ਵਿਚ ਇਕੋ ਤੂੰ ਹੀ ਨਜ਼ਰੀਂ ਪੈਂਦਾ ਹੈਂ, ਦੂਜਾ ਦ੍ਰਿਸ਼ਟੀ ਆ ਹੀ ਨਹੀਂ ਰਿਹਾ, ਤੂੰ ਹੀ ਤੂੰ ਹੈਂ, ਹੋਰ ਕੋਈ ਹੈ ਹੀ ਨਹੀਂ।"

***ਧਾਰਨਾ – ਗੁਰਾਂ ਨੇ ਮੇਰੇ ਓ, ਨੈਣ ਖੋਲ੍ਹ 'ਤੇ –2, 2.***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ –2, 2.***
***ਗੁਰਾਂ ਨੇ ਮੇਰੇ ਓ,...........–2.***

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥ ਪੰਨਾ – 407***

"ਪਾਤਸ਼ਾਹ! ਜਦ ਤੋਂ ਮੇਰੇ ਨੇਤਰਾਂ ਅੰਦਰ ਗਿਆਨ ਦਾ ਸੂਰਮਾ ਪਾਇਐ, ਮੇਰੇ ਦਿਬਯ ਨੈਣ ਖੁਲ੍ਹ ਗਏ। ਤੂੰ ਸਾਰਿਆਂ ਦੇ ਅੰਦਰ ਲੁੱਕਿਆ ਬੈਠਾ ਹੈਂ, ਪੜ੍ਹਦਾ ਕਰੀਂ ਬੈਠਾ ਹੈਂ, ਭਰਮ ਪਾ ਦਿਤਾ ਕਿ ਮੈਂ ਦੂਰ ਹਾਂ, ਪਰ ਤੂੰ ਤਾਂ ਸਾਰੀਆਂ ਘਟਾਂ 'ਚ ਹੈਂ, ਮੈਨੂੰ ਤੇਰੇ ਬਗੈਰ ਕੋਈ ਦਿਸਦਾ ਹੀ ਨਹੀਂ। ਪਾਤਸ਼ਾਹ! ਜੇ ਮੈਂ ਪਾਣੀ ਪਿਲਾਇਐ ਤਾਂ ਮੈਂ ਸਾਰਾ ਪਾਣੀ ਤੈਨੂੰ ਹੀ ਪਿਲਾਇਆ ਹੈ।" ਇਹ ਸੁਣ ਕੇ ਮਹਾਰਾਜ ਉਠ ਕੇ ਖੜ੍ਹੇ ਹੋ ਗਏ, ਬੁੱਕਲ 'ਚ ਲੈ ਲਿਆ, ਕਹਿਣ ਲੱਗੇ, ਗੁਰਸਿੱਖਾ! ਨਿਹਾਲ! ਨਿਹਾਲ! ਨਿਹਾਲ। ਤੇਰਾ ਤੇ ਮੇਰਾ ਹੁਣ ਕੋਈ ਫਰਕ ਨਹੀਂ ਰਿਹਾ।

***ਦਾਸ ਅਨਿੰਨ ਮੇਰੋ ਨਿਜ ਰੂਪ॥ ਪੰਨਾ – 1252***

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ ਸਰਬ ਲੋਹ ਗ੍ਰੰਥ***

***ਧਾਰਨਾ – ਮੇਰਾ ਹੀ ਰੂਪ ਹੈ,***
***ਮੇਰੇ ਹੀ ਬਣ ਗਏ ਜਿਹੜੇ –2, 2.***
***ਮੇਰੇ ਹੀ ਬਣ ਗਏ ਜਿਹੜੇ –2, 2.***
***ਮੇਰਾ ਹੀ ਰੂਪ ਹੈ,........2.***

"ਸਾਧਸੰਗਤ ਜੀ! ਇਹ ਖਾਲਸਾ ਪਦਵੀ ਤੇ ਪਹੁੰਚ ਗਿਆ, ਮੇਰੇ ਤੇ ਇਹਦੇ ਵਿਚ ਭਾਈ ਕੋਈ ਫਰਕ ਨਹੀਂ ਰਿਹਾ। ਭਾਈ ਘਨਈਆ! ਆਹ ਲੈ ਪੱਟੀਆਂ, ਆਹ ਲੈ ਮਲ੍ਹਮਾਂ, ਅੱਜ ਤੋਂ ਬਾਅਦ ਮੇਰੇ ਜ਼ਖਮਾਂ ਤੇ ਮਲ੍ਹਮ ਵੀ ਲਾਈਂ ਤੇ ਪੱਟੀਆਂ ਵੀ ਬੰਨ੍ਹੀਂ ਤੇ ਜਲ ਵੀ ਪਿਲਾਈਂ। ਗੁਰੂ ਤੇਰੀ ਸੇਵਾ ਦੇ ਵਿਚ ਬਰਕਤ ਪਾਵੇ।" ਇਹਨੂੰ ਨਿਜ ਘਰ ਦਾ ਵਾਸਾ ਕਹਿੰਦੇ ਹਨ।

ਰਾਜੇ ਸ਼ਿਵਨਾਭ ਨੂੰ ਗੁਰੂ ਮਹਾਰਾਜ ਨੇ ਇਥੇ ਪਹੁੰਚਾ ਦਿਤਾ। ਜਦੋਂ ਸੁਰਤ ਪਹੁੰਚੀ, ਦ੍ਰਿਸ਼ਟੀ ਬਦਲ ਗਈ, ਦ੍ਰਿਸ਼ਟੀ ਦੇ ਵਿਚ ਨਜ਼ਰ ਕੀ ਆਉਂਦਾ ਹੈ ਕਿ ਸਾਰੇ ਹੀ ਗੁਰੂ ਨਾਨਕ ਹੈ, ਜਿਧਰ ਦੇਖਦਾ ਹੈ ਇਕੋ ਹੀ ਨਜ਼ਰ ਆਉਂਦੈ, ਭਰਮ ਭੇਦ ਚੁੱਕਿਆ ਗਿਆ, ਇਕੋ ਹੀ ਨਜ਼ਰ ਆਉਂਦਾ ਹੈ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥***
***ਪੰਨਾ – 290***

***ਧਾਰਨਾ – ਧਰਤ ਪਤਾਲ ਅਕਾਸ ਜਿਧਰ ਦੇਖਦਾ,***
***ਤੈਥੋਂ ਬਿਨਾਂ ਹੋਰ ਨ ਦਿਸੇ –2, 2.***
***ਮੇਰੇ ਸਾਹਿਬਾ, ਤੈਥੋਂ ਬਿਨਾਂ ਹੋਰ ਨਾ ਦਿਸੇ –2, 2.***
***ਧਰਤ ਪਤਾਲ ਅਕਾਸ ਜਿਧਰ ਦੇਖਦਾ,...–2.***



Sri Satguru Jagjit Singh Ji eLibrary NamdhariElibrary@gmail.com

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 293***

ਦ੍ਰਿਸ਼ਟੀ ਖੁਲ੍ਹ ਗਈ -

***ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ॥***
***ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਊ॥***
***ਪੰਨਾ - 535***

ਸੋ ਬਜਰ ਕਪਾਟ ਖੁਲ੍ਹ ਗਏ, ਅਵਸਥਾ ਉਚੀ ਹੋ ਗਈ, ਨਿਜ ਘਰ 'ਚ ਵਾਸਾ ਹੋ ਗਿਆ, ਪ੍ਰਮੇਸ਼ਰ ਦਾ ਰੂਪ ਹੋ ਗਿਆ। ਇਸ ਤਰ੍ਹਾਂ ਖੁਸ਼ੀ ਦੇ ਅੰਦਰ ਆਪਣੀ ਹਾਲਤ ਦਸਦਾ ਹੈ -

***ਧਾਰਨਾ - ਖੁਲ੍ਹ ਗਏ ਬਜਰ ਕਪਾਟ,***
***ਮਿਲ ਕੇ ਪੂਰਿਆਂ ਗੁਰਾਂ ਨੂੰ -2, 2.***
***ਪੂਰਿਆਂ ਗੁਰਾਂ ਨੂੰ ਮਿਲਕੇ, ਪੂਰਿਆਂ ਗੁਰਾਂ ਨੂੰ -2, 2.***
***ਖੁਲ੍ਹ ਗਏ ਬਜਰ ਕਪਾਟ,.................-2***

***ਸੋਹੰਦੜੋ ਹਭ ਠਾਇ...........॥ ਪੰਨਾ - 80***

ਹੁਣ ਕੋਈ ਥਾਂ ਮਾੜਾ ਨਹੀਂ ਲਗਦਾ, ਸੁਹਾਵਣੇ ਹੋ ਗਏ, ਹਰ ਥਾਂ ਤੋਂ ਖੁਸ਼ੀ ਆ ਰਹੀ ਹੈ, ਖੇੜਾ ਆ ਰਿਹਾ ਹੈ।

***.............ਕੋਇ ਨ ਦਿਸੈ ਡੂਜੜੋ॥ ਪੰਨਾ - 80***

ਹੁਣ ਦੂਜਾ ਦਿਸਣ ਤੋਂ ਹੀ ਹਟ ਗਿਆ -

***ਖੁਲੜੇ ਕਪਾਟ ਨਾਨਕ ਸਤਿਗੁਰ ਭੇਟਤੇ॥ ਪੰਨਾ - 80***

ਜਦੋਂ ਪੂਰੇ ਗੁਰੂ ਨੂੰ ਮਿਲ ਗਏ, ਬਜਰ ਕਪਾਟ ਖੁਲ੍ਹ ਗਏ।

ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਸੰਗਲਾਦੀਪ ਦੇ ਅੰਦਰ ਬਿਰਾਜ ਰਹੇ ਹਨ। ਧਰਮਸਾਲਾ ਬਣੀ ਹੋਈ ਹੈ, ਹਰ ਰੋਜ਼ ਸਤਿਸੰਗ ਹੁੰਦੈ, ਚੰਗੇ ਭਾਗਾਂ ਵਾਲੇ ਸੀ ਉਹ ਪੁਰਸ਼, ਕਿੰਨੇ ਉਚੇ ਕਰਮਾਂ ਵਾਲੇ ਸੀ ਜਿਹੜੇ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਐਸੇ ਉਚੇ ਬਚਨ ਸੁਣ ਕੇ ਨਿਜ ਘਰ ਦੇ ਵਿਚ ਪ੍ਰਵੇਸ਼ ਕਰਦੇ ਸੀ। ਗੁਰੂ ਨਾਨਕ ਪਾਤਸ਼ਾਹ ਬਹੁਤ ਦੇਰ ਰਹੇ, ਸਾਰਾ ਟਾਪੂ ਜਿਹੜਾ ਸੀ ਉਹ ਗੁਰੂ ਮਹਾਰਾਜ ਦਾ ਨਾਮ ਧਰੀਕ ਸਿੱਖ ਹੋ ਗਿਆ, ਨਾਲ ਲਗਦੇ ਸੱਤ ਟਾਪੂਆਂ ਦੇ ਰਾਜਿਆਂ ਨੂੰ ਮਹਾਰਾਜ ਜੀ ਨੇ ਕਹਿ ਕੇ ਰਾਜੇ ਸ਼ਿਵਨਾਭ ਦੇ ਨਾਲ ਜੋੜ ਦਿਤਾ। ਇਤਿਹਾਸ ਦੇ ਅੰਦਰ ਆਉਂਦਾ ਹੈ ਕਿ ਐਨੀ ਸੰਗਤ ਇਕੱਠੀ ਹੁੰਦੀ ਸੀ ਕਿ ਵੀਹ ਮਣ ਨਮਕ ਰੋਜ਼ ਰਸੋਈ ਵਿਚ ਪੈਂਦਾ ਸੀ, ਦਸ ਹਜ਼ਾਰ, 15 ਹਜ਼ਾਰ ਬੰਦਾ ਰੋਜ਼ ਗੁਰੂ ਨਾਨਕ ਦਾ ਸਤਿਸੰਗ ਕਰਨ ਆਉਂਦਾ ਸੀ। ਇਸ ਤਰ੍ਹਾਂ ਕੋਈ ਨਾ ਰਿਹਾ ਜਿਹੜਾ ਗੁਰੂ ਨਾਨਕ ਨਾਲ ਨਾ ਜੁੜਿਆ ਹੋਵੇ। ਸਮਾਂ ਬੀਤਦਾ ਗਿਆ। ਸਮਾਂ ਕਿਸੇ ਦੀ ਲਿਹਾਜ਼ ਨਹੀਂ ਕਰਦਾ, ਇਹ ਰੋਕਿਆ ਨਹੀਂ ਰੁਕਦਾ, ਇਹ ਠਹਿਰਨ ਦੀ ਜਾਚ ਹੀ ਨਹੀਂ ਜਾਣਦਾ। ਗੁਰੂ ਮਹਾਰਾਜ ਜੀ ਨੇ ਸੰਗਲਾਦੀਪ ਤੋਂ ਜਾਣ ਦਾ ਫੁਰਨਾ ਕੀਤਾ -

***ਰਹੀ ਵਾਸਤੇ ਘੱਤ 'ਸਮੇਂ' ਨੇ ਇਕ ਨ ਮੰਨੀ,***
***ਫੜ ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ,***
***ਕਿਵੇਂ ਨ ਸਕੀ ਰੋਕ ਅਟਕ ਜੋ ਪਾਈ ਭੰਨੀ,***
***ਤ੍ਰਿੱਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ,***
***ਹੋ! ਅਜੇ ਸੰਭਾਲ ਇਸ 'ਸਮੇਂ' ਨੂੰ,***
***ਕਰ ਸਫਲ ਉਡੰਦਾ ਜਾਂਵਦਾ,***
***ਇਹ ਠਹਿਰਨ ਜਾਚ ਨ ਜਾਣਦਾ,***
***ਲੰਘ ਗਿਆ ਨ ਮੁੜ ਕੇ ਆਂਵਦਾ।***

***ਡਾ. ਭਾਈ ਵੀਰ ਸਿੰਘ ਜੀ***

ਛਿਨ-ਛਿਨ ਕਰਕੇ ਸਮਾਂ ਘਟ ਜਾਂਦਾ ਹੈ, ਸਾਰੀ ਉਮਰ ਨਿਕਲ ਜਾਂਦੀ ਹੈ ਤੇ ਅੱਜ ਦਿਨ ਆ ਗਿਆ, ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਰਾਜਨ! ਸੰਸਾਰ ਜਲਦਾ ਬਲਦਾ ਹੈ, ਬਹੁਤ ਪ੍ਰੇਮੀ ਨੇ ਜਿਹੜੇ ਰੁਕੇ ਹੋਏ ਨੇ। ਸੋ ਤੁਸੀਂ ਹੁਣ ਆਪਣਾ ਮਨ ਬਣਾਓ ਤੇ ਅਸੀਂ ਹੁਣ ਜਾਵਾਂਗੇ। ਬੜੀ ਅਜੀਬ ਗੱਲ ਲੱਗੀ ਕਿ ਹੈਂ! ਗੁਰੂ ਮਹਾਰਾਜ ਨੇ ਸਾਰੇ ਸੰਸਾਰ 'ਚ ਭ੍ਰਮਣ ਕਰਨਾ ਹੈ? ਫੇਰ ਕੀ ਹੋਏਗਾ, ਅਸੀਂ ਕਿਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਤੋਂ ਬਗੈਰ ਜਿਉਂਦੇ ਰਹਾਂਗੇ ਕਿਉਂਕਿ ਜਿਹੜੇ ਜਾਨਵਰ ਵੀ ਨੇ ਉਨ੍ਹਾਂ ਦੇ ਬਾਰੇ ਵੀ ਐਸ ਤਰ੍ਹਾਂ ਫੁਰਮਾਨ ਹੈ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ - 708***

***ਧਾਰਨਾ - ਦੱਸੀ ਪ੍ਰੀਤਮਾਂ ਕਦੋਂ ਹੋਣਗੇ ਦੀਦਾਰੇ -2,***
***ਹੋਣਗੇ ਦੀਦਾਰੇ ਕਦੋਂ, ਹੋਣਗੇ ਦੀਦਾਰੇ - 2, 2.***
***ਦੱਸੀ ਪ੍ਰੀਤਮਾਂ ਕਦੋਂ .............-2.***

ਸੰਗਤ ਨੇ ਬੇਨਤੀ ਕੀਤੀ, "ਪਾਤਸ਼ਾਹ! ਬੜੀ ਮੁਸ਼ਕਲ ਦੇ ਨਾਲ ਆਪ ਦੇ ਦਰਸ਼ਨ ਹੋਏ ਸੀ, ਬਹੁਤ ਦੇਰ ਤੋਂ ਸੁਣਦੇ ਸੀ, ਸਾਡਾ ਮਹਾਰਾਜਾ ਬੈਰਾਗ ਦੇ ਵਿਚ ਇਕ ਤਰ੍ਹਾਂ ਨਾਲ ਮਸਤਾਨਾ ਹੋ ਗਿਆ ਸੀ। ਬਹੁਤ ਸਿੱਕਾਂ ਸਿਕਦਿਆਂ ਨੂੰ ਆਪ ਆਏ, ਥੋੜ੍ਹੇ ਮਹੀਨੇ ਰਹਿ ਕੇ ਆਪ ਜਾ ਰਹੇ ਓਂ; ਕ੍ਰਿਪਾ ਕਰਕੇ ਦੱਸੋ, ਫੇਰ ਵੀ ਦੀਦਾਰ, ਮੇਲਾ ਹੋਏਗਾ ਕਿ ਨਹੀਂ?" ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓਂ! ਗੁਰੂ ਨੂੰ ਪਛਾਣੋ, ਗੁਰੂ ਜੋਤ ਹੁੰਦਾ ਹੈ -

***ਸਤਿਗੁਰੁ ਜਾਗਤਾ ਹੈ ਦੇਉ॥ ਪੰਨਾ - 479***

ਗੁਰੂ ਸਰੀਰ ਨਹੀਂ ਹੋਇਆ ਕਰਦਾ। ਸਰੀਰ ਬਦਲ ਜਾਂਦੇ ਨੇ, ਗੁਰੂ ਜੋਤ ਸਦਾ ਅਚੱਲ ਪਰੀਪੂਰਨ, ਸਰਬ ਥਾਂ, ਹਰ ਘਟ ਵਿਚ ਰਮੀ ਰਹਿੰਦੀ ਹੈ। ਸੋ ਮਿਲਣਾ ਸਰੀਰ ਦਾ ਨਹੀਂ ਹੁੰਦਾ, ਮਿਲਾਵਾ ਸ਼ਬਦ ਦਾ ਹੋਇਆ ਕਰਦਾ ਹੈ। ਸੋ ਇਸ ਕਰਕੇ -

***ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥***
***ਪੰਨਾ - 6***

ਉਸ ਥਾਂ ਤੇ ਪਹੁੰਚੋ ਜਿਥੇ ਨਿਜ ਘਰ ਹੈ, ਉਥੇ ਫੇਰ ਸਦਾ ਦਾ ਮੇਲ ਹੈ, ਉਥੇ ਵਿਛੋੜਾ ਨਹੀਂ ਹੋਇਆ ਕਰਦਾ। ਬਾਕੀ

(ਬਾਕੀ ਪੰਨਾ 60 ਤੇ)



Sri Satguru Jagjit Singh Ji eLibrary NamdhariElibrary@gmail.com

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

### ਹੰਸ ਅਵਤੰਸ ਸ੍ਰੀ ਮਾਨ ਭਾਈ ਹਰਬੰਸ ਸਿੰਘ ਜੀ 'ਮੁਨੀਸ਼੍ਵਰ'

ਇਹ ਖਿਤਾਬ ਇਨ੍ਹਾਂ ਨੂੰ ਜਥੇ ਵਲੋਂ ਹੀ ਮਿਲਿਆ ਸੀ, ਕਿਉਂਕਿ ਇਹ ਬਹੁਤਾ ਹੀ ਥੋੜ੍ਹਾ ਬੋਲਣ ਵਾਲੇ ਸੱਜਣ ਸਨ, ਗੁਪਤ ਸੁਰਤੀਆਂ ਬਿਰਤੀਆਂ ਲਾ ਕੇ ਹੀ ਹਰ ਦਮ ਲਿਵਲੀਨ ਰਹਿੰਦੇ ਸਨ। ਗੁਰਮਤਿ ਅਨੁਸਾਰ ਪੂਰਨ ਮੋਨਧਾਰੀ ਹੋਣ ਕਰਕੇ ਇਹ ਆਮ ਮੁਨੀਆਂ ਨਾਲੋਂ ਪ੍ਰਸਿਧ 'ਮੁਨੀਸ਼੍ਵਰ' (ਮੁਨੀਆਂ ਦੇ ਈਸ਼ਰ) ਸਨ। ਛੋਟੀ ਉਮਰ ਵਿਚ ਹੀ ਜੈਸਾ ਅਜਰ ਪਦ ਇਸ ਵੀਰ ਨੇ ਜਰਿਆ ਸੀ, ਕਿਸੇ ਵਿਰਲੇ ਗੁਰਮੁਖ ਜਨ ਨੇ ਹੀ ਜਰਿਆ ਹੈ। ਗੁਰਮਤਿ ਨਾਮ ਦਾ ਸੁਰਤੀ ਦਵਾਰਾ, ਸਵਾਸਾਂ ਦਵਾਰਾ ਹਰ ਦਮ ਖੰਡਾ ਖੜਕਦਾ ਹੀ ਰਹਿੰਦਾ ਸੀ, ਚੇਹਰਾ ਇਨ੍ਹਾਂ ਦਾ ਹਰ ਛਿਨ ਲਾਲ ਗੁਲਾਲਾ ਤੇ ਰਸ ਰਸਾਲਾ ਰਹਿੰਦਾ ਸੀ। ਇਸ ਛੋਟੀ ਉਮਰ ਵਿਚ ਗੁਰਮਤਿ ਦੀ ਜੋ ਲਾਗ ਇਸ ਵੀਰ ਨੂੰ ਲਗੀ ਹੈ, ਉਹ ਅਜ ਤਕ ਕਿਸੇ ਨੂੰ ਵੀ ਨਹੀਂ ਲਗੀ। ਨਿਸ਼ਕਾਮ ਸੇਵਾ ਦੇ ਪੁੰਜ ਸਨ ਅਤੇ ਪਰਉਪਕਾਰ ਦੇ ਨਿਰੇ ਪੁਤਲੇ ਸਨ, ਗੁਰਬਾਣੀ ਦੇ ਅਭਿਆਸੀ ਅਤੇ ਅਥੱਕ ਅਖੰਡ ਪਾਠੀ ਸਨ। ਜਿਸ ਕਿਸੇ ਗਰੀਬ ਸਿੰਘ ਦੇ ਘਰ ਕੋਈ ਪਾਠ ਕਰਨ ਵਾਲਾ ਨਾ ਹੋਵੇ, ਉਥੇ ਜਾ ਕੇ ਆਪ ਅਖੰਡ ਪਾਠ ਕਰ ਆਇਆ ਕਰਦੇ ਸਨ। ਪਾਠ-ਭੇਟ ਰੰਚਕ ਮਾਤਰ ਵੀ ਅੰਗੀਕਾਰ ਨਹੀਂ ਕਰਦੇ ਸਨ। ਇਥੋਂ ਤਾਈਂ ਪ੍ਰਸ਼ਾਦਾ ਆਦਿ ਭੀ ਉਥੇ ਨਹੀਂ ਛਕਦੇ ਸਨ, ਚਾਹੇ ਕੋਈ ਕਿਤਨਾ ਜ਼ੋਰ ਲਾਵੇ। ਇਹ ਵੀਰ ਉਤਮ ਬਿਬੇਕੀ ਅਤੇ ਸਰਬਲੋਹੀ ਸਨ, ਆਪਣੇ ਹੱਥੀਂ ਆਪ ਪ੍ਰਸ਼ਾਦਾ ਅਠ-ਪਹਿਰਾ ਤਿਆਰ ਕਰਕੇ ਛਕਦੇ ਸਨ। ਅਜਿਹੇ ਅਨੇਕਾਂ ਹੀ ਪਾਠ ਗਰੀਬ ਸਿੰਘਾਂ ਦੇ ਗ੍ਰਿਹ ਇਸ ਵੀਰ ਨੇ ਕੀਤੇ। ਕਿਸੇ ਗਰੀਬ ਘਰਾਣੇ ਵਿਚ ਕਿਸੇ ਨੇ ਅਖੰਡ ਪਾਠ ਕਰਾਵਣਾ ਹੋਵੇ, ਬਸ ਉਥੇ ਅਰਦਾਸਾ ਸੋਧ ਕੇ ਇਕੱਲੇ ਹੀ ਅਖੰਡ ਪਾਠ ਕਰਨ ਡਟ ਜਾਂਦੇ ਸਨ ਅਤੇ ਸਤ ਸਤ ਘੰਟੇ ਇਕੋ ਝੁਟ ਵਿਚ ਅਖੰਡ ਪਾਠ ਕਰਦੇ ਰਹਿਣਾ, ਪਿਛੋਂ ਮਗਰੋਂ ਹੀ ਅਖੰਡ ਪਾਠੀ ਤਿਆਰ-ਬਰ-ਤਿਆਰ ਆ ਪੁਜਣੇ।

ਨਾਰੰਗਵਾਲ ਦੇ ਪਾਸ ਇਕ ਮੀਲ ਤੇ ਪਿੰਡ ਮਹਿਮਾ ਸਿੰਘ ਵਾਲਾ ਹੈ, ਉਥੋਂ ਦੇ ਇਹ ਵਸਨੀਕ ਸਨ। ਸਾਡੇ ਪਾਸ ਨਾਰੰਗਵਾਲ ਰੋਜ਼ ਹੀ ਉਗਵਣ-ਆਥਣ ਆ ਜਾਇਆ ਕਰਦੇ ਸਨ। ਬਾਹਰ ਸਮਾਗਮਾਂ ਦੇ ਬੜੇ ਚਾਉ ਮਲ੍ਹਾਰਾਂ ਨਾਲ ਸਾਡੇ ਨਾਲ ਹੀ ਸ਼ਾਮਲ ਰਹਿੰਦੇ ਸਨ। ਚਾਹੇ ਉਮਰ ਦੇ ਛੋਟੇ ਹੀ ਸਨ, ਪਰ ਇਨ੍ਹਾਂ ਦੀ ਉਜਲ ਕਰਣੀ ਕਮਾਈ ਦੇ ਕਾਰਨ ਜਥੇ ਦਾ ਵੱਡੀ ਤੋਂ ਵੱਡੀ ਉਮਰ ਵਾਲਾ ਸੱਜਣ ਭੀ ਇਨ੍ਹਾਂ ਦਾ ਹਿਰਦੇ ਤੋਂ ਸਤਿਕਾਰ ਕਰਦਾ ਸੀ। ਬਹੁਤ ਛੋਟੀ ਉਮਰ ਵਿਚ ਹੀ ਇਸ ਵੀਰ ਨੂੰ ਪ੍ਰਮਾਰਥ ਦੀ ਲਿਵ ਲਗ ਗਈ ਤੇ ਗੁਰਮਤਿ ਦੇ ਪੂਰਨ ਜਾਣੂ ਹੋ ਕੇ ਅੰਮ੍ਰਿਤਧਾਰੀ ਸਿੰਘ ਸਜ ਗਏ। ਛੋਟੀ ਉਮਰ ਵਿਚ ਹੀ ਇਸ ਵੀਰ ਨੂੰ ਛਡ ਕੇ ਇਨ੍ਹਾਂ ਦਾ ਪਿਤਾ ਭਾਈ ਧਰਮ ਸਿੰਘ ਅਮਰੀਕਾ ਚਲਿਆ ਗਿਆ, ਜਿਥੇ ਉਹ ਬੜੇ ਪ੍ਰਸਿਧ ਸੇਵਕ ਰਹੇ ਹਨ ਅਰ ਗੁਜ਼ਾਰਾ ਜ਼ਿਮੀਦਾਰਾ ਤਕੜਾ ਸੀ, ਇਨ੍ਹਾਂ ਦੇ ਵਡੇ ਭਾਈ ਖੇਤੀ ਕਰਦੇ ਸਨ। ਅਜੇ 16 ਸਾਲ ਦੀ ਉਮਰ ਹੀ ਸੀ ਕਿ ਇਹ ਫੌਜ ਵਿਚ ਭਰਤੀ ਹੋ ਗਏ। 15 ਨੰਬਰ ਸਿਖ ਪਲਟਨ ਦੇ ਗੁਰਮੁਖ ਹੈਡ ਗ੍ਰੰਥੀ ਭਾਈ ਕਾਹਨ ਸਿੰਘ ਨਾਲ ਫੌਜ ਵਿਚ ਸਤਿਸੰਗ-ਭਿੰਨਾ-ਸਹਿਚਾਰ ਹੋ ਗਿਆ। ਛੋਟੀ ਉਮਰ ਵਿਚ ਹੀ ਇਸ ਵੀਰ ਦੀ ਸ਼ਾਦੀ ਹੋ ਗਈ ਸੀ। ਬਿਰਤੀ ਹਰ ਦਮ ਉਪਰਾਮ ਰਹਿਣ ਕਰਕੇ ਇਹ ਵੀਰ ਮੁਨੀਸ਼੍ਵਰ ਜੀ ਗ੍ਰਿਹਸਤ ਵਿਚ ਫੇਰ ਪ੍ਰਵਿਰਤ ਹੀ ਨਹੀਂ ਹੋਏ। ਜੇ ਇਨ੍ਹਾਂ ਨੂੰ ਬਾਲ-ਜਤੀ ਕਿਹਾ ਜਾਵੇ ਤਾਂ ਕੋਈ ਮੁਬਾਲਗਾ ਨਹੀਂ ਹੋਵੇਗਾ। ਸੰਸਾਰਕ ਫੁਰਨੇ, ਨਾਮ ਬਾਣੀ ਤੋਂ ਬਿਨਾਂ ਹੋਰ ਫੁਰਦੇ ਹੀ ਨਹੀਂ ਸਨ। ਆਤਮ-ਕਲਾ ਐਸੀ ਅਰੂੜ੍ਹ ਸੀ ਕਿ ਹਰੇਕ ਦੇ ਹਿਰਦੇ ਦੀ ਗੱਲ ਆਪੇ ਹੀ ਬੁਝ ਲੈਂਦੇ ਸਨ। ਅਸਾਡੇ ਨਾਲ ਇਨ੍ਹਾਂ ਦਾ ਬੜਾ ਹੀ ਸੰਜੋਗ ਸਾਥ ਰਿਹਾ ਹੈ। ਅਨੇਕਾਂ ਵਾਰ ਅਜ਼ਮਾ ਕੇ ਦੇਖਿਆ ਗਿਆ ਹੈ ਕਿ ਜੋ ਗੱਲ ਅਸਾਡੇ ਹਿਰਦੇ ਵਿਚ ਹੀ ਅਜੇ ਰਹਿੰਦੀ ਸੀ, ਅਤੇ ਮੁਖੋਂ ਨਹੀਂ ਨਿਕਲਦੀ ਸੀ, ਉਸ ਨੂੰ ਤਾਬੜ ਤੋੜ ਹੀ ਤਾੜ ਕੇ ਇਹ ਵੀਰ ਜਨ ਤੁਰਤ ਹੀ ਤਕਮੀਲ ਵਿਚ ਲੈ ਆਂਵਦੇ ਸਨ। ਇਤਨੀ ਆਤਮ-ਕਲਾ ਦੇ ਮਾਲਕ ਹੁੰਦੇ ਹੋਏ ਭੀ ਲਖਾਂਵਦੇ ਕਿਸੇ ਨੂੰ ਨਹੀਂ ਸਨ। ਅੰਦਰ ਹੀ ਅੰਦਰ ਅਜਰ ਨੂੰ ਜਰਿਆ ਹੋਇਆ ਸੀ। ਅਣਥੱਕ ਸੇਵਕ ਅਤੇ ਪੂਰਨ ਗੁਰਮਤਿ ਗੁਣਾਂ ਅਨੰਦੀ ਸੱਜਣ ਇਨ੍ਹਾਂ ਜਿਹਾ ਅੱਜ ਤਾਈਂ ਅਸੀਂ ਵਿਰਲਾ ਹੀ ਗੁਰੂ ਘਰ ਵਿਚ ਦੇਖਿਆ ਹੈ।

ਅਸਾਡੀ ਪਹਿਲੀ ਮੁਲਾਕਾਤ ਇਸ ਵੀਰ ਦੇ ਨਾਲ ਉਦੋਂ ਹੋਈ, ਜਦੋਂ 1915 ਵਿਚ ਅਸਾਨੂੰ ਸਾਜ਼ਸ਼ ਕੇਸ ਵਿਚ ਜਕੜ ਕੇ ਜਰਵਾਣੇ 'ਲੋਹਟ ਵੱਦੀ' ਤੋਂ ਲੁਧਿਆਣੇ ਲੈ ਜਾ ਰਹੇ ਸਨ। ਲੋਹਟ ਵੱਦੀ ਥਾਣਾ ਨਾਭੇ ਦੀ ਰਿਆਸਤ ਵਿਚ ਸੀ, ਜੋ ਨਾਰੰਗਵਾਲ ਤੋਂ ਸਤ ਅੱਠ ਕੋਸ ਤੇ ਹੈ। ਸਾਨੂੰ ਕੁਝ ਦਿਨ, ਸ਼ਾਇਦ ਡੇਢ ਮਹੀਨਾ, ਉਥੇ ਹੀ ਨਜ਼ਰਬੰਦ ਰਖਿਆ ਗਿਆ ਸੀ। ਉਥੋਂ ਲੁਧਿਆਣੇ ਚਲਾਨ ਹੋਣ ਦੀ ਜਦ ਖਬਰ ਸਾਨੂੰ ਮਿਲੀ, ਤਾਂ ਅਸੀਂ ਆਪਣੇ ਨਿਕਟੀ ਸਤਸੰਗੀ ਵੀਰ ਸੁਰਜਨ ਸਿੰਘ ਜੀ ਨੂੰ ਗੁਪਤੋ ਗੁਪਤ ਪਿੰਡ ਗੁਜਰਵਾਲ ਵਿਖੇ ਪਤਾ ਕਰ ਭੇਜਿਆ, ਕਿ ਸਾਨੂੰ ਫਲਾਣੀ ਰੇਲ ਗੱਡੀ ਵਿਚ ਕਿਲ੍ਹਾ ਰਾਇਪੁਰ ਸਟੇਸ਼ਨ ਤੇ ਆ ਮਿਲਣ। ਅਸੀਂ ਛਪਾਰ (ਅਹਿਮਦਗੜ੍ਹ) ਸਟੇਸ਼ਨ ਤੋਂ ਸਵਾਰ ਹੋ ਕੇ ਲੁਧਿਆਣੇ ਪਹੁੰਚਣਾ ਸੀ। ਸੋ ਇਹ ਸਜਣ ਵੀਰ ਸੁਰਜਨ ਸਿੰਘ ਜੀ ਅਸਾਨੂੰ ਐਨ ਠੀਕ ਵਕਤ ਪਰ ਕਿਲ੍ਹਾ ਰਾਇਪੁਰ ਸਟੇਸ਼ਨ ਤੇ ਆ ਮਿਲੇ ਅਤੇ ਉਸੇ ਹੀ ਡੱਬੇ ਵਿਚ ਆ ਸਵਾਰ ਹੋਏ, ਜਿਸ ਵਿਚ ਅਸੀਂ ਜਾ ਰਹੇ ਸਾਂ। ਅਸਾਡੇ ਨਾਲ ਪੁਲਸ ਦਾ ਇਕ ਸਾਰਜੈਂਟ ਤੇ ਇਕ ਸਿਪਾਹੀ ਨਿਗਰਾਨੀ ਲਈ ਜਾ ਰਿਹਾ ਸੀ। ਉਹ ਪੁਲਸੀਏ ਸੱਜਣ ਬੜੇ ਹੀ ਸ਼ਰੀਫ ਸਨ। ਉਨ੍ਹਾਂ ਨੇ ਕੋਈ ਇਤਰਾਜ਼ ਨਾ ਕੀਤਾ। ਸੋ ਭਾਈ ਸੁਰਜਨ ਸਿੰਘ ਜੀ ਸਾਡੇ ਪਾਸੇ ਹੀ ਬੈਠ ਗਏ। ਉਸ ਸਮੇਂ ਭਾਈ ਸੁਰਜਨ ਸਿੰਘ ਜੀ ਦੇ ਨਾਲ ਇਕ ਨਵ-ਯੁਵਕ ਸਿੰਘ ਭੁਝੰਗੀ ਭੀ ਨਾਲੇ ਆ ਚੜ੍ਹਿਆ। ਉਸ ਭੁਝੰਗੀ ਦੇ ਚੇਹਰੇ ਤੇ ਚਾਰ ਚੁਫੇਰੇ ਬਹੁਤ ਨਰਮ ਨਰਮ ਦਾੜ੍ਹੀ ਦੀ ਲੂਈਂ ਫੁਟ ਰਹੀ



Sri Satguru Jagjit Singh Ji eLibrary NamdhariElibrary@gmail.com

ਸੀ। ਚੇਹਰਾ ਲਾਲੋ ਲਾਲ, ਜੋਤਿ ਜਮਾਲ ਵਿਚ ਦਗ ਰਿਹਾ ਸੀ। ਇਸ ਵੀਰ ਦੀਆਂ ਅੱਖੀਆਂ ਦਾ ਰੰਗ-ਜਲਾਲ ਝਲਿਆ ਨਾ ਜਾਵੇ। ਬੜੀ ਹੀ ਚੜ੍ਹਦੀ ਕਲਾ ਵਿਚ ਵੀਰ ਦਾ ਅੰਤਰ-ਆਤਮੇ ਸਤਿ ਨਾਮ ਦਾ ਖੰਡਾ ਖੜਕ ਰਿਹਾ ਸੀ। ਵੇਖਣ ਸਾਰ ਹੀ ਮੇਰੀ ਟਕ ਇਸ ਵੀਰ ਵਲ ਹੀ ਲਗ ਗਈ, ਅਤੇ ਇਸ ਜੀਵਨ-ਮੁਕਤ ਗੁਰਮੁਖ ਵੀਰ ਦਾ ਮੁਖ ਦੇਖਣ ਸਾਰ ਅੰਮ੍ਰਿਤ ਰਸਾਇਣੀ ਸਵਾਦ ਐਸਾ ਆਵਣ ਲਗਾ ਕਿ ਹੋਰ ਗੱਲਾਂ ਸਭ ਵਿਸਰ ਗਈਆਂ, ਜਿਨ੍ਹਾਂ ਦੀ ਖਾਤਰ ਮੈਂ ਸੁਰਜਨ ਸਿੰਘ ਨੂੰ ਬੁਲਾਇਆ ਸੀ। ਪਹਿਲਾ ਸਵਾਲ ਮੈਂ ਵੀਰ ਸੁਰਜਨ ਸਿੰਘ ਤੇ ਇਹੋ ਹੀ ਕੀਤਾ ਕਿ ਇਹ ਵੀਰ ਬਾਂਕੁਰਾ ਭੁਝੰਗੀ ਕੌਣ ਹੈ? ਤੇ ਕਿਥੋਂ ਹੈ? ਇਸ ਵੀਰ ਸੁਰਜਨ ਸਿੰਘ ਜੀ ਨੇ ਪੂਰੀ ਵਾਕਫੀ ਕਰਵਾਈ ਕਿ ਇਹੋ ਤਾਂ ਹਨ ਵੀਰ ਹਰਬੰਸ ਸਿੰਘ ਜੀ ਮਹਿਮਾ ਸਿੰਘ ਵਾਲੇ, ਜੋ ਹੁਣੇ ਹੀ ਨੌਕਰੀ ਛਡ ਕੇ ਅਤੇ ਜਥੇ ਵਿਚ ਸ਼ਾਮਣ ਹੋ ਕੇ ਮਰ ਮਿਟਣ ਲਈ ਆਏ ਹਨ। ਹਰੇਕ ਦੁਖ ਸੁਖ ਵਿਖੇ ਜਥੇ ਦੇ ਨਾਲ ਹੀ ਰਹਿ ਕੇ ਘਾਲ ਘਾਲਣਗੇ। ਅਵਸਰ ਮਿਲੇ ਤਾਂ ਸ਼ਹੀਦੀ ਵੀ ਪਾਣ ਨੂੰ ਤਿਆਰ ਹਨ। ਬਸ, ਇਤਨੀ ਹੀ ਦਰਸ-ਝਾਕੀ ਇਸ ਵੀਰ ਹਰਬੰਸ ਸਿੰਘ ਜੀ ਦੀ ਉਸ ਸਮੇਂ ਅਸਾਡੇ ਨਾਲ ਹੋਈ। ਪਰੰਤੂ ਅਸੀਂ ਵੀਰ ਸੁਰਜਨ ਸਿੰਘ ਰਾਹੀਂ ਬੜੇ ਹੀ ਨਿਮਰੀਭੂਤ ਹੋ ਕੇ, ਜਥੇ ਦੇ ਸਾਰੇ ਸਜਣਾਂ ਨੂੰ ਇਹ ਬੇਨਤੀ ਕਰ ਭੇਜੀ ਕਿ ਥਾਉਂ ਥਾਈਂ ਗੁਪਤ ਹੋ ਜਾਣ ਤੇ ਅਸਾਡੇ ਪਾਸ ਨਾ ਆਵਣ। ਸੋ ਇਹ ਬੇਨਤੀ ਪਾਸ ਬੈਠੇ ਭੁਝੰਗੀ ਹਰਬੰਸ ਸਿੰਘ ਨੂੰ ਭੀ ਕਰ ਦਿਤੀ।

ਉਸ ਤੋਂ ਬਾਅਦ ਫਿਰ ਸੋਲ੍ਹਾਂ ਸਾਲ ਪਿਛੋਂ ਹੀ ਇਸ ਭੁਝੰਗੀ ਹਰਬੰਸ ਸਿੰਘ ਜੀ ਦੇ ਦੀਦਾਰ ਹੋਏ, ਜਦੋਂ ਅਸੀਂ ਜੇਲ੍ਹ-ਯਾਤਰਾ ਤੋਂ ਵਾਪਸ ਆਏ, ਉਸ ਵੇਲੇ ਇਨ੍ਹਾਂ ਦੇ ਚੇਹਰੇ ਤੇ ਖਾਸਾ ਦਾੜ੍ਹਾ ਸਜੀਲਾ ਆ ਚੁਕਿਆ ਸੀ। ਫੇਰ ਤਾਂ ਇਹ ਆਪਣੀ ਰਹਿੰਦੀ ਆਯੂ ਤਾਈਂ ਹਰ-ਦਮ ਸਾਡੇ ਅੰਗ ਸੰਗ ਰਹਿੰਦੇ ਰਹੇ। ਅਖੰਡ ਕੀਰਤਨ ਸਮਾਗਮਾਂ ਵਿਖੇ ਇਸ ਵੀਰ ਦੀ ਅਖੰਡਾਕਾਰ ਆਤਮ-ਬਿਰਤੀ ਹਰ ਦਮ ਗੁਪਤ ਮੰਡਲ ਵਿਚ ਹੀ ਖੇਡਦੀ ਰਹਿੰਦੀ ਸੀ, ਕੀਰਤਨ ਬੜਾ ਗਜ਼ਬ ਦਾ ਅਤੇ ਚੜ੍ਹਦੀ ਕਲਾ ਦਾ ਕਰਦੇ ਸਨ। ਕੀਰਤਨ ਪਿਛੋਂ ਘੰਟਿਆਂ ਬੱਧੀ ਮੋਨ ਧਾਰੀ ਹੀ ਰਖਦੇ ਸਨ, ਕਿਸੇ ਨਾਲ ਉੱਕੇ ਬੋਲਦੇ ਚਾਲਦੇ ਨਹੀਂ ਸਨ। ਸਾਰੀ ਉਮਰ ਹੀ ਗੁਰਮਤਿ-ਗੂੰਜਾਂ ਵਿਚ ਇਸ ਵੀਰ ਨੇ ਗੁਜ਼ਾਰੀ ਤੇ ਅਪਾਰ ਗੁਰੂ ਰਹਿਮਤ ਵਿਚ ਗੁਜ਼ਾਰੀ। ਜਦੋਂ ਦੇ ਅਸੀਂ ਕੁਮਾਰ ਹੱਟੀ (ਨੇੜੇ ਸੋਲਨ, ਹਿਮਾਚਲ) ਪਹਾੜ ਦੀ ਚੋਟੀ ਤੇ ਨਾਮ ਅਭਿਆਸ ਲਈ ਆਵਣ ਲਗੇ ਹਾਂ, ਉਦੋਂ ਤੋਂ ਹੀ ਇਸ ਵੀਰ ਮੁਨੀਸ਼ੂਰ ਨੇ ਸਾਡਾ ਸਾਥ ਪੂਰਨ ਹਮਜੋਲੀ ਹੋ ਕੇ ਨਿਭਾਇਆ। ਸੇਵਾ-ਭਾਵਨਾ ਦੇ ਬੜੇ ਹੀ ਸੰਜੀਦਾ ਰਸਿਕ ਬੈਰਾਗੀ ਸਨ। ਉਚੀਆਂ ਉਚੀਆਂ ਪਹਾੜੀਆਂ ਦੀਆਂ ਚੋਟੀਆਂ ਉਪਰ ਜਾ ਕੇ ਅਸਾਡੇ ਨਾਲ ਨਾਮ-ਅਧਿਆਸ ਵਿਚ ਜੁੜ ਜਾਣਾ ਤੇ ਐਸਾ ਜੁੜਨਾ ਕਿ ਇਨ੍ਹਾਂ ਨੂੰ ਸਰੀਰ ਦੀ ਸੁਧ ਬੁਧ ਹੀ ਨਾ ਰਹਿਣੀ। ਕੁਮਾਰ-ਹੱਟੀ ਪਹਾੜ ਦੇ ਲਾਗੇ ਦਰੇ ਦੇ ਪਾਰ ਇਕ ਸਾਫ ਸੁਥਰਾ ਪੱਥਰ ਹੈ, ਜੋ ਮੁਨੀਸ਼ੂਰ ਦੇ ਪੱਥਰ ਨਾਲ ਪ੍ਰਸਿਧ ਹੈ, ਜਿਸ ਦੇ ਉਪਰ ਬੈਠ ਕੇ ਉਹ ਅਕਸਰ ਅਭਿਆਸ ਕਰਿਆ ਕਰਦੇ ਸਨ। ਹਰੇਕ ਸੱਜਣ ਦੇ ਪਿਆਰੇ ਅਤੇ ਜਥੇ ਦੇ ਹਰੇਕ ਭੂਸ਼ਣ ਦੇ ਅੱਖੀਆਂ ਦੇ ਤਾਰੇ ਸਨ। ਸਾਰੀ ਸਾਰੀ ਰਾਤ ਇਕ ਟੰਗ ਭਾਰ ਖੜੇ ਹੋ ਕੇ ਨਾਮ ਦਾ ਅਭਿਆਸ ਕਰਨਾ ਤੇ ਆਲਸ ਨਿੰਦਰਾ ਨੂੰ ਨੇੜੇ ਨਾ ਆਵਣ ਦੇਣਾ। ਪ੍ਰਮਾਤਮ-ਮਿਲਾਪ ਦੇ ਬੜੇ ਹੀ ਕਾਹਲੇ ਆਸ਼ਕ ਸਨ। ਇਸ ਛੋਟੀ ਜਿਹੀ ਉਮਰ ਵਿਚ ਇਹ ਲਗਨ ਲਗਣੀ ਬੜੇ ਹੀ ਉਜਲ ਨਸੀਬਾਂ ਦਾ ਸਿੱਟਾ ਹੈ। ਇਸ ਵੀਰ ਦੇ ਪਿਛਲੇ ਜਨਮ ਦੀਆਂ ਕਮਾਈਆਂ ਬੜੀਆਂ ਹੀ ਅਥਾਹ ਸਨ। ਸੰਸਾਰਕ ਸੰਸਕਾਰਾਂ ਦੀ ਖਲਜਗਣ ਵਿਚ ਕਦੇ ਵੀ ਖਚਤ ਨਹੀਂ ਹੋਏ ਸਨ, ਵਿਕਾਰ ਇਸ ਵੀਰ ਦੇ ਨੇੜੇ ਨਹੀਂ ਢੁਕੇ ਸਨ। ਬੜੇ ਹੀ ਸਿਧੇ ਸਾਦੇ ਸੂਧੇ ਮਿਜ਼ਾਜ ਦੇ ਰਾਜ ਦੁਲਾਰੇ ਸਨ।

ਇਨ੍ਹਾਂ ਦੇ ਪੁਰਾਤਨ ਮੇਲੀ ਭਾਈ ਕਾਹਨ ਸਿੰਘ ਗ੍ਰੰਥੀ ਨੇ ਇਕ ਵਾਰ ਸੁਤੇ ਸੁਭਾਅ ਹੀ ਇੰਨਾ ਕਹਿ ਦਿਤਾ ਕਿ ਆਪ ਦੀ ਅੰਸ ਤੋਂ ਬੰਸ ਪੈਦਾ ਹੋਣੀ ਜ਼ਰੂਰੀ ਹੈ, ਤਾਂ ਤੇ ਆਪ ਜੇ ਸ਼ਾਦੀ ਕਰਵਾ ਲਵੋ, ਕੋਈ ਹਰਜ ਨਹੀਂ। ਭਾਈ ਕਾਹਨ ਸਿੰਘ ਜੀ ਦੇ ਇਸੇ ਕਹਿਣੇ ਅਨੁਸਾਰ ਇਨ੍ਹਾਂ ਦੇ ਅੰਦਰ ਸ਼ਾਦੀ ਕਰਾਣ ਦਾ ਫੁਰਨਾ ਤਾਂ ਫੁਰ ਗਿਆ, ਪਰੰਤੂ ਸੰਪੂਰਨ ਗੁਰਮਤਿ ਅਨੁਸਾਰ ਪੂਰਨ ਗੁਰਮਤਿ ਖਿਆਲਾਂ ਵਾਲੀ ਗੁਰਮੁਖ ਕੰਨਿਆ ਨਾਲ ਹੀ ਸੰਬੰਧ ਕਰਵਾਣ ਦੇ ਖਿਆਲ ਵਿਚ ਤਤਪਰ ਰਹੇ। ਅਸਾਡੇ ਪਾਸ ਜਦੋਂ ਵੀ ਆਉਂਦੇ ਸਨ ਤਾਂ ਇਨ੍ਹਾਂ ਦੇ ਇਹ ਖਿਆਲ ਮਲੀਆਮੇਟ ਹੋ ਜਾਂਦੇ ਸਨ ਅਤੇ ਸ਼ਾਦੀ ਕਰਾਉਣ ਦਾ ਕਦੇ ਨਾਉਂ ਤਕ ਨਹੀਂ ਲੈਂਦੇ ਸਨ। ਇਹ ਹਮੇਸ਼ਾ ਏਵੇਂ ਹੀ ਕਹਿੰਦੇ ਰਹਿੰਦੇ ਸਨ ਕਿ ਅਸੀਂ ਤਾਂ ਅਕਾਲ ਪੁਰਖ ਨਾਲ ਹੀ ਲੜ ਜੋੜਿਆ ਹੈ, ਹੋਰਥੇ ਲੜ ਜੋੜਨ ਦੀ ਲੋੜ ਨਹੀਂ। ਓੜਕ ਮਿਟਦਾ ਮਿਟਦਾ ਇਹ ਫੁਰਨਾ ਉੱਕਾ ਹੀ ਮਿਟ ਗਿਆ। ਸ਼ੁਕਰ ਹੈ ਕਿ ਸਭ ਸਫਾਈ ਹੋ ਗਈ, ਕਿਉਂਕਿ ਅੰਤ ਕਾਲ ਇਨ੍ਹਾਂ ਦਾ ਨੇੜੇ ਹੀ ਆ ਢੁਕਿਆ ਸੀ। ਕਿਸੇ ਨੂੰ ਖਾਬੋ ਖਿਆਲ ਹੀ ਨਹੀਂ ਸੀ, ਕਿ ਆਪ ਇਤਨੀ ਛੇਤੀ ਹੀ ਚੜ੍ਹਾਈਆਂ ਕਰ ਜਾਣਗੇ। ਚੜ੍ਹਾਈਆਂ ਕਰਨ ਤੋਂ ਪਹਿਲਾਂ ਇਨ੍ਹਾਂ ਦੇ ਸਰੀਰ ਨੂੰ ਕਸ਼ਟ ਖੇਦ ਤਾਂ ਬਹੁਤ ਹੋਏ ਅਤੇ ਹਦ ਦਰਜੇ ਦੇ ਹੋਏ। ਪਰ ਉਨ੍ਹਾਂ ਕਸ਼ਟਾਂ ਖੇਦਾਂ ਨੂੰ ਬੜੀ ਹੀ ਗੌਰਵਤਾ ਸਹਿਤ ਸਹਾਰਿਆ।

ਅਸਾਨੂੰ ਕਈਆਂ ਸਜਣਾਂ ਨੇ ਆ ਕੇ ਇਉਂ ਕਿਹਾ – ਕਿ ਐਸੇ ਵੀਰ ਗੁਰਮੁਖ ਨੂੰ ਅੰਤੀ-ਔਸਰੇ ਕਸ਼ਟ ਕਿਉਂ ਹੋਏ ਹਨ?ਇਨ੍ਹਾਂ ਦੀ ਨਵਿਰਤੀ ਵਾਸਤੇ ਅਰਦਾਸਾ ਹੋਣਾ ਅਤੀ ਜ਼ਰੂਰੀ ਹੈ। ਸਾਡੇ ਸਾਹਮਣੇ ਉਸ ਸਮੇਂ ਭਾਈ ਭਗਤੂ ਜੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਭਗਤ ਨਜ਼ਰੀ ਆ ਖੜੋਏ। ਅਫਜ਼ਲ ਗੁਰਮਤਿ ਕਰਣੀ ਵਾਲੇ ਭਾਈ ਭਗਤੂ ਜੀ ਨੂੰ ਅੰਤ-ਔਸਰ ਬੜਾ ਹੀ ਕਸ਼ਟ ਹੋਇਆ ਸੀ, ਅਤੀਸਾਰ ਵਿਚ (ਮਰੋੜਾਂ ਦੀ ਬੀਮਾਰੀ ਨਾਲ) ਬੜੇ ਹੀ ਮੁਬਤਲਾ ਰਹੇ ਸਨ। ਗੁਰਸਿਖ ਦੇ ਸਮੁਦਾਇਕ ਤੇ ਬਹੁਤ ਸਾਰੇ ਹੋਰ ਦੁਨਿਆਵੀ ਵਡੇਰਿਆਂ ਨੇ ਜਦੋਂ ਆ ਕੇ ਭਾਈ ਭਗਤੂ ਜੀ ਦੇ ਅਗੇ ਇਹ ਸੰਸਾ ਪ੍ਰਗਟ ਕਰਨਾ, ਤਾਂ ਉਨਾਂ (ਭਾਈ ਭਗਤੂ ਜੀ) ਨੇ ਉਤਰ ਦੇਣਾ ਕਿ ਪਿਛਲੇ ਜਨਮ ਦੇ ਸਾਰੇ ਕਸ਼ਟ ਇਥੇ ਹੀ ਨਿਵਾਰ ਜਾਣੇ ਹਨ, ਰਾਈ ਮਾਤਰ ਭੀ ਰਹਿਣ ਨਹੀਂ ਦੇਣੇ। ਜਦੋਂ ਦੂਜਾ ਸਵਾਲ ਉਨ੍ਹਾਂ ਅਗੇ ਇਹ ਕਰਨਾ, ਕਿ ਤੁਸੀਂ ਗੁਰੂ ਦੇ ਇਤਨੇ ਅਨਿੰਨ

(ਬਾਕੀ ਪੰਨਾ 63 ਤੇ)



Sri Satguru Jagjit Singh Ji eLibrary NamdhariElibrary@gmail.com

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 34 )*

ਕਈ ਪ੍ਰੇਮੀਆਂ ਦੇ ਖਿਆਲ ਹੁੰਦੇ ਨੇ ਕਿ ਖ਼ੁਦਕਸ਼ੀ ਕਰਨ ਪਿਛੋਂ ਦੁਖ ਖਤਮ ਹੋ ਜਾਣਗੇ। ਇਸ ਤਰ੍ਹਾਂ ਨਹੀਂ ਹੁੰਦੇ ਸਗੋਂ ਦੁਖ ਉਦੂੰ ਵੀ ਵਧ ਜਾਂਦਾ ਹੈ ਕਿਉਂਕਿ ਉਹ ਯਾਦ ਅੱਗੇ ਵੀ ਨਾਲ ਜਾਂਦੀ ਹੈ। ਰੂਹ ਤਾਂ ਮਰਦੀ ਨਹੀਂ, ਸਰੀਰ ਮਰਦਾ ਹੈ ਤੇ ਜ਼ਿੰਦਗੀ ਦੇ ਤਜਰਬੇ ਨਾਲ ਜਾਂਦੇ ਨੇ, ਦੁਖ ਵੀ ਨਾਲ ਹੀ ਜਾਂਦੇ ਨੇ, ਫੇਰ ਉਸਨੂੰ ਕਰਮਾਂ ਦੀ ਸਜ਼ਾ ਇਹ ਮਿਲਦੀ ਹੈ ਕਿ ਦੁਬਾਰਾ ਮਨੁੱਖ ਜਨਮ ਨਹੀਂ ਉਸ ਨੂੰ ਪ੍ਰਾਪਤ ਹੋਇਆ ਕਰਦਾ ਅਤੇ ਉਹ ਮਹਾਂ ਦੁਖੀ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਨੇ, ਉਸਨੂੰ ਦੈਂਤ ਮੰਡਲਾਂ ਵਿਚ ਹਨ੍ਹੇਰ ਘੁੱਪ ਵਿਚ ਥਾਂ ਮਿਲਦੀ ਹੈ ਜਿਥੋਂ ਮਹਾਂ ਪਰਲੋ ਆਉਣ ਤੀਕਰ ਨਿਕਲ ਕੇ ਕਿਸੇ ਜੂਨੀ ਵਿਚ ਦੇਹ ਪ੍ਰਾਪਤ ਨਹੀਂ ਕਰ ਸਕਦਾ, ਐਸਾ ਵੇਦਾਂ ਦਾ ਮਤ ਸੁਣੀਦਾ ਹੈ -

***ਆਤਮ ਘਾਤੀ ਹੈ ਜਗਤ ਕਸਾਈ॥ ਪੰਨਾ - 118***

ਅਜਾਮਲ ਨੇ ਦੁਖੀ ਹੋ ਕੇ ਆਤਮਘਾਤ ਕਰਨ ਦਾ ਫੈਸਲਾ ਕਰ ਲਿਆ। ਆਤਮਘਾਤ ਕਰਨ ਲਈ ਉਹ ਕਿਸੇ ਨੇੜੇ ਦੇ ਦਰਿਆ ਵਲ ਜਾ ਰਿਹਾ ਹੈ, ਰਸਤੇ ਵਿਚ ਉਸ ਨੇ ਕੁਝ ਧੂੜ ਉਡਦੀ ਤੱਕੀ, ਮਨ ਵਿਚ ਖਿਆਲ ਆਇਆ ਕਿ ਮੈਂ ਦੇਖਾਂ ਇਹ ਕੌਣ ਹਨ। ਜਦੋਂ ਸਾਫ ਦਰਸ਼ਨ ਹੋ ਗਏ ਤਾਂ ਉਸ ਨੇ ਦੇਖਿਆ ਕਿ ਇਹ ਤਾਂ ਮੇਰੇ ਹੀ ਮਹਾਂਪੁਰਸ਼ ਹਨ, ਮੇਰੇ ਹੀ ਗੁਰੂ ਦਾਤੇ ਹਨ। ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਦਾ ਫਲ ਜ਼ਰੂਰ ਹੀ ਪ੍ਰਾਪਤ ਹੋਇਆ ਕਰਦਾ ਹੈ।

ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ ਕਰਦੇ ਇਕ ਪਿੰਡ ਵਿਚ ਗਏ ਜੋ ਠੱਗਾਂ ਦਾ ਪਿੰਡ ਸੀ। ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਕੇ ਖਿਆਲ ਹੋਇਆ ਕਿ ਕੋਈ ਬਹੁਤ ਧਨੀ ਪੁਰਸ਼ ਸਾਡੇ ਪਿੰਡ 'ਚ ਆ ਗਏ। ਸਾਰਿਆਂ ਨੇ ਸਲਾਹ ਕਰੀ ਕਿ ਇਕੱਲੇ ਨਾ ਲੁਟਿਓ, ਆਪਾਂ ਆਪਣੇ ਪੀਰ ਦੀ ਸਹੁੰ ਖਾ ਕੇ ਕਹੀਏ, ਜੋ ਮਾਲ ਇਨ੍ਹਾਂ ਕੋਲੋਂ ਮਿਲੇਗਾ ਆਪਾਂ ਸਾਰੇ ਵੰਡ ਲਵਾਂਗੇ। ਭਾਈ ਬਾਲਾ ਤੇ ਮਰਦਾਨਾ ਨੂੰ ਮਾਰਨ ਲਈ ਸਾਰੀ ਰਾਤ ਤਿਆਰੀਆਂ ਕਰਦੇ ਰਹੇ ਪਰ ਜਦੋਂ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਦੇ ਪਵਿੱਤਰ ਗਲੇ 'ਚੋਂ ਬਾਣੀ ਦਾ ਉਚਾਰਨ ਹੋਇਆ ਤਾਂ ਇਨ੍ਹਾਂ ਨੂੰ ਨੀਂਦ ਆ ਗਈ, ਦਿਨ ਚੜ੍ਹ ਗਿਆ, ਸਾਰਾ ਪਿੰਡ ਸੁੱਤਾ ਪਿਆ ਹੈ। ਗੁਰੂ ਮਹਾਰਾਜ ਜੀ ਤੁਰ ਪਏ, ਪਿਛੋਂ ਠੱਗਾਂ ਨੂੰ ਜਾਗ ਆਈ, ਉਨ੍ਹਾਂ ਨੇ ਜਦੋਂ ਦੇਖਿਆ ਕਿ ਤਿੰਨੇ ਮੁਸਾਫਿਰ ਇਥੋਂ ਚਲੇ ਗਏ ਹਨ, ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਖੁਰਾ (ਪੈਰ ਦਾ ਨਿਸ਼ਾਨ) ਦਬਾਇਆ ਜਾਵੇ। ਜਵਾਨ ਆਦਮੀ ਜਾ ਕੇ ਸ਼ਸਤਰਾਂ ਨਾਲ ਮਾਰ ਦੇਵੋ, ਜੋ ਕੁਝ ਉਨ੍ਹਾਂ ਕੋਲ ਹੋਵੇਗਾ ਆਪਸ ਵਿਚ ਵੰਡ ਲਵਾਂਗੇ। ਕੁਝ ਮੀਲਾਂ ਤੇ ਜਦੋਂ ਉਨ੍ਹਾਂ ਨੇ ਗੁਰੂ ਮਹਾਰਾਜ ਨੂੰ ਦੇਖਿਆ ਤਾਂ ਦੂਰੋਂ ਹਾਕਾਂ ਮਾਰਦੇ ਨੇ ਕਿ ਅਸੀਂ ਤੁਹਾਨੂੰ ਜਾਣ ਨਹੀਂ ਦੇਣਾ, ਤੁਸੀਂ ਸਾਨੂੰ ਜਾਦੂ ਕਰਕੇ ਸੁਲਾ ਦਿਤਾ। ਉਨ੍ਹਾਂ ਨੇ ਕਿਹਾ ਅਸੀਂ ਤੁਹਾਨੂੰ ਮਾਰ ਕੇ ਤੁਹਾਡੀ ਤਲਾਸ਼ੀ ਲੈ ਕੇ ਧਨ ਲੈਣਾ ਹੈ। ਗੁਰੂ ਮਹਾਰਾਜ ਨੇ ਫੁਰਮਾਨ ਕਰਿਆ ਕਿ ਅਸੀਂ ਮਰਨ ਤੋਂ ਤਾਂ ਨਹੀਂ ਡਰਦੇ ਪਰ ਇਕ ਗੱਲ ਅਸੀਂ ਤੁਹਾਨੂੰ ਕਹਿੰਦੇ ਹਾਂ, ਉਹ ਤੁਸੀਂ ਜ਼ਰੂਰ ਕਰਨਾ। ਕਹਿਣ ਲੱਗੇ ਕੀ ਗੱਲ ਹੈ? ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਸਾਨੂੰ ਮਾਰਨ ਪਿਛੋਂ ਸਰੀਰਾਂ ਦਾ ਸਸਕਾਰ ਕਰ ਦੇਣਾ, ਆਹ ਲੱਕੜਾਂ ਦਾ ਕਿੱਡਾ ਢੇਰ ਪਿਆ ਹੈ। ਇਕ ਠੱਗ ਨੇ ਕਿਹਾ ਅੱਗ ਕਿਥੋਂ ਲਿਆਵਾਂਗੇ? ਗੁਰੂ ਮਹਾਰਾਜ ਨੇ ਦੂਰ ਇਸ਼ਾਰਾ ਕਰਕੇ ਕਿਹਾ ਕਿ ਓ ਦੇਖੋ, ਕਿਸੇ ਮੁਰਦੇ ਨੂੰ ਜਲਾਣ ਲਈ ਚਿਖਾ ਜਲਾਈ ਹੋਈ ਹੈ, ਉਥੋਂ ਲੈ ਆਉਣਾ। ਉਸ ਨੇ ਕਿਹਾ ਗੱਲ ਤਾਂ ਠੀਕ ਹੈ, ਜੇ ਇਨ੍ਹਾਂ ਨੂੰ ਮਾਰ ਕੇ ਇਥੇ ਸੁੱਟ ਦਿਤਾ ਤਾਂ ਸਰਕਾਰੀ ਬੰਦਿਆਂ ਨੂੰ ਪਤਾ ਲਗੇਗਾ ਤਾਂ ਰੌਲਾ ਪੈ ਜਾਏਗਾ। ਚੰਗਾ ਹੈ ਇਨ੍ਹਾਂ ਦਾ ਖੁਰਾ ਖੋਜ ਹੀ ਮਿਟਾ ਦਿਤਾ ਜਾਵੇ।

ਦੋ ਜਣੇ ਅੱਗ ਲੈਣ ਚਲੇ ਗਏ। ਅੱਗੇ ਕੀ ਦੇਖਦੇ ਨੇ ਕਿ ਇਕ ਰੂਹ ਨੂੰ ਬਹੁਤ ਹੀ ਵਿਕਰਾਲ ਸਰੂਪ ਵਾਲੇ ਬੰਦਿਆਂ ਨੇ ਫੜਿਆ ਹੋਇਆ ਹੈ, ਉਸ ਨੂੰ ਮਾਰ ਕੁੱਟ ਰਹੇ ਹਨ। ਉਨ੍ਹਾਂ ਤੋਂ ਬਾਅਦ ਹੀ ਦੋ ਹੋਰ ਆ ਗਏ - ਬਹੁਤ ਸੋਹਣੇ। ਉਹ ਕਹਿਣ ਲੱਗੇ ਇਸ ਰੂਹ ਨੂੰ ਨਾ ਮਾਰੋ। ਜਮਾਂ ਨੇ ਉਸ ਰੂਹ ਨੂੰ ਮਾਰਨੋਂ ਛੱਡ ਦਿਤਾ, ਉਹ ਠੱਗ ਹੈਰਾਨ ਹੋ ਗਏ, ਉਨ੍ਹਾਂ ਨੇ ਪੁਛਿਆ ਕਿ ਕੀ ਗੱਲ ਹੈ?

ਇਕ ਨੇ ਕਿਹਾ, "ਇਹ ਪਾਪੀ ਹੈ, ਸਾਰੀ ਜ਼ਿੰਦਗੀ ਪਾਪ ਕੀਤੇ ਨੇ ਅਤੇ ਅਸੀਂ ਨਰਕਾਂ ਨੂੰ ਲਿਜਾ ਰਹੇ ਹਾਂ।"

ਦੂਜੇ ਕਹਿਣ ਲੱਗੇ, "ਪਾਪ ਤਾਂ ਇਸ ਨੇ ਕਰੇ ਨੇ ਪਰ ਗੁਰੂ ਨਾਨਕ ਪਾਤਸ਼ਾਹ ਦੀ ਦ੍ਰਿਸ਼ਟੀ ਪੈ ਗਈ ਇਸ ਦੇ ਉਤੇ ਤੇ ਇਸ ਦੇ ਸਾਰੇ ਹੀ ਪਾਪਾਂ ਦਾ ਖਾਤਮਾ ਹੋ ਗਿਆ। ਹੁਣ ਇਸ ਨੂੰ ਬੈਕੁੰਠ ਧਾਮ ਨੂੰ ਲੈ ਕੇ ਜਾਣਾ ਹੈ, ਸਾਨੂੰ ਭਗਵਾਨ ਨੇ ਭੇਜਿਆ ਹੈ।"

ਕਹਿੰਦੇ, "ਗੁਰੂ ਨਾਨਕ ਪਾਤਸ਼ਾਹ ਕੌਣ ਹੈ?"

ਕਹਿੰਦੇ, "ਓਹੀ ਜਿਸ ਨੂੰ ਮਾਰਨ ਦੇ ਤੁਸੀਂ ਮਨਸੂਬੇ ਬੰਨ੍ਹ ਰਹੇ ਹੋ। ਭੋਲਿਓ! ਉਹ ਤਾਂ ਦੁਨੀਆਂ ਦਾ ਤਾਰਕ ਹੈ। ਕਿਥੇ ਲੇਖਾ ਦੇਓਂਗੇ? ਦੇਖੋ, ਇਧਰ ਉਂਗਲੀ ਕਰਕੇ ਇਸ਼ਾਰਾ ਕੀਤਾ ਸੀ ਜਿਸ ਦੇ ਫਲਸਰੂਪ ਇਹ ਪਾਪੀ ਜਮਾਂ ਦੀ ਮਾਰ ਤੋਂ ਛੁਟ ਗਿਆ।"

ਉਹ ਠੱਗ, ਬਗੈਰ ਅੱਗ ਲੈਣ ਤੋਂ ਵਾਪਸ ਆ ਗਏ। ਉਨ੍ਹਾਂ ਨੇ ਦੂਰੋਂ ਹੀ ਰੌਲਾ ਪਾ ਦਿਤਾ ਕਿ ਇਨ੍ਹਾਂ ਨੂੰ ਮਾਰਿਓ



Sri Satguru Jagjit Singh Ji eLibrary NamdhariElibrary@gmail.com

ਨਾ। ਨਗਰ ਵਾਲਿਆਂ ਨੂੰ ਆ ਕੇ ਦੱਸਿਆ। ਅਖੀਰ ਸਾਰਿਆਂ ਨੇ ਗੁਰੂ ਮਹਾਰਾਜ ਦੇ ਚਰਨ ਫੜ ਲਏ।

ਸੋ ਇਸ ਤਰ੍ਹਾਂ ਜਦੋਂ ਅਜਾਮਲ ਜਾ ਰਿਹਾ ਹੈ ਉਸ ਨੇ ਸੰਤਾਂ ਦੇ ਦਰਸ਼ਨ ਕੀਤੇ। ਜਿਸ ਉਪਰ ਵੀ ਸੰਤਾਂ ਦੀ ਦ੍ਰਿਸ਼ਟੀ ਪੈਂਦੀ ਹੈ, ਉਸਦੇ ਅੰਦਰ ਪਰਿਵਰਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਅਜਾਮਲ ਨੇ ਜਦੋਂ ਦਰਸ਼ਨ ਕੀਤੇ ਤਾਂ ਮਨ ਵਿਚ ਆਇਆ ਕਿ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰ ਦੇਈਏ, ਮਰਨਾ ਤਾਂ ਹੈ ਹੀ। ਅੰਦਰਲਾ ਗਿਆਨ ਉਘੜਨਾ ਸ਼ੁਰੂ ਹੋ ਗਿਆ। ਜਦੋਂ ਮਹਾਂਪੁਰਸ਼ ਨੇੜੇ ਆਏ, ਬਿਰਧ ਅਵਸਥਾ ਦੇ ਨੇ ਤੇ ਅਜਾਮਲ ਨੇ ਪਛਾਣ ਲਿਆ ਕਿ ਇਹ ਤਾਂ ਮੇਰੇ ਗੁਰੂ ਹਨ ਜਿਨ੍ਹਾਂ ਨੂੰ ਮੈਂ ਪਿੱਠ ਦੇ ਕੇ ਇਥੇ ਪਹੁੰਚਿਆ ਹਾਂ, ਕਿਉਂ ਨਾ ਮੈਂ ਓਸ ਦਿਨ ਇਨ੍ਹਾਂ ਦਾ ਬਚਨ ਮੰਨਿਆ ਤੇ ਮੈਂ ਕਿੱਡਾ ਅਭਿਮਾਨ ਕਰਿਆ ਕਿ ਮੈਂ ਨਹੀਂ ਗਿਰ ਸਕਦਾ। ਓਸ ਵੇਲੇ ਚਰਨਾਂ ਤੇ ਧਾਹ ਕੇ ਗਿਰ ਗਿਆ, ਧਰਤੀ ਦੇ ਉਤੇ, ਧੂੜ ਦੇ ਵਿਚ। ਚਰਨ ਨਹੀਂ ਛਡਦਾ।

ਮਹਾਤਮਾ ਨੀਵੇਂ ਹੋਏ, ਮੋਢੇ ਤੋਂ ਫੜ ਕੇ ਚੁਕਿਆ। ਕਹਿਣ ਲੱਗੇ, "ਬੇਟਾ ਐਨਾ ਵੈਰਾਗ ਕਿਸ ਗੱਲ ਦਾ ਕਰਦਾ ਹੈਂ? ਕੌਣ ਹੈਂ ਤੂੰ?"

ਕਹਿੰਦਾ," ਮਹਾਰਾਜ! ਮੈਂ ਪਤਿਤ ਅਜਾਮਲ, ਮਹਾਂ ਪਾਪੀ।"

ਮਹਾਤਮਾ ਕਹਿਣ ਲੱਗੇ, "ਅਜਾਮਲ! ਬੇਟਾ ਐਂ ਨਹੀਂ ਕਹੀਦਾ। ਜੇ ਤੂੰ ਮਹਾਂਪਾਪੀ ਹੁੰਦਾ, ਤੇਰੇ ਪੁੰਨ ਸਾਰੇ ਖਤਮ ਹੋ ਗਏ ਹੁੰਦੇ ਤਾਂ ਤੂੰ ਸਾਧੂਆਂ ਦੇ ਦਰਸ਼ਨ ਨਹੀਂ ਸੀ ਕਰ ਸਕਦਾ। ਸਾਧੂਆਂ ਦੇ ਦਰਸ਼ਨ ਤਾਂ ਹੀ ਹੁੰਦੇ ਨੇ ਜੇ ਪੁੰਨ ਬਚਦੇ ਹੋਣ। ਪਾਪ ਵਧ ਜਾਣ ਤਾਂ ਦੇਖ ਕੇ ਪਿੱਠ ਕਰ ਲਏਗਾ, ਨੇੜੇ ਨਹੀਂ ਆ ਸਕਦਾ। ਅੰਦਰ ਨਿੰਦਿਆ ਦਾ ਵਿਚਾਰ ਕਰੇਗਾ। ਕੋਈ ਗੱਲ ਚੱਲੇਗੀ, ਈਰਖਾ ਦੀ ਲਹਿਰ ਚੱਲੇਗੀ ਕਿਉਂਕਿ ਉਸ ਦੇ ਭਾਗ ਮੰਦੇ ਨੇ, ਫੇਰ ਸਾਧੂਆਂ ਨਾਲ ਖਹੇਗਾ, ਦੁਖ ਦੇਣ ਦਾ ਤਰੀਕਾ ਸੋਚੇਗਾ।"

ਸੋ ਬੇਟਾ! ਐਉਂ ਨਾ ਕਹਿ, ਤੂੰ ਪਾਪੀ ਨਹੀਂ ਹੈਂ, ਤੇਰੇ ਪੁੰਨ ਬੜੇ ਬਚੇ ਹੋਏ ਨੇ।"

ਕਹਿੰਦਾ, "ਨਾ ਮਹਾਰਾਜ! ਮੈਂ ਪਾਪੀ ਹਾਂ।" ਸਾਰੀ ਵਿਥਿਆ ਦੱਸੀ।

ਕਹਿੰਦੇ, "ਨਾ! ਖੁਦਕਸ਼ੀ ਨਾ ਕਰ। ਜਾਹ! ਤੇਰੇ ਸੱਤਵਾਂ ਪੁੱਤਰ ਹੋਣਾ ਹੈ ਸਾਡੇ ਕੋਲ ਲੈ ਆਈਂ, ਅਸੀਂ ਨਾਉ ਰੱਖਾਂਗੇ।"

***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ॥***
***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ॥***
***ਭਾਈ ਗੁਰਦਾਸ ਜੀ ਦੀ ਵਾਰ10/20***

ਯਾਦ ਆ ਗਿਆ ਬਚਨ। ਪੁੱਤਰ ਨੂੰ ਲੈ ਕੇ ਗੋਦੀ 'ਚ ਪਾ ਕੇ ਵੇਸ਼ਵਾ ਨੂੰ ਨਾਲ ਲੈ ਲਿਆ, ਛੇ ਪੁੱਤਰ ਨਾਲ ਲੈ ਲਏ। ਜਾ ਕੇ ਚਰਨਾਂ ਤੇ ਸਿਰ ਰੱਖ ਦਿਤਾ।

ਕਹਿਣ ਲਗਿਆ, "ਮਹਾਰਾਜ! ਆਹ ਸੱਤਵਾਂ ਪਾਪ ਦਾ ਫਲ ਪੈਦਾ ਹੋ ਗਿਆ।"

ਕਹਿੰਦੇ, "ਕੌਣ ਹੈਂ ਬੇਟਾ?

ਕਹਿੰਦਾ, "ਮੈਂ ਅਜਾਮਲ।"

ਕਹਿੰਦੇ, "ਅੱਛਾ! ਚੰਗਾ, ਅਸੀਂ ਇਸਦਾ ਨਾਉਂ ਰੱਖਦੇ ਹਾਂ।"

***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ॥***
***ਭਾਈ ਗੁਰਦਾਸ ਜੀ ਦੀ ਵਾਰ10/20***

ਕਹਿੰਦੇ, "ਨਾਰਾਇਣ-ਨਾਰਾਇਣ ਕਹੀ ਜਾਈਂ, ਤੈਨੂੰ ਅਸੀਂ ਭਜਨ ਕਰਨ ਨੂੰ ਨਹੀਂ ਕਹਿੰਦੇ ਕਿਉਂਕਿ ਪਾਪ ਇੰਨੇ ਜ਼ਿਆਦਾ ਨੇ, ਤੇਰੀ ਭਜਨ ਕਰਨ ਦੀ ਰੁਚੀ ਨਹੀਂ ਬਣਨੀ।"

ਜਿਸ ਦੇ ਮਨ ਵਿਚ ਪਾਪ ਵਧੇ ਹੋਣ, ਉਸ ਦਾ ਭਜਨ ਵਿਚ ਚਿਤ ਨਹੀਂ ਲੱਗਿਆ ਕਰਦਾ, ਉਬਾਸੀਆਂ ਆਉਣਗੀਆਂ ਨਾਮ ਜਪਣ ਵੇਲੇ, ਨਾਮ ਜਪਣ ਵੇਲੇ ਪੈ-ਪੈ ਕੇ ਸੌਂਏਗਾ, ਪਾਸੇ ਮਾਰੇਗਾ -

***ਬੁਰੇ ਕਾਮ ਕਉ ਊਠਿ ਖਲੋਇਆ॥***
***ਨਾਮ ਕੀ ਬੇਲਾ ਪੈ ਪੈ ਸੋਇਆ॥*** ***ਪੰਨਾ - 738***

ਉਸ ਵੇਲੇ ਸੋਏਗਾ, ਕਹੇਗਾ ਜਾਗ ਨਹੀਂ ਆਉਂਦੀ। ਭਾਈ, ਤੇਰੇ ਪਾਪ ਵਧ ਗਏ। ਆਪਣੇ ਜੀਵਨ ਨੂੰ ਤੂੰ ਸ਼ੁਧ ਕਰ, ਬਾਣੀ ਪੜ੍ਹ, ਸਤਿਸੰਗ ਦੇ ਵਿਚ ਆ, ਤੇਰੇ ਪਾਪ ਝੜ ਜਾਣਗੇ।

ਕਹਿੰਦੇ, "ਬੇਟਾ ਅਜਾਮਲ! ਤੈਥੋਂ ਨਾਮ ਨਹੀਂ ਜਪਿਆ ਜਾਣਾ। ਇਕ ਗੱਲ ਕਰ ਲੈ, ਇਸ ਬੱਚੇ ਦਾ ਨਾਉਂ ਨਾਰਾਇਣ ਹੈ, ਤੂੰ ਨਾਰਾਇਣ-ਨਾਰਾਇਣ ਕਹੀ ਜਾਈਂ।"

ਹੁਕਮ ਮੰਨ ਲਿਆ, ਕਹਿੰਦਾ, "ਠੀਕ ਹੈ ਮਹਾਰਾਜ! ਛੋਟਾ ਬੱਚਾ ਹੈ ਇਹ ਕੁਦਰਤੀ ਮੈਨੂੰ ਪਿਆਰਾ ਹੈ।" ਜਦੋਂ ਦੇਖਦਾ ਹੈ ਨਾਰਾਇਣ-ਨਾਰਾਇਣ ਕਰੀ ਜਾਂਦਾ ਹੈ।

ਅਖੀਰ ਉਹ ਸਮਾਂ ਆ ਗਿਆ ਸਾਧ ਸੰਗਤ ਜੀ! ਆਪਾਂ ਸਾਰਿਆਂ ਤੇ ਵੀ ਆਉਣਾ ਹੈ। ਉਹ ਫਲ ਖਾਣਾ ਪੈਣਾ ਹੈ ਜਿਸ ਨੂੰ ਮੌਤ ਦਾ ਫਲ ਕਹਿੰਦੇ ਨੇ। ਇਕਨਾ ਨੂੰ ਕੌੜਾ ਲਗਣਾ ਹੈ, ਇਕਨਾਂ ਨੂੰ ਬੜਾ ਹੀ ਮਿਠਾ ਲਗਣਾ ਹੈ। ਜਿਨ੍ਹਾਂ ਨੇ ਜਨਮ ਸਵਾਰ ਲਿਆ -

***ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।***
***ਭਾਈ ਗੁਰਦਾਸ ਜੀ ਦੀ ਵਾਰ 19/14***

ਉਹ ਖੁਸ਼ੀ ਖੁਸ਼ੀ ਆਪਣੇ ਘਰ ਨੂੰ ਜਾਂਦਾ ਹੈ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਪੰਨਾ - 1365***

ਪੂਰਨ ਪਰਮ ਅਨੰਦ ਦੀ ਪ੍ਰਾਪਤੀ ਆਹ ਦੇਹ ਛੱਡਣ ਤੋਂ ਬਾਅਦ ਹੋਇਆ ਕਰਦੀ ਹੈ।

***ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥***
***ਪੰਨਾ - 1365***



Sri Satguru Jagjit Singh Ji eLibrary NamdhariElibrary@gmail.com

ਉਹ ਤਾਂ ਆਪਣੇ ਘਰ ਨੂੰ ਜਾਂਦਾ ਹੈ।

***ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥***

***ਪੰਨਾ - 1365***

ਰੋਵੋ ਨਿਗੁਰੇ ਪੁਰਸ਼ ਨੂੰ ਜਿਸ ਨੇ ਕੁੱਤਿਆਂ ਬਿਲਿਆਂ ਦੀ ਜੂਨ 'ਚ ਪੈਣਾ ਹੈ ਜਾ ਕੇ। ਸੋ ਉਨ੍ਹਾਂ ਨੂੰ ਕੌੜਾ ਲਗਦਾ ਹੈ ਇਹ ਫਲ। ਜਿਹੜੇ ਬੰਦਗੀ ਕਰਨ ਵਾਲੇ ਨੇ ਉਹ ਤਾਂ ਇੰਤਜ਼ਾਰ ਕਰਦੇ ਨੇ, ਗਿਣਦੇ ਨੇ ਦਿਨ ਕਿ ਅੱਜ ਇੰਨੇ ਦਿਨ ਹੋਰ ਰਹਿ ਗਏ ਫੇਰ ਆਪਣੇ ਘਰ ਨੂੰ ਚਲਾਂਗੇ, ਨਿਜ ਘਰ 'ਚ ਪਹੁੰਚ ਜਾਣਾ ਹੈ। ਸੰਤ ਰਹਿੰਦੇ ਕਿਥੇ ਹੁੰਦੇ ਨੇ ਸਾਧ-ਸੰਗਤ ਜੀ! ਕੋਈ ਦੇਸ਼ ਠਿਕਾਣਾ ਹੈ? ਕਬੀਰ ਸਾਹਿਬ ਨੂੰ ਪੁਛਿਆ ਕਿ ਸੰਤਾਂ ਦਾ ਕੋਈ ਟਿਕਾਣਾ ਹੈ ਕਿ ਕਿਥੇ ਜਾ ਕੇ ਰਹਿੰਦੇ ਨੇ?

ਕਹਿੰਦੇ, " ਭਾਈ! ਉਹ ਸਤਿ-ਚਿਤ-ਅਨੰਦ ਦਾ ਦੇਸ਼ ਹੋਇਆ ਕਰਦਾ ਹੈ।"

***ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥***
***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥***

***ਪੰਨਾ - 1372***

ਸਹਿਜ ਤੇ ਸੁੰਨ, ਜਿਸ ਥਾਂ ਤੇ ਫੁਰਨਾ ਨਹੀਂ ਹੋਇਆ ਕਰਦਾ ਤੇ ਸਹਿਜ ਅਵਸਥਾ ਦੇ ਅੰਦਰ ਸਭ ਥਾਂ ਦੇ ਉਤੇ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਓਸ ਘਾਟ ਤੇ ਸੰਤ ਵਾਸਾ ਕਰਿਆ ਕਰਦੇ ਨੇ ਤੇ ਉਨ੍ਹਾਂ ਦਾ ਰਸਤਾ ਦੁਨੀਆਂ ਖੋਜਦੀ ਫਿਰਦੀ ਹੈ। ਦੁਨੀਆਂ ਸੰਤਾਂ ਕੋਲ ਨਹੀਂ ਪਹੁੰਚ ਸਕਦੀ। ਸੰਤ ਤਾਂ ਦੁਨੀਆਂ ਤੋਂ ਜਾਣ ਸਮੇਂ ਪ੍ਰਸੰਨ ਹੁੰਦੇ ਹਨ। ਜਿਹੜੇ ਦੂਸਰੇ ਪਾਪੀ ਹੁੰਦੇ ਨੇ, ਇਹ ਧੱਕੇ ਖਾਂਦੇ ਨੇ -

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥***

***ਪੰਨਾ - 1073***

ਪਾਤਸ਼ਾਹ! ਕਿੰਨੇ ਨਰਕ ਨੇ? ਮਹਾਰਾਜ ਕਹਿੰਦੇ, "ਕੋਈ 84 ਕਹਿੰਦਾ ਹੈ, ਕੋਈ 18 ਕਹਿੰਦਾ ਹੈ। ਸਾਡਾ ਵਾਦ-ਵਿਵਾਦ ਨਹੀਂ ਹੈ, ਇਨ੍ਹਾਂ ਗਿਣਤੀਆਂ ਵਿਚ ਨਹੀਂ ਅਸੀਂ ਪੈਂਦੇ। ਅਸੀਂ ਕਹਿੰਦੇ ਹਾਂ ਜਿੰਨੇ ਵੀ ਨਰਕ ਨੇ, ਸਭ ਮਨਮੁਖ ਨੂੰ ਭੋਗਣੇ ਪੈਣੇ ਨੇ।"

ਸੋ ਹੁਣ ਅੰਤ ਸਮਾਂ ਆ ਗਿਆ। ਹੁਣ ਇਕਨਾਂ ਦੇ ਸਵਾਗਤ ਵਾਸਤੇ ਤਾਂ ਦੇਵਗਣ ਆਉਂਦੇ ਨੇ - ਬਿਬਾਨ ਲੈ ਕੇ, ਇਕਨਾਂ ਨੂੰ ਜਿਵੇਂ ਪੁਲਿਸ ਫੜਨ ਆਇਆ ਕਰਦੀ ਹੈ ਜਿਨ੍ਹਾਂ ਨੇ ਇਥੇ ਆ ਕੇ ਬੰਦਗੀ ਨਹੀਂ ਕੀਤੀ, ਉਨ੍ਹਾਂ ਬਾਰੇ ਫੁਰਮਾਨ ਹੈ -

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥ ਪੰਨਾ - 953***

ਤੇ ਵਹੀ ਕੱਢ ਕੇ ਬਹਿ ਜਾਂਦਾ ਹੈ -

***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥***

***ਪੰਨਾ - 953***

ਜਿਨ੍ਹਾਂ ਨੇ ਗੁਰੂ ਦੀ ਬਾਤ ਨਹੀਂ ਮੰਨੀ, ਸੰਤਾਂ ਦੇ ਬਚਨ ਨਹੀਂ ਮੰਨੇ, ਉਹ ਆਕੀ ਪੁਰਸ਼ ਨੇ, ਆਪ-ਮੁਹਾਰੇ ਬੰਦੇ ਨੇ, ਉਨ੍ਹਾਂ ਨੂੰ ਫੇਰ ਤਲਬਾਂ ਪੈਂਦੀਆਂ ਨੇ, ਸੰਮਨ ਆਉਂਦੇ ਨੇ, ਵਾਰੰਟ ਆਉਂਦੇ ਨੇ ਤੇ ਵਾਰੰਟ ਆਉਣ ਨਾਲ ਫੇਰ ਫੜ ਕੇ ਲੈ ਜਾਂਦੇ ਨੇ -

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***

***ਪੰਨਾ - 464***

ਸੰਗਲ ਗਲ 'ਚ ਪਾ ਕੇ ਲੈ ਜਾਂਦੇ ਨੇ ਤੇ ਜਿਹੜੇ ਲੈ ਜਾਂਦੇ ਨੇ ਉਨ੍ਹਾਂ ਨੂੰ ਜਮਦੂਤ ਕਹਿੰਦੇ ਨੇ। ਜਿਹੜੇ ਸਧਾਰਨ ਬੰਦੇ ਨੇ ਸਵਰਗਾਂ ਨੂੰ ਜਾਣ ਵਾਲੇ, ਉਨ੍ਹਾਂ ਨੂੰ ਜਮਦੂਤ ਨਹੀਂ ਲੈਣ ਆਉਂਦੇ, ਉਨ੍ਹਾਂ ਨੂੰ ਲੈਣ ਲਈ ਦੂਤ ਆਉਂਦੇ ਨੇ, guide ਲੈਣ ਆਇਆ ਕਰਦੇ ਨੇ। ਜਿਨ੍ਹਾਂ ਨੇ ਜਿੰਦਗੀ ਪਾਪਾਂ 'ਚ ਗੁਜ਼ਾਰੀ ਹੈ ਉਹ ਦੁਖੀ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਨਾਮ ਨਹੀਂ ਜਪਿਆ। ਫੁਰਮਾਨ ਹੈ -

***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥ ਪੰਨਾ - 264***

ਜਮਦੂਤ ਬਹੁਤ ਭਿਆਨਕ ਨੇ, ਉਨ੍ਹਾਂ ਨੂੰ ਜਦੋਂ ਆਦਮੀ ਵੇਖਦਾ ਹੈ ਤਾਂ ਸਾਹ ਚੜ੍ਹ ਜਾਂਦਾ ਹੈ ਤੇ ਫੇਰ -

***ਅੰਤਕਾਲ ਜਮਦੂਤ ਵੇਖਿ ................॥***

***ਭਾਈ ਗੁਰਦਾਸ ਜੀ ਦੀ ਵਾਰ 10/20***

ਜਮਦੂਤ ਦੇਖ ਲਏ ਤੇ ਨੇੜੇ ਪੁੱਤਰ ਸੀ, ਨਾਰਾਇਣ ਮੂੰਹ ਤੇ ਚੜ੍ਹਿਆ ਹੋਇਆ ਸੀ ਓਸ ਵੇਲੇ ਅਵਾਜ਼ ਮਾਰਦਾ ਹੈ। ਏਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਡਰ ਕੇ ਹਾਕ ਪੁੱਤਰ ਨੂੰ ਮਾਰੀ,***
***ਮੁਖ ਤੋਂ ਨਰਾਇਣ ਬੋਲਿਆ -2, 2.***
***ਮੇਰੇ ਪਿਆਰੇ, ਬਈ ਮੁਖ ਤੋਂ ਨਰਾਇਣ ਬੋਲਿਆ-2***
***ਡਰ ਕੇ ਹਾਕ ਪੁੱਤਰ ਨੂੰ ਮਾਰੀ,......-2, 2.***

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ॥***
***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ॥***

***ਭਾਈ ਗੁਰਦਾਸ ਜੀ ਦੀ ਵਾਰ 10/20***

ਜਮਦੂਤ ਦੇਖ ਲਏ, ਪੁੱਤਰ ਨੂੰ ਹਾਕ ਮਾਰੀ। ਕਹਿੰਦਾ, "ਨਾਰਾਇਣ! ਨਾਰਾਇਣ!!" ਐਨਾ ਹੀ ਕਹਿ ਸਕਿਆ। ਮਹਾਰਾਜ ਕਹਿੰਦੇ -

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥***

***ਪੰਨਾ - 981***

ਕਹਿੰਦੇ ਨਾਰਾਇਣ ਕਹਿ ਕੇ ਅਵਾਜ਼ ਦੇ ਦਿਤੀ - ਆਪਣੇ ਪੁੱਤਰ ਦੀ ਪ੍ਰੀਤ ਕਰਕੇ।

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥***

***ਪੰਨਾ - 981***

ਲੇਕਿਨ ਉਸ ਦਾ ਧਿਆਨ ਪ੍ਰਮੇਸ਼ਰ ਵੱਲ ਚਲਿਆ ਗਿਆ। ਪੜ੍ਹਿਆ-ਲਿਖਿਆ ਤਾਂ ਸੀ, ਗੁਰੂ ਦੀ ਸੀ ਕਿਰਪਾ ਜਿਸਨੇ ਕਿਹਾ ਕਿ ਨਾਰਾਇਣ ਕਿਹਾ ਕਰ। ਓਸ ਵੇਲੇ ਧਿਆਨ



Sri Satguru Jagjit Singh Ji eLibrary NamdhariElibrary@gmail.com

ਪ੍ਰਭੂ ਵਲ ਚਲਿਆ ਗਿਆ। ਕਿੰਨਾ ਕੁ ਚਿਰ ਲੱਗਿਆ। ਕਹਿੰਦੇ ਇਕ ਸਾਹ ਦਾ ਅੱਧਾ ਹਿੱਸਾ ਅੰਦਰ ਨੂੰ ਗਿਆ ਹੈ, ਬਾਹਰ ਨੂੰ ਆਉਂਦੇ-ਆਉਂਦੇ 'ਚ ਧਿਆਨ ਪ੍ਰਮੇਸ਼ਰ ਵੱਲ ਚਲਿਆ ਗਿਆ। ਮੇਰੇ ਠਾਕੁਰ ਦੇ ਭੇਜੇ ਹੋਏ ਹਰਿ ਜਨ ਆ ਗਏ ਤੇ ਆ ਕੇ ਜਮਦੂਤਾਂ ਨੂੰ ਮਾਰ ਕੇ ਹਟਾ ਦਿਤਾ।

***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ॥***
***ਨਾਇ ਲਏ ਦੁਖੁ ਡੇਰਾ ਢਹਿਆ॥***
***ਭਾਈ ਗੁਰਦਾਸ ਜੀ ਦੀ ਵਾਰ 10/20***

ਵੱਡੀ ਪਦਵੀ ਪ੍ਰਾਪਤ ਹੋ ਗਈ।

***ਧਾਰਨਾ - ਗਤੀ ਮਿਲ ਗਈ ਜੋਗੀਆਂ ਵਾਲੀ,***
***ਇਕ ਵਾਰੀ ਰਾਮ ਬੋਲ ਕੇ -2, 2.***
***ਮੇਰੇ ਪਿਆਰੇ ਬਈ ਇਕ ਘੜੀ ਰਾਮ ਬੋਲ ਕੇ -2.***
***ਗਤੀ ਮਿਲ ਗਈ ਜੋਗੀਆਂ ਵਾਲੀ...... 2.***

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਪੰਨਾ - 902***

ਇਕ ਅੱਖ ਦੇ ਝਮਕੇ ਜਿੰਨੇ ਚਿਰ ਦੇ ਅੰਦਰ ਉਹ ਗਤੀ ਮਿਲ ਗਈ। ਸੋ ਮਹਾਰਾਜ ਫੁਰਮਾਨ ਕਰਦੇ ਹਨ ਕਿ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਅਪਰ ਅਪਾਰ ਹੈ, ਕਲਜੁਗ ਵਿਚ ਕੇਵਲ ਪ੍ਰਭੂ ਦਾ ਨਾਮ ਹੀ ਸਫਲ ਸਾਧਨ ਹੈ ਇਸ ਲਈ -

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥ ਪੰਨਾ - 1185***

ਸੋ ਇਸ ਤਰ੍ਹਾਂ ਮਹਾਰਾਜ ਨੇ ਕਲਜੁਗ ਨੂੰ ਨਾਮ ਦੀ ਮਹਾਨਤਾ ਦੱਸੀ ਕਿ ਨਾਮ ਜਪ ਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਸੋ ਰੁੱਤ ਆਈ ਹੋਈ ਹੈ ਹੁਣ ਨਾਮ ਜਪਣ ਦੀ, ਬਾਕੀ ਜਿਹੜੇ ਕਰਮ-ਧਰਮ ਨੇ, ਉਨ੍ਹਾਂ ਦੀ ਪੇਸ਼ ਨਹੀਂ ਚਲਦੀ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਨਾਮ ਜਪਣੇ ਦੀ ਰੁੱਤ ਹੁਣ ਆਈ ਹੈ,***
***ਜਪ ਲਓ ਨਾਮ ਵਾਹਿਗੁਰੂ -2, 2.***

ਸੋ ਏਸ ਤਰ੍ਹਾਂ ਹੁਣ ਜੋ ਰੁੱਤ ਹੈ, ਸਾਡਾ ਕਲਜੁਗ ਦਾ ਸਮਾਂ ਲੰਘ ਰਿਹਾ ਹੈ। ਭਿਆਨਕ ਸਮਾਂ ਹੈ ਹੱਦ ਤੋਂ ਜ਼ਿਆਦਾ, ਘਰ-ਘਰ ਦੇ ਅੰਦਰ ਕਲੇਸ਼ ਹੈ, ਕੋਈ ਐਸਾ ਮਨ ਨਹੀਂ ਜਿਸ ਦੇ ਅੰਦਰ ਕਲੇਸ਼ ਨਾ ਹੋਵੇ। ਮਹਾਰਾਜ ਕਹਿੰਦੇ ਇਸ ਦਾ ਇਕੋ ਹੀ ਇਲਾਜ ਹੈ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ - 262***

ਜੇ ਕਲਹ ਤੇ ਕਲੇਸ਼ ਮਿਟਾਉਣਾ ਹੈ ਤਾਂ ਪ੍ਰਮੇਸ਼ਰ ਨੂੰ ਯਾਦ ਕਰੋ -

***ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ***
***ਹਰਿ ਹਰਿ ਨਾਮੁ ਖੇਤੁ ਜਮਾਇਆ॥***
***ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ***
***ਸਭੁ ਲਾਹਾ ਮੂਲੁ ਗਵਾਇਆ॥ ਪੰਨਾ - 446***

ਨਾਮ ਤੋਂ ਬਗੈਰ ਜਿੰਨੇ ਕਰਮ-ਧਰਮ ਨੇ; ਪਹਿਲਾਂ ਤਾਂ ਆਦਮੀ ਕਰਮ ਕਰਦਾ ਹੀ ਨਹੀਂ, ਜੇ ਕੋਈ ਕਰਦਾ ਵੀ ਹੈ ਮਹਾਰਾਜ ਕਹਿੰਦੇ ਉਸ ਦਾ ਲਾਹਾ ਵੀ ਜਾਂਦਾ ਹੈ, ਮੂਲ ਵੀ ਜਾਂਦਾ ਹੈ ਤੇ ਲਾਭ ਵੀ ਚਲਾ ਜਾਂਦਾ ਹੈ। ਕਿਵੇਂ ਜਾਂਦਾ ਹੈ? ਇਕ ਬੰਦੇ ਨੇ ਤੀਰਥ-ਯਾਤਰਾ ਕਰੀ, ਬੜਾ ਸਮਾਂ ਲਾਇਆ, ਧਨ ਵੀ ਖਰਚਿਆ, ਪੁੰਨ-ਦਾਨ ਵੀ ਕਰਿਆ। ਇਕ ਨੇ ਵਰਤ ਰੱਖਣੇ ਸ਼ੁਰੂ ਕਰ ਦਿਤੇ। ਕਈ ਕਿਸਮ ਦੇ ਵਰਤ ਹੁੰਦੇ ਨੇ ਕਿ ਮੈਂ ਖੜ੍ਹਾ ਰਹਿਣਾ ਹੈ, ਕੋਈ ਕਹਿੰਦਾ ਹੈ ਮੈਂ ਨਹੀਂ ਖਾਣਾ। ਵਰਤ, ਪ੍ਰਣ ਨੂੰ ਕਹਿੰਦੇ ਨੇ। ਕਈ ਕਿਸਮ ਦੇ ਵਰਤ ਲੈ ਲਏ ਆਦਮੀ ਨੇ, ਤੇ ਉਹ ਤੀਰਥ ਯਾਤਰਾ ਵੀ ਕਰਦਾ ਹੈ। ਮਹਾਰਾਜ ਕਹਿੰਦੇ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਪੰਨਾ - 1428***

ਨਿਹਫਲ ਜਾਂਦਾ ਹੈ ਕਿਉਂਕਿ ਇਕ ਸਿਰਫ ਨਾਮ ਹੈ ਜਿਸ ਦੀ ਫਸਲ ਖਰਾਬ ਨਹੀਂ ਹੁੰਦੀ ਤੇ ਭਰਪੂਰ ਹੁੰਦੀ ਹੈ। ਇਥੇ ਵੀ ਸਹਾਇਤਾ ਕਰਦਾ ਹੈ, ਦਰਗਾਹ ਵਿਚ ਜਾ ਕੇ ਵੀ ਸਹਾਇਤਾ ਕਰਦਾ ਹੈ। ਜਿਥੇ ਕੋਈ ਨਹੀਂ ਬਹੁੜ ਸਕਦਾ ਉਥੇ ਨਾਮ ਸਹਾਇਤਾ ਕਰਦਾ ਹੈ। ਏਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,***
***ਔਖੀ ਵੇਲਾ-ਔਖੀ ਵੇਲਾ -2, 2.***
***ਔਖੀ ਵੇਲਾ-ਔਖੀ ਵੇਲਾ -4, 2.***
***ਨਾਮ ਨੇ ਸਹਾਇਤਾ ਕਰਨੀ, ...... -4, 2.***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ ਪੰਨਾ - 264***

ਜਦੋਂ ਸੰਸਾਰ ਤੋਂ ਜਾਵਾਂਗੇ, ਨਾ ਮਾਂ ਨੇ ਨਾਲ ਜਾਣਾ ਹੈ, ਨਾ ਪਿਤਾ ਨੇ ਜਾਣਾ ਹੈ, ਨਾ ਮਿੱਤਰ ਨੇ ਜਾਣਾ ਹੈ, ਨਾ ਭਰਾ ਨੇ ਜਾਣਾ ਹੈ, ਨਾ ਪੈਸੇ ਨੇ ਜਾਣਾ ਹੈ, ਨਾ ਅਹੁਦਿਆਂ ਨੇ ਜਾਣਾ ਹੈ; ਜੀਵ ਇਕੱਲਾ ਜਾਂਦਾ ਹੈ। ਉਥੇ ਕੋਈ ਸਹਾਇਤਾ ਨਹੀਂ ਕਰਦਾ, ਉਥੇ ਜਪਿਆ ਹੋਇਆ ਨਾਮ, ਆਹ ਜੋ ਆਪ ਸਤਿਸੰਗ ਕਰ ਰਹੇ ਹੋ ਇਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਬੈਠ ਕੇ ਮੈਂ ਬੇਨਤੀ ਕਰਦਾ ਹਾਂ ਤੇ ਇਹਦਾ ਫਲ ਪਤਾ ਲਗੇਗਾ ਕਿ ਅਸੀਂ ਕਿੱਡਾ ਵੱਡਾ ਪੁੰਨ ਖੱਟ ਲਿਆ। ਜਮਦੂਤ ਦੀ ਮਜਾਲ ਨਹੀਂ ਹੈ ਕਿ ਉਸ ਨੂੰ ਕੁਝ ਕਹਿ ਸਕੇ -

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***
***ਪੰਨਾ - 256***

ਧਰਮਰਾਜ ਕਹਿੰਦਾ ਹੈ ਕਿ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਣ ਵਾਲੇ, ਹਰੀ ਦਾ ਜਸ ਕੀਰਤਨ ਕਰਨ ਵਾਲੇ ਸ੍ਵਣ


Sri Satguru Jagjit Singh Ji eLibrary NamdhariElibrary@gmail.com

ਕਰਦੇ ਨੇ ਬੈਠ ਕੇ, ਉਨ੍ਹਾਂ ਦੇ ਨੇੜੇ ਨਾ ਜਾਇਓ। ਜੇ ਚਲੇ ਗਏ ਤਾਂ ਨਾ ਮੈਂ ਛੁਟਾਂ, ਨਾ ਤੁਸੀਂ ਛੁਟੋਗੇ ਤੇ ਜਵਾਬ ਦੇਣਾ ਔਖਾ ਹੋ ਜਾਏਗਾ।

ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲੇ ਗੁਰੂ ਦਸਵੇਂ ਪਾਤਸ਼ਾਹ ਤੋਂ ਬਾਅਦ ਹੋਏ ਹਨ। ਮਹਾਰਾਜ ਦੇ ਸਮੇਂ ਹੀ ਭਾਈ ਦਇਆ ਸਿੰਘ ਜੀ ਨੇ ਬਹੁਤ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜੋ ਪੰਜ ਪਿਆਰਿਆਂ ਦੇ ਮੁਖੀ ਸਨ। ਉਨ੍ਹਾਂ ਨੇ ਬਾਬਾ ਸੋਭਾ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਬ੍ਰਹਮਗਿਆਨ ਦੀ ਦਾਤ ਦੇ ਕੇ ਆਨੰਦਪੁਰ ਸਾਹਿਬ ਦੀ ਸੇਵਾ ਵਾਸਤੇ ਭੇਜ ਦਿਤਾ। ਉਨ੍ਹਾਂ ਤੋਂ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਨੇ ਅੰਮ੍ਰਿਤ ਛਕਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਜੇ ਕਿਸੇ ਨੇ ਸਿੱਖੀ ਫੈਲਾਈ ਹੈ ਤਾਂ ਉਹ ਕੇਵਲ ਬਾਬਾ ਸਾਹਿਬ ਸਿੰਘ ਜੀ ਸੀ। ਆਪ ਖੁਦ ਅੰਮ੍ਰਿਤ ਛਕਾਇਆ ਕਰਦੇ ਸੀ, 13000 ਤੋਂ 20,000 ਤੱਕ ਫੌਜ ਉਨ੍ਹਾਂ ਨਾਲ ਹਰ ਵਕਤ ਰਿਹਾ ਕਰਦੀ ਸੀ। ਸਾਰੇ ਪੰਜਾਬ 'ਚ ਦੌਰਾ ਕਰਿਆ ਕਰਦੇ ਸੀ। ਆਪ ਦੇ ਲੰਗਰ ਦਾ ਜੋ ਸ੍ਰੀ ਮਾਨ (ਲਾਂਗਰੀ ਸਿੰਘ) ਸੀ, ਉਸ ਦਾ ਨਾਉ ਭਾਈ ਭਾਗ ਸਿੰਘ ਸੀ। ਉਸ ਦੀ ਮਾਤਾ ਇਕ ਦਿਨ ਚੜ੍ਹਾਈ ਕਰ ਗਈ। ਬਾਬਾ ਜੀ ਨੂੰ ਦਸਿਆ ਕਿ ਬਾਬਾ ਜੀ! ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ। ਅੰਤਰ ਧਿਆਨ ਹੋਏ, ਕਹਿੰਦੇ, "ਕੋਈ ਨਾ ਭਾਈ! ਉਨ੍ਹਾਂ ਦਾ ਸਰੀਰ ਨਾ ਜਲਾਇਓ, ਮਿਰਤਕ ਸਰੀਰ ਨੂੰ ਰੱਖਿਓ।"

ਕੁਝ ਪਹਿਰਾਂ ਤੋਂ ਬਾਅਦ ਕੋਈ 8-10 ਘੰਟਿਆਂ ਤੋਂ ਬਾਅਦ ਉਸ ਮਾਈ ਦਾ ਪੈਰ ਹਿਲਿਆ, ਹੌਲੀ-ਹੌਲੀ ਸਾਰਾ ਹੀ ਸਰੀਰ ਹਿੱਲਣ ਲੱਗ ਗਿਆ, ਉਠ ਕੇ ਬੈਠ ਗਈ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਦੀ। ਕਹਿਣ ਲੱਗੀ, "ਮੈਂ ਬਾਬਾ ਜੀ ਦੇ ਦਰਸ਼ਨ ਕਰਨੇ ਹਨ, ਮੈਨੂੰ ਓਥੇ ਲੈ ਚਲੋ।"

ਸਾਰੇ ਪੁਛਣ ਲੱਗ ਗਏ ਕਿ ਕੀ ਹੋਇਆ? ਕਹਿੰਦੀ, "ਓਥੇ ਦੱਸਾਂਗੀ ਮੈਂ ਸਾਰਿਆਂ ਨੂੰ।" ਬਾਬਾ ਜੀ ਦੇ ਕੋਲ ਲੈ ਆਏ। ਕਹਿੰਦੇ, "ਬਾਬਾ ਜੀ! ਭਾਈ ਭਾਗ ਸਿੰਘ ਦੀ ਮਾਤਾ ਜੀਉਂਦੀ ਹੋ ਗਈ।"

ਬਾਬਾ ਜੀ ਕਹਿਣ ਲੱਗੇ, "ਮਾਤਾ! ਕਿਵੇਂ ਹੋਇਆ?"

ਕਹਿੰਦੇ, "ਮਹਾਰਾਜ ਜੀ! ਮੈਨੂੰ ਕੋਈ ਦੂਤ ਲੈਣ ਵਾਸਤੇ ਆਇਆ, ਜਮਦੂਤ ਤਾਂ ਨਹੀਂ ਆਇਆ, ਕੋਈ ਦੂਤ ਆਇਆ ਤੇ ਮੈਨੂੰ ਧਰਮਰਾਜ ਦੇ ਲੈ ਗਏ। ਉਥੇ ਜਾ ਕੇ ਉਸ ਨੇ ਚਿੱਤਰ-ਗੁਪਤ ਨੂੰ ਕਿਹਾ ਕਿ ਇਹਦਾ ਲੇਖਾ ਪੱਤਾ ਕੱਢ। ਨਾਉਂ ਦੇਖੀ ਜਾਂਦੇ ਨੇ, ਮੇਰਾ ਨਾਉਂ ਹੀ ਨਹੀਂ ਨਿਕਲਦਾ। ਧਰਮਰਾਜ ਨੂੰ ਫਿਕਰ ਪੈ ਗਿਆ ਜਦੋਂ ਮੇਰਾ ਨਾਉਂ ਨਾ ਨਿਕਲਿਆ।

ਦੋ ਪਟੇ ਨੇ ਦਰਗਾਹ ਦੇ, ਜਿਵੇਂ ਆਹ ਜ਼ਮੀਨ ਦਾ ਪਟਾ ਲਿਖਦੇ ਨੇ। ਯੂ.ਪੀ. 'ਚ ਰਿਵਾਜ਼ ਹੈ ਪਟੇ ਲਿਖਣ ਦਾ। ਇਕ ਪਟਾ ਤਾਂ ਸੰਸਾਰ ਦੇ ਅੰਦਰ ਹੈ ਧਰਮਰਾਜ ਦਾ, ਇਕ ਪਟਾ ਹੈ ਗੁਰੂ ਵਾਲਿਆਂ ਦਾ, ਗੁਰੂਆਂ ਦਾ। ਦੋਹਾਂ ਤੇ ਹੀ ਸੰਸਾਰ ਦਾ ਨਾਉਂ ਲਿਖਿਆ ਹੋਇਆ ਹੈ। ਮਹਾਰਾਜ ਕਹਿੰਦੇ-

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਪੰਨਾ - 38***

ਜਿਹੜੇ ਨਿਗੁਰੇ ਪੁਰਸ਼ ਨੇ - ਮਾੜੇ ਕੰਮ ਕਰਨ ਵਾਲੇ, ਪਾਪ ਕਰਨ ਵਾਲੇ, ਠੱਗੀਆਂ ਕਰਨ ਵਾਲੇ, ਧੋਖੇ ਦੇਣ ਵਾਲੇ, ਗੁਰੂ ਦੇ ਹੁਕਮ ਦੀ ਉਲੰਘਣਾ ਕਰਨ ਵਾਲੇ, ਇਹ ਸਾਰੇ ਧਰਮਰਾਜ ਦੇ ਪਟੇ ਦੇ ਉਤੇ ਲਿਖ ਦਿਤੇ ਤੇ ਬਾਕੀ ਜਿਹੜੇ ਬੰਦਗੀ ਕਰਨ ਵਾਲੇ ਨੇ, ਉਹ ਗੁਰੂ ਦੇ ਪਾਸ ਜਾਇਆ ਕਰਦੇ ਨੇ।

ਕਹਿੰਦੀ, "ਜਦੋਂ ਮੇਰਾ ਨਾਮ ਨਾ ਨਿਕਲਿਆ ਤਾਂ ਧਰਮਰਾਜ ਗੰਭੀਰ ਹੋ ਗਿਆ, ਉਸ ਨੂੰ ਫਿਕਰ ਪੈ ਗਿਆ ਕਿ ਅਸੀਂ ਤਾਂ ਮਾੜਾ ਕੰਮ ਕਰਿਆ, ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਜਾਣ ਵਾਲੀ ਰੂਹ ਹੈ, ਉਨ੍ਹਾਂ ਦੇ ਬੰਦੇ ਨੇ, ਤੁਸੀਂ ਕਿਉਂ ਲੈ ਕੇ ਆਏ ਹੋ ਇਨ੍ਹਾਂ ਨੂੰ। ਤੁਹਾਨੂੰ ਕਿਹਨੇ ਕਿਹਾ ਸੀ ਇਨ੍ਹਾਂ ਨੂੰ ਲਿਆਉਣ ਵਾਸਤੇ। ਕੋਈ ਹੋਰ ਜੀਵ ਸੀ ਜਿਸ ਨੂੰ ਲਿਆਉਣਾ ਸੀ। ਤੁਸੀਂ ਇਸ ਨੂੰ ਲਿਆਂਦਾ ਹੈ, ਇਨ੍ਹਾਂ ਨੇ ਤਾਂ ਗੁਰੂ ਦੀ ਸਿੱਖੀ ਧਾਰਨ ਕਰੀ ਹੋਈ ਹੈ, ਨਾਮ ਜਪਦੀ ਹੈ, ਬਾਣੀ ਪੜ੍ਹਦੀ ਹੈ, ਜਾਓ ਇਸ ਨੂੰ ਵਾਪਸ ਕਰੋ।"

ਕਹਿੰਦੀ, "ਮਹਾਰਾਜ! ਮੈਨੂੰ ਕੇਵਲ ਵਾਪਸ ਹੀ ਨਹੀਂ ਕਰਿਆ, ਮੇਰੀ ਸੇਵਾ ਵੀ ਕਰਨ ਲੱਗ ਗਏ, ਬੜਾ ਮਾਣ ਦਿਤਾ।" ਕਿਉਂਕਿ ਗੁਰੂ ਮਹਾਰਾਜ ਦਾ ਹੁਕਮ ਹੈ -

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਪੰਨਾ - 271***

ਸਤਿਸੰਗ ਵਿਚ ਆਉਣ ਦਾ ਬਹੁਤ ਵੱਡਾ ਮਹਾਤਮ ਹੈ। ਸਤਿਸੰਗ ਵਿਚ ਦਿਬਯ ਵਿਅਕਤ ਅਤੇ ਅਵਿਅਕਤ ਦੋਨੋਂ ਰੂਹਾਂ ਬੈਠ ਕੇ ਅਨੰਦ ਮਾਣਦੀਆਂ ਹਨ, ਵਿਅਕਤ ਪ੍ਰੇਮੀ ਸਾਰੇ ਸਤਿਸੰਗ ਵਿਚ ਬੈਠੇ ਨਜ਼ਰ ਆਉਂਦੇ ਹਨ ਅਤੇ ਸਤਿਸੰਗ ਦਾ ਪ੍ਰਤੱਖ ਰੂਪ ਵਿਚ ਅਨੰਦ ਮਾਣਦੇ ਹਨ ਇਨ੍ਹਾਂ ਤੋਂ ਇਲਾਵਾ ਜੋ ਦੇਵ ਲੋਕ ਦੇ ਦੇਵਤਾ ਹਨ, ਵੱਡੇ ਤੀਰਥਾਂ ਦੇ ਅਭਿਮਾਨੀ ਦੇਵਤਾ ਹਨ, ਸ਼ਹੀਦ, ਅਮਰ ਰੂਹਾਂ ਇਥੋਂ ਤਕ ਕਿ ਬ੍ਰਹਮਾ, ਵਿਸ਼ਨੂੰ ਆਦਿ ਸੁਖ ਦੇਣ ਵਾਲੇ ਅਤੇ ਗੰਗਾ ਦੇ ਅਭਿਮਾਨੀ ਦੇਵਤੇ ਸਤਿਸੰਗ ਵਿਚ ਆ ਜਾਂਦੇ ਹਨ ਜਿਵੇਂ ਕਿ ਫੁਰਮਾਨ ਹੈ -

***ਕਹੁ ਕਮੀਰ ਅਬ ਕਹੀਐ ਕਾਹਿ।॥***
***ਸਾਧਸੰਗਤਿ ਬੈਕੁੰਠੇ ਆਹਿ॥ ਪੰਨਾ - 1161***

ਮਹਾਂਪੁਰਸ਼ ਐਸਾ ਭੀ ਕਹਿੰਦੇ ਹਨ -

***ਹਰਿ ਕੀ ਕਥਾ ਹੋਤਿ ਹੈ ਜਹਾਂ***
***ਗੰਗਾ ਭੀ ਚਲ ਆਵਤ ਤਹਾਂ।***

ਮਹਾਂਪੁਰਸ਼ਾਂ ਦਾ ਐਸਾ ਮਤ ਹੈ। ਇਕ ਵਾਰੀ ਨਾਰਦਮੁਨੀ ਜੀ ਨੇ ਵਰਤ ਰੱਖਿਆ ਅਤੇ ਉਸ ਨੇ ਵਰਤ ਉਪਾਰਨ ਲਈ ਵਿਸ਼ਨੂੰ ਜੀ ਦੇ ਦਰਸ਼ਨ ਕਰਨ ਦਾ ਇਰਾਦਾ ਬਣਾਇਆ। ਨਾਰਦਮੁਨੀ ਜੀ ਜਦੋਂ ਬੈਕੁੰਠ ਧਾਮ ਵਿਚ ਪਹੁੰਚਦੇ ਹਨ ਉਸ



Sri Satguru Jagjit Singh Ji eLibrary NamdhariElibrary@gmail.com

ਵੇਲੇ ਮਾਤਾ ਲਖਸ਼ਮੀ ਜੀ ਨੂੰ ਪੁਛਿਆ ਕਿ ਵਿਸ਼ਨੂੰ ਜੀ ਕਿਥੇ ਹਨ? ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਤ੍ਰਿਕਾਲਦਰਸ਼ੀ ਹੋ, ਆਪ ਯੋਗ ਵਿਦਿਆ ਨਾਲ ਧਿਆਨ ਲਾ ਕੇ ਦੇਖੋ ਕਿ ਉਹ ਕਿਥੇ ਹਨ? ਉਸ ਵੇਲੇ ਨਾਰਦ ਨੇ ਸਾਰੇ ਤੀਰਥਾਂ ਦੇ ਉਤੇ ਯੋਗ ਬਲ ਨਾਲ ਦੇਖਿਆ, ਵੱਡੇ ਵੱਡੇ ਯੋਗੀਆਂ ਦੇ ਹਿਰਦਿਆਂ ਵਿਚ ਦੇਖਿਆ, ਬਰਫਾਨੀ ਪਹਾੜਾਂ ਦੀਆਂ ਕੰਦਰਾਂ ਵਿਚ ਦੇਖਿਆ ਪਰ ਕਿਤੇ ਵੀ ਭਗਵਾਨ ਨਜ਼ਰ ਨਾ ਆਏ। ਇਸ ਤਰ੍ਹਾਂ ਦੇਖਦੇ ਦੇਖਦੇ ਉਨ੍ਹਾਂ ਨੂੰ ਦ੍ਰਿਸ਼ਟੀ ਆਇਆ ਕਿ ਇਕ ਥਾਂ ਸਤਿਸੰਗ ਹੋ ਰਿਹਾ ਹੈ ਤੇ ਵਿਸ਼ਨੂੰ ਜੀ ਸਭ ਤੋਂ ਪਿਛੇ ਫਟੇ ਹੋਏ ਤੱਪੜ ਤੇ ਬੈਠੇ ਹਨ। ਉਥੇ ਜਾ ਕੇ ਪ੍ਰਭੂ ਨੂੰ ਪੁਛਿਆ ਕਿ ਆਪ ਲਈ ਵੱਡੇ ਵੱਡੇ ਮੰਦਰ ਹਨ, ਵੱਡੇ ਵੱਡੇ ਯੋਗੀ ਤੁਹਾਡਾ ਧਿਆਨ ਧਰਦੇ ਹਨ ਆਪ ਦੇ ਦਰਸ਼ਨ ਕਰਨ ਲਈ, ਮੈਂ ਆਪ ਨੂੰ ਸਭ ਥਾਵਾਂ ਦੇਖਿਆ ਪਰ ਤੁਸੀਂ ਕਿਤੇ ਨਜ਼ਰ ਨਾ ਆਏ ਪਰ ਮੈਂ ਹੈਰਾਨ ਹਾਂ ਕਿ ਤੁਸੀਂ ਗਰੀਬ ਆਦਮੀਆਂ ਵਿਚ ਫਟੇ ਹੋਏ ਤੱਪੜ ਤੇ ਸਭ ਤੋਂ ਪਿਛੇ ਬੈਠੇ ਹੋ, ਇਸ ਦਾ ਕਾਰਨ ਕੀ ਹੈ? ਵਿਸ਼ਨੂੰ ਜੀ ਨੇ ਕਿਹਾ ਕਿ ਸੰਸਾਰ ਵਿਚ ਇਹ ਮਸ਼ਹੂਰ ਹੈ ਕਿ ਮੇਰੀ ਕੋਈ ਮਾਤਾ, ਪਿਤਾ, ਪੁੱਤਰ, ਕੁਟੰਬ ਨਹੀਂ ਪਰ ਸੰਸਾਰ ਨੂੰ ਪਤਾ ਨਹੀਂ ਕਿ ਮੇਰਾ ਅਸਲੀ ਘਰ ਸਤਿਸੰਗ ਵਿਚ ਹੈ, ਸਾਧੂਆਂ ਦੀ ਸੰਗਤ ਵਿਚ ਹੈ, ਸਾਧੂਆਂ ਦੀ ਸੰਗਤ ਵਿਚੋਂ ਹੀ ਮੇਰਾ ਦਰਸ਼ਨ ਹੁੰਦਾ ਹੈ ਕਿਉਂਕਿ ਮੇਰਾ ਨਿਜ ਰੂਪ ਓਹੀ ਹੈ, ਬਾਕੀ ਤਾਂ ਸੰਸਾਰ ਦੇ ਹੀ ਕਲਪਤ ਕੀਤੇ ਰੂਪ ਹਨ, ਮੇਰੀ ਮਾਤਾ, ਮੇਰਾ ਪਿਤਾ, ਮੇਰੇ ਮਿਤਰ, ਮੇਰੇ ਪੁਤਰ ਇਹ ਸਾਰੇ ਸਾਧੂਆਂ ਦੀ ਸੰਗਤ ਵਿਚ ਹਨ। ਸਾਧੂਆਂ ਦੀ ਸੰਗਤ ਵਿਚੋਂ ਸਾਰੇ ਖਜ਼ਾਨੇ, ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਹੁੰਦੀ ਹੈ, ਸਾਧੂਆਂ ਦੀ ਸੰਗਤ ਵਿਚ ਮੈਂ ਸਹਿਜ ਅਵਸਥਾ ਦਾ ਸੁਖ ਪਾਉਂਦਾ ਹਾਂ ਕਿਉਂਕਿ ਸਾਧੂਆਂ ਦੀ ਸੰਗਤ ਅਤੀ ਉਪਮਾ ਵਾਲੀ ਹੈ ਅਤੇ ਉਪਮਾ ਯੋਗ ਹੈ। ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦੱਸਿਆ ਹੈ –

***ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ,***
***ਦਰਸਨ ਸਾਧ ਸੰਗ, ਮੇਰੋ ਨਿਜ ਰੂਪ ਹੈ॥***
***ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ,***
***ਸਾਧ ਸੰਗ ਮੇਰੋ ਸੁਤ ਸ੍ਰੇਸਟ ਅਨੂਪ ਹੈ।***
***ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ,***
***ਸਾਧ ਸੰਗ ਨਿਜ ਪਦ ਸੇਵਾ ਦੀਪ ਧੂ ਹੈ।***
***ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ,***
***ਸਾਧ ਸੰਗ ਸੋਭਾ ਅਤਿ ਉਪਮਾ ਔ ਊਪ ਹੈ॥***

***ਕਬਿੱਤ (ਭਾਈ ਗੁਰਦਾਸ ਜੀ)***

ਸਾਧੂਆਂ ਦੀ ਸੰਗਤ ਦਾ ਐਨਾ ਮਹਾਤਮ ਹੈ ਕਿ ਜੇ ਕੋਈ ਇਕ ਘੜੀ ਵੀ ਸਤਿਸੰਗ ਮਨ ਚਿੱਤ ਲਾ ਕੇ ਕਰ ਲਵੇ ਉਹ ਵੀ ਨਿਜ ਘਰ ਪਹੁੰਚ ਜਾਂਦਾ ਹੈ।

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥***

***ਪੰਨਾ – 1377***

ਜਿਸ ਤਰ੍ਹਾਂ ਦੇ ਨਾਲ ਚੰਦਨ ਦੇ ਨੇੜੇ ਜਿੰਨੇ ਵੀ ਦਰਖਤ ਹੋਣਗੇ ਉਨ੍ਹਾਂ ਸਭ ਵਿਚ ਚੰਦਨ ਦੀ ਵਾਸ਼ਨਾ ਸਮਾਅ ਜਾਂਦੀ ਹੈ ਇਸ ਤਰ੍ਹਾਂ ਜੋ ਸਤਿਸੰਗ ਕਰਦੇ ਹਨ ਇਨ੍ਹਾਂ ਵਿਚ ਵੀ ਚੰਦਨ ਦੀ ਵਾਸ਼ਨਾ ਵਾਹਿਗੁਰੂ ਦੀ ਹੋਂਦ ਦਾ ਅਹਿਸਾਸ ਸਮਾਅ ਜਾਂਦਾ ਹੈ। ਜਿਸ ਤਰ੍ਹਾਂ ਫੁਰਮਾਨ ਹੈ –

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜਿਓ ਢਾਕ ਪਲਾਸ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥***

***ਪੰਨਾ – 1365***

ਸੋ ਸਤਿਸੰਗ ਕਰਨ ਦਾ ਲਾਭ ਹੀ ਲਾਭ ਹੈ ਜਿਸ ਤਰ੍ਹਾਂ ਦੇ ਨਾਲ ਪਾਣੀ ਵਿਚ ਜਾ ਰਹੀਸਮਾਨ ਦੀ ਭਰੀ ਹੋਈ ਬੇੜੀ ਸਿਰਫ ਦੋ ਉਂਗਲ ਪਾਣੀ ਤੋਂ ਬਾਹਰ ਹੈ, ਉਹ ਡੁਬਦੀ ਨਹੀਂ ਉਹ ਪਾਰ ਲੰਘਾ ਦਿੰਦੀ ਹੈ, ਜਿਸ ਤਰ੍ਹਾਂ ਅੱਠੀ ਪਹਿਰੀ ਪ੍ਰਸ਼ਾਦਾ ਛਕਣ ਵਾਲਾ ਬੈਠ ਕੇ ਪ੍ਰਸ਼ਾਦਾ ਛਕਣ ਦੀ ਘਡੜੀ ਭੋਜਨ ਦਾ ਸਵਾਦ ਚਖਦਾ ਹੈ ਤੇ ਉਹ ਤ੍ਰਿਪਤ ਹੋ ਜਾਂਦਾ ਹੈ। ਜਿਸ ਤਰ੍ਹਾਂ ਰਾਜ ਦੁਆਰੇ ਜਾ ਕੇ ਕੋਈ ਸ਼ਰਧਾਲੂ ਪਿਆਰ ਨਾਲ ਨਮਸ਼ਕਾਰ ਕਰਦਾ ਹੈ ਤਾਂ ਉਸ ਤੇ ਰਾਜਾ ਖੁਸ਼ ਹੋ ਕੇ ਉਸ ਨੂੰ ਬਹੁਤ ਕੁਛ ਖਾਣ ਵਾਸਤੇ ਦੇ ਦਿੰਦਾ ਹੈ, ਇਸ ਤਰ੍ਹਾਂ 60 ਘੜੀਆਂ ਵਿਚ ਜੇ ਇਕ ਘੜੀ ਸਤਿਸੰਗ ਕਰ ਲਵੇ ਉਸ ਦਾ ਵਾਸਾ ਸਚਖੰਡ ਵਿਚ ਹੋਇਆ ਕਰਦਾ ਹੈ।

***ਜੈਸੇ ਬੋਝ ਭਰੀ ਨਾਵ ਆਂਗੁਰੀ ਦ੍ਵੈ ਬਾਹਰਿ ਹੈ,***
***ਪਾਰਿ ਪਰੈ ਪੂਰ ਸਬੈ ਕੁਸਲ ਬਿਹਾਤ ਹੈ।***
***ਜੈਸੇ ਏਕਾਹਾਰੀ ਏਕ ਘਰੀ ਪਾਕਸਾਲਾ ਬੈਠਿ,***
***ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ।***
***ਜੈਸੇ ਰਾਜ ਦ੍ਵਾਰ ਜਾਇ, ਕਰਤ ਜੁਹਾਰ ਜਨ,***
***ਏਕ ਘਰੀ ਪਾਛੈ ਦੇਸ ਭੋਗਤਾ ਹ੍ਵੈ ਖਾਤ ਹੈ।***
***ਆਠ ਹੀ ਪਹਰ ਸਾਠ ਘਰੀ ਮੈ ਜੌ ਏਕ ਘਰੀ,***
***ਸਾਧ ਸਮਾਗਮ ਕਰੈ ਨਿਜ ਘਰ ਜਾਤ ਹੈ॥***

***ਕਬਿੱਤ ਭਾਈ ਗੁਰਦਾਸ ਜੀ***

ਇਤਿਹਾਸ ਵਿਚ ਐਸੀ ਬਾਤ ਆਉਂਦੀ ਹੈ ਕਿ ਇਕ ਵਾਰੀ ਗੁਰੂ ਦਸ਼ਮੇਸ਼ ਜੀ ਉਪਰ ਕਥੇ ਵਿਚਾਰਾਂ ਮੁਤਾਬਿਕ ਬਚਨ ਕਰ ਰਹੇ ਸਨ ਕਿ ਸਤਿਸੰਗ ਵਿਚ ਪਵਿਤਰਤਾ ਦੀ ਬਹੁਤ ਅਵਸ਼ਕਤਾ ਹੈ ਕਿਉਂਕਿ ਇਥੇ ਸ਼ਹੀਦ ਰੂਹਾਂ ਅਤੇ ਦੇਵ ਲੋਕ ਦੇ ਦੇਵਤੇ ਆ ਕੇ ਸਤਿਗੁਰੂ ਦੇ ਬਚਨ ਸਰਵਣ ਕਰਦੇ ਹਨ। ਉਸ ਵੇਲੇ ਇਕ ਸਿੰਘ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਅਜਿਹੇ ਬਚਨ ਤਾਂ ਅਸੀਂ ਬਹੁਤ ਦੇਰ ਤੋਂ ਸੁਣਦੇ ਆ ਰਹੇ ਹਾਂ, ਆਪ ਸਰਬ ਕਲਾ ਸਮਰੱਥ ਹੋਂ, ਤ੍ਰਿਲੋਕੀ ਨਾਥ ਹੋ, ਆਪ ਕ੍ਰਿਪਾ ਕਰਕੇ ਸਤਿਸੰਗ ਵਿਚ ਪਹੁੰਚਣ ਵਾਲੀਆਂ ਦੇਵ ਰੂਹਾਂ ਦੇ ਦਰਸ਼ਨ ਕਰਾਉਣ ਦੀ ਕ੍ਰਿਪਾ ਕਰੋ। ਉਸ ਵੇਲੇ ਗੁਰੂ ਮਹਾਰਾਜ ਨੇ ਸੁਖਮਨੀ ਸਾਹਿਬ ਦੀਆਂ ਦੋ ਲਾਈਨਾਂ ਪੜ੍ਹੀਆਂ–

***ਸਰਬ ਭੂਤ ਆਪਿ ਵਰਤਾਰਾ॥***
***ਸਰਬ ਨੈਨ ਆਪਿ ਪੇਖਨਹਾਰਾ॥*** ***ਪੰਨਾ – 294***

ਸਰਬੱਤ ਸੰਗਤ ਨੂੰ ਦਿਬਯ ਦ੍ਰਿਸ਼ਟੀ ਪ੍ਰਾਪਤ ਕਰਾ ਦਿਤੀ,



Sri Satguru Jagjit Singh Ji eLibrary NamdhariElibrary@gmail.com

ਕੀ ਦੇਖਦੇ ਹਨ ਕਿ ਦੇਵਤੇ ਸਤਿਸੰਗ ਵਿਚ ਬਿਰਾਜਮਾਨ ਹੋਏ ਹੋਏ ਹਨ ਅਤੇ ਗੁਰੂ ਮਹਾਰਾਜ ਦੇ ਬਚਨਾਂ ਦਾ ਅਨੰਦ ਮਾਣ ਰਹੇ ਹਨ। ਉਹ ਇਸ ਕਰਕੇ ਆਉਂਦੇ ਹਨ ਕਿ ਦੇਵ ਲੋਕਾਂ ਵਿਚ ਭੋਗ ਤਾਂ ਬਹੁਤ ਹਨ ਪਰ ਸਾਧੂ ਦੀ ਸੰਗਤ ਨਹੀਂ ਹੈ। ਮਹਾਂਪੁਰਸ਼ ਅੰਤ ਸਮੇਂ ਦੇਵ ਲੋਕਾਂ ਵਿਚ ਨਹੀਂ ਜਾਇਆ ਕਰਦੇ, ਉਹ ਅਕਾਲ ਪੁਰਖ ਦੀ ਸੱਚੀ ਦਰਗਾਹ ਵਿਚ ਨਿਵਾਸ ਕਰਦੇ ਹਨ। ਇਸ ਕਰਕੇ ਉਨ੍ਹਾਂ ਲਈ ਸਤਿਸੰਗ ਬਹੁਤ ਦੁਰਲੱਭ ਹੈ। ਕੀ ਦੇਖਦੇ ਹਨ ਕਿ ਸਾਰੇ ਦੀਵਾਨ ਵਿਚ ਚਾਨਣਾ ਹੀ ਚਾਨਣਾ ਹੋਇਆ ਪਿਆ ਹੈ। ਇਸ ਦ੍ਰਿਸ਼ ਦਾ ਅਨੰਦ ਲੈ ਹੀ ਰਹੇ ਸਨ ਕਿ ਇਕ ਦੇਸ ਦਾ ਰਾਜਾ ਗੁਰੂ ਮਹਾਰਾਜ ਨੂੰ ਨਮਸ਼ਕਾਰ ਕਰਨ ਆਇਆ, ਉਸ ਨਾਲ ਕੁਝ ਅਹਿਲਕਾਰ ਵੀ ਸਨ। ਜਦੋਂ ਉਹ ਆ ਹੀ ਰਹੇ ਸਨ, ਉਸ ਵੇਲੇ ਗੁਰੂ ਮਹਾਰਾਜ ਨੇ ਅਵਾਜ਼ ਦਿਤੀ ਕਿ ਕਿਓੜਾ, ਖਸ਼ਬੂਆਂ ਆਦਿ ਦਾ ਛਿੜਕਾਓ ਕਰੋ, ਹੁਕਮ ਦੀ ਤਾਮੀਲ ਹੋ ਗਈ। ਪਰ ਦੇਵਤਾ ਲੋਕ ਇਕ ਦਮ ਉਠ ਕੇ ਆਪਣੇ ਆਪਣੇ ਧਾਮਾਂ ਨੂੰ ਜਾਣੇ ਸ਼ੁਰੂ ਹੋ ਗਏ, ਦੀਵਾਨ ਵਿਚ ਕਿਓੜਾ ਆਦਿ ਖਸ਼ਬੂਆਂ ਛਿੜਕੀਆਂ ਜਾ ਰਹੀਆਂ ਸਨ ਪਰ ਫੇਰ ਵੀ ਦੇਵਤਾ ਲੋਕ ਚਲੇ ਗਏ। ਉਨ੍ਹਾਂ ਦੇ ਜਾਣ ਪਿਛੋਂ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਗਈ ਕਿ ਦੇਵਤਿਆਂ ਦੇ ਆਪ ਨੇ ਦਰਸ਼ਨ ਵੀ ਕਰਾਏ ਪਰ ਇਹ ਚਲੇ ਕਿਉਂ ਗਏ? ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਜੋ ਰਾਜਾ ਆਇਆ ਸੀ ਇਸ ਨੇ ਤਿੰਨ ਦਿਨ ਪਹਿਲਾਂ ਤਮਾਕੂ ਦਾ ਸੇਵਨ ਕੀਤਾ ਸੀ। ਇਹ ਅਜਿਹੀ ਚੀਜ਼ ਹੈ ਕਿ ਇਸ ਦੀ ਦੁਰਗੰਧੀ ਵਿਚ ਦੇਵਤਾ ਲੋਕ ਠਹਿਰ ਨਾ ਸਕੇ। ਇਕ ਕਰਕੇ ਅਸੀਂ ਆਪਣੇ ਗੁਰਸਿੱਖਾਂ ਨੂੰ ਇਨ੍ਹਾਂ ਨਸ਼ਿਆਂ ਤੋਂ ਵਰਜਿਤ ਕਰਦੇ ਹਾਂ। ਰਹਿਤਨਾਮੇ ਵਿਚ ਲਿਖਿਆ ਆਉਂਦਾ ਹੈ –

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***
***ਪਾਨੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***
***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

***ਰਹਿਤਨਾਮਾ***

ਤਮਾਕੂ ਪੀਣ ਵਾਲੇ ਨੂੰ ਉਨ੍ਹਾਂ ਦੇ ਬਜ਼ੁਰਗ ਲੋਕ ਜੋ ਦੇਵ ਲੋਕ, ਪਿਤਰ ਲੋਕ ਵਿਚ ਆਪਣਾ ਸਮਾਂ ਕੱਟ ਰਹੇ ਹਨ ਉਹ ਤਮਾਕੂ ਖਾਣ ਪੀਣ ਵਾਲੇ ਵਾਰਸਾਂ ਨੂੰ ਛੱਡ ਦਿੰਦੇ ਹਨ ਜਿਵੇਂ ਮਾਂ ਬਾਪ ਆਪਣੇ ਕਈ ਬੱਚਿਆਂ ਨੂੰ ਬੇਦਾਵਾ ਦੇ ਦਿੰਦੇ ਹਨ। ਇਸੇ ਤਰ੍ਹਾਂ ਦੇਵ ਲੋਕ ਵਿਚ ਵਸਣ ਵਾਲੇ ਬਜ਼ੁਰਗ ਆਪਣੇ ਵਾਰਸਾਂ ਨੂੰ ਛੱਡ ਦਿੰਦੇ ਹਨ। ਤਮਾਕੂ ਪੀਣ ਵਾਲੇ ਦੇ ਹੱਥ ਦਾ ਪਾਣੀ ਪੀਣਾ ਵੀ ਸ਼ਰਾਬ ਪੀਣ ਦੇ ਬਰਾਬਰ ਹੈ। ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰਦੀ ਹੈ, ਭੰਗ ਇਕ ਕੁਲ ਦਾ ਨਾਸ਼ ਕਰਦੀ ਹੈ, ਤਮਾਕੂ ਸੌ ਕੁਲਾਂ ਦਾ ਨਾਸ਼ ਕਰਦੀ ਹੈ। ਨਿੰਦਿਆ ਕਰਨ ਵਾਲੇ ਦਾ ਤਾਂ ਕੋਈ ਹਿਸਾਬ ਕਿਤਾਬ ਹੀ ਨਹੀਂ। ਇਸ ਕਰਕੇ ਗੁਰਸਿੱਖੀ ਵਿਚ ਤੰਬਾਕੂ ਪੀਣ, ਛੋਹਣ ਦੀ ਸਖਤ ਮਨਾਹੀ ਹੈ। ਤਮਾਕੂ ਦੀ ਜ਼ਹਿਰ ਕੈਂਸਰ ਨੂੰ ਜਨਮ ਦਿੰਦੀ ਹੈ।

ਬਾਬਾ ਸਾਹਿਬ ਸਿੰਘ ਜੀ ਦੇ ਹਜ਼ੂਰ ਲਾਂਗਰੀ ਭਾਗ ਸਿੰਘ ਜੀ ਦੀ ਮਾਤਾ ਹਾਜ਼ਰ ਹੋਈ ਹੋਈ ਬੈਠੀ ਸੀ ਜਿਵੇਂ ਕਿ ਦੱਸਿਆ ਜਾ ਚੁਕਿਆ ਹੈ ਕਿ ਉਸ ਨੂੰ ਧਰਮਰਾਜ ਨੇ ਆਪਣੀ ਕਚਹਿਰੀ ਵਿਚੋਂ ਵਾਪਸ ਕਰ ਦਿਤਾ ਸੀ, ਇਹ ਬਚਨ ਸੁਣ ਕੇ ਬਾਬਾ ਸਾਹਿਬ ਸਿੰਘ ਜੀ ਨੇ ਕਿਹਾ ਕਿ ਸਾਧੂ ਦੀ ਸੰਗਤ ਕਰਨ ਵਾਲੇ ਦੀ ਤਾਂ ਧਰਮਰਾਜ ਵੀ ਸੇਵਾ ਕਰਦਾ ਹੈ।

ਬਾਬਾ ਜੀ ਕਹਿਣ ਲੱਗੇ ਕਿ ਦੇਖੋ ਸਾਧਸੰਗਤ ਜੀ! ਤੁਹਾਡੇ ਸਾਮ੍ਹਣੇ ਮਿਸਾਲ ਹੈ ਕਿ ਇਹ ਬੀਬੀ ਸੇਵਾ ਕਰਦੀ ਸੀ ਇਸ ਨੂੰ ਇਸ ਕਰਕੇ ਵਾਪਸ ਕਰ ਦਿਤਾ ਕਿ ਇਸ ਦਾ ਨਾਮ ਧਰਮਰਾਜ ਦੇ ਰਜਿਸਟਰਾਂ ਵਿਚ ਨਹੀਂ ਸੀ।

ਧਰਮਰਾਜ ਦੇ ਉਹ ਬੰਦੇ ਜਾਂਦੇ ਹਨ ਜਿਹੜੇ ਗੁਰੂ ਸਿਧਾਂਤਾਂ ਨੂੰ ਛੱਡ ਕੇ ਆਪਣੀ ਮਨ ਦੀ ਮਤ ਵਿਚ ਦ੍ਰਿੜ੍ਹ ਹੁੰਦੇ ਹਨ। ਗੁਰੂ ਦੀ ਮਤ ਸਦਾ ਹੀ ਇਹ ਦ੍ਰਿੜ੍ਹ ਕਰਾਉਂਦੀ ਹੈ ਕਿ ਤੂੰ ਬੰਦਗੀ ਕਰਨ ਆਇਆ ਹੈਂ, ਹਉਮੈ ਦਾ ਨਾਸ਼ ਕਰਨਾ ਹੈ। ਸਾਰੇ ਸਿਧਾਂਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹਨ। ਪਰ ਜਿਹੜਾ ਆਪਣੀ ਮਨ ਦੀ ਮਤ ਪਿਛੇ ਲਗਦਾ ਹੈ ਉਹ ਚਾਹੇ ਹਜ਼ਾਰਾਂ ਮੱਥੇ ਟੇਕੇ, ਰੁਮਾਲੇ ਚੜ੍ਹਾਏ ਉਹ ਹੁਕਮ ਨਾ ਮੰਨਣ ਕਰਕੇ ਮਨਮੁਖ ਕਹਾਉਂਦਾ ਹੈ, ਉਹ ਜੰਮਦਾ ਮਰਦਾ ਰਹਿੰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ॥***
***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥***

***ਪੰਨਾ – 450***

ਸੋ ਇਸ ਤਰ੍ਹਾਂ ਨਾਲ ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ ਕਿ ਪ੍ਰੇਮੀਓ, ਇਹ ਘਟਨਾ ਤੁਹਾਡੇ ਸਾਮ੍ਹਣੇ ਬੀਤੀ ਹੈ ਜਿਹੜੇ ਹਰੀ ਦਾ ਜਸ ਕਰਦੇ ਹਨ ਉਨ੍ਹਾਂ ਦੀ ਔਖੇ ਵੇਲੇ ਸਹਾਇਤਾ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਨੇ ਬਹੁਤ ਹੀ ਸਪਸ਼ਟ ਰੂਪ ਵਿਚ ਫੁਰਮਾਨ ਕੀਤਾ ਹੈ –

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥***
***ਅਨਿਕ ਪੁਨਹਚਰਨ ਕਰਤ ਨਹੀ ਤਰੈ॥***
***ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥***
***ਗੁਰਮੁਖਿ ਨਾਮੁ ਜਪਹੁ ਮਨ ਮੇਰੇ॥***
***ਨਾਨਕ ਪਾਵਹੁ ਸੂਖ ਘਨੇਰੇ॥*** ***ਪੰਨਾ – 264***



Sri Satguru Jagjit Singh Ji eLibrary NamdhariElibrary@gmail.com

ਸੋ ਐਸਾ ਜੋ ਹਰ ਥਾਂ ਦੇ ਉਤੇ ਸਹਾਇਤਾ ਕਰਨ ਵਾਲਾ ਨਾਮ ਹੈ ਮਹਾਰਾਜ ਕਹਿੰਦੇ ਨੇ ਪ੍ਰੇਮੀਆਂ ਕਿਉਂ ਉਸ ਨੂੰ ਭੁੱਲਿਆ ਬੈਠਾ ਹੈਂ, ਕਿਉਂ ਤੈਨੂੰ ਪਤਾ ਨਹੀਂ ਲਗਦਾ ਕਿ ਔਖੇ ਵੇਲੇ ਮੇਰੀ ਸਹਾਇਤਾ ਨਾਮ ਨੇ ਹੀ ਕਰਨੀ ਹੈ –

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥***

***ਪੰਨਾ – 70***

ਐਸਾ ਸਹਾਈ ਹਰੀ ਦਾ ਨਾਮ ਹੈ। ਉਹ ਇਥੇ ਵੀ ਸਹਾਇਤਾ ਕਰਦਾ ਹੈ, ਦਰਗਾਹ ਵਿਚ ਵੀ ਸਹਾਇਤਾ ਕਰਦਾ ਹੈ। ਬੰਦਾ ਮਾਇਆ ਨੇ ਐਨਾ ਮੋਹ ਲਿਆ ਹੈ ਕਿ ਉਹ ਆਪਣੇ ਹਿਤ ਦੀ ਗੱਲ ਨੂੰ ਸੱਚ ਨਹੀਂ ਮੰਨਦਾ। ਇਥੋਂ ਤਕ ਹੈ ਕਿ ਉਹ ਗੁਰੂ ਸਾਹਿਬ ਦੇ ਬਚਨਾਂ ਨੂੰ ਵੀ ਸਤਿ ਨਹੀਂ ਮੰਨਦਾ। ਗੁਰੂ ਮਹਾਰਾਜ ਤਾਂ ਫੁਰਮਾਨ ਕਰਦੇ ਹਨ ਕਿ ਪਿਆਰਿਆ! ਸਾਰਿਆਂ ਨਾਲੋਂ ਅਮੁੱਲ ਪ੍ਰਮੇਸ਼ਰ ਦਾ ਨਾਮ ਹੈ। ਉਸ ਦੇ ਚਰਨਾਂ ਵਿਚ ਬੇਨਤੀ ਕਰੋ ਕਿ ਮੇਰੇ ਤੇ ਕ੍ਰਿਪਾ ਕਰ, ਮੈਂ ਤੇਰੇ ਨਾਮ ਨਾਲ ਜੁੜ ਜਾਵਾਂ। ਕਈ ਪ੍ਰੇਮੀ ਕਹਿੰਦੇ ਹਨ ਕਿ ਨਾਮ ਐਨਾ ਕੀਮਤੀ ਹੈ ਫੇਰ ਇਹ ਜੀਵ ਕਿਉਂ ਰੁਚੀ ਨਹੀਂ ਕਰਦਾ? ਗੁਰੂ ਮਹਾਰਾਜ ਕਹਿੰਦੇ ਹਨ ਕਿ ਜੀਵ ਮਨ ਦੇ ਪਿਛੇ ਲੱਗਿਆ ਹੋਇਆ ਹੈ। ਕੁਝ ਪ੍ਰੇਮੀ ਹਨ ਜੋ ਨਾਮ ਜਪਦੇ ਹਨ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***

***ਪੰਨਾ – 81***

ਭਾਗਾਂ ਵਾਲਾ ਹੀ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਦਾ ਹੈ, ਕਲਜੁਗ ਦੇ ਜਲਦੇ ਬਲਦੇ ਯੁੱਗ ਦੇ ਅੰਦਰ ਕੇਵਲ ਨਾਮ ਜਪਣ ਵਾਲਾ ਹੀ ਬਚਦਾ ਹੈ ਕਿਉਂਕਿ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਕਲਜੁਗ ਦਾ ਜੋ ਰਥ ਹੈ ਜਿਸ ਵਿਚ ਅਸੀਂ ਸਾਰੇ ਬੈਠ ਕੇ ਸਫਰ ਕਰ ਰਹੇ ਹਾਂ ਉਹ ਅੱਗ ਦਾ ਰਥ ਹੈ। ਕੂੜ ਰਥਵਾਹੀ ਬਣ ਕੇ ਇਸ ਨੂੰ ਚਲਾ ਰਿਹਾ ਹੈ। ਅੱਗ ਦੇ ਰੱਥ ਵਿਚ ਬੈਠ ਕੇ ਇਸ ਨੂੰ ਕਿੰਨੀ ਤਕਲੀਫ ਹੁੰਦੀ ਹੈ, ਜੇ ਕੋਈ ਸਵਾਰੀ ਮਾੜੀ ਜਿਹੀ ਗਰਮ ਹੋ ਜਾਵੇ ਤਾਂ ਵੀ ਉਸ ਵਿਚ ਬੈਠਣਾ ਮੁਸ਼ਕਲ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਸਮੇਂ ਦੀ ਵਿਚਾਰ ਕਰਦੇ ਹੋਏ ਫੁਰਮਾਨ ਕਰਦੇ ਹਨ –

***ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥***

***ਪੰਨਾ – 470***

ਕਲਜੁਗ ਦੇ ਵਿਚ ਅਸੀਂ ਇਸ ਰਥ ਵਿਚ ਸਫਰ ਕਰ ਰਹੇ ਹਾਂ, ਕਲਾ ਤੇ ਕਲੇਸ਼ ਦਾ ਯੁੱਗ ਹੈ। ਕਈ ਸੰਪਰਦਾਵਾਂ ਛੋਟੀਆਂ ਛੋਟੀਆਂ ਗੱਲਾਂ ਪਿਛੇ ਆਪਸ ਵਿਚ ਮਰਨ ਮਰਾਨ ਤੇ ਤਿਆਰ ਹੋ ਜਾਂਦੀਆਂ ਹਨ। ਮੰਦਰ ਵਾਲਾ ਮਸਜਿਦ ਨੂੰ ਬਿਲਕੁਲ ਹੀ ਚੰਗਾ ਨਹੀਂ ਸਮਝਦਾ। ਸਤਿਪੁਰਸ਼ ਸਦਾ ਹੀ ਇਨ੍ਹਾਂ ਨੂੰ ਪ੍ਰਮੇਸ਼ਰ ਦੀਆਂ ਥਾਵਾਂ ਸਮਝਦੇ ਹੋਏ ਸਤਿਕਾਰ ਕਰਦਾ ਹੋਇਆ ਫੁਰਮਾਨ ਕਰਦੇ ਹਨ ਕਿ ਦੇਹੁਰੇ ਤੇ ਮਸਜਿਦ ਵਿਚ ਕੋਈ ਫਰਕ ਨਹੀਂ, ਨਮਾਜ਼ ਤੇ ਗੀਤਾ ਵਿਚ ਕੋਈ ਫਰਕ ਨਹੀਂ ਹੈ। ਜੇ ਫਰਕ ਹੈ ਤਾਂ ਕੇਵਲ ਬੋਲੀ ਦਾ ਹੈ। ਇਨਸਾਨ ਸਭ ਇਕੋ ਹਨ। ਪੰਜਾਂ ਤੱਤਾਂ ਦੇ ਬਣੇ ਹੋਏ ਹਨ ਪਰ ਧਰਮ ਦੇ ਨਾਮ ਦੇ ਉਤੇ ਇਕ ਦੂਜੇ ਨਾਲ ਬਹੁਤ ਹੀ ਨਫਰਤ ਕਰਦੇ ਹਨ। ਜੇ ਕਿਤੇ ਇਹ ਗੁਰੂ ਮਹਾਰਾਜ ਦੇ ਬਚਨਾਂ ਨੂੰ ਮੰਨ ਲੈਣ ਤਾਂ ਕਦੇ ਆਪਸ ਵਿਚ ਦ੍ਵੈਤ ਪੈਦਾ ਨਾ ਹੋਣ ਦੇਣ। ਫੇਰ ਦੇਹੁਰੇ ਵਾਲੇ ਮਸਜਿਦ ਦਾ ਸਤਿਕਾਰ ਕਰਨ ਅਤੇ ਮਸਜਿਦ ਵਾਲੇ ਦੇਹੁਰੇ ਦਾ ਸਤਿਕਾਰ ਕਰਨ ਕਿਉਂਕਿ ਦੋਨੋਂ ਪਾਸੇ ਪ੍ਰਮੇਸ਼ਰ ਦਾ ਨਾਮ ਪ੍ਰਮੁੱਖ ਹੈ। ਪੰਜਾਂ ਤੱਤਾਂ ਦਾ ਬਣਿਆ ਹੋਇਆ ਇਨਸਾਨ ਇਕੋ ਤਰ੍ਹਾਂ ਦੀ ਖੁਰਾਕ ਖਾ ਕੇ ਜਿਉਂਦਾ ਰਹਿੰਦਾ ਹੈ, ਤੰਦਰੁਸਤ ਰਹਿੰਦਾ ਹੈ, ਕਰਤਾ ਵੀ ਓਹੀ ਹੈ, ਕਰੀਮ ਵੀ ਓਹੀ ਹੈ, ਰਾਜ਼ਕ ਵੀ ਓਹੀ ਹੈ। ਹਰ ਇਨਸਾਨ ਦੇ ਅੱਖ, ਨੱਕ, ਕੰਨ, ਜੀਭ; ਪੰਜਾਂ ਤੱਤਾਂ ਦੇ ਮਿੱਟੀ, ਅਕਾਸ਼, ਹਵਾ, ਅੱਗ, ਪਾਣੀ ਦੇ ਬਣੇ ਹੋਏ ਹਨ। ਅੱਲਾਹ ਤੇ ਰਾਮ ਦੋ ਨਹੀਂ ਹਨ, ਇਕ ਦੇ ਹੀ ਦੋ ਨਾਮ ਹਨ। ਕੁਰਾਨ ਵਾਲੇ ਪੁਰਾਨ ਦਾ ਅਤੇ ਪੁਰਾਨ ਵਾਲੇ ਨੂੰ ਕੁਰਾਨ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਸਭ ਭੁੱਲੇ ਹੋਏ ਹਨ, ਕੋਈ ਗੁਰੂ ਦੇ ਹੁਕਮ ਨਹੀਂ ਪਛਾਣਦਾ –

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***
***ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***
***ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ, ਪੁਰਾਨ ਐ ਕੁਰਾਨ ਓਈ,***
***ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ॥***

***ਅਕਾਲ ਉਸਤਤਿ***

ਸਤਿਪੁਰਸ਼ਾਂ ਦੇ ਉਪਦੇਸ਼ ਸਾਰੀ ਸੰਗਤ ਵਾਸਤੇ ਸਾਂਝੇ ਹੋਇਆ ਕਰਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸੰਪਰਦਾਵਾਂ ਦਾ ਵੱਖੋ ਵਖਰਾ ਭੇਤ ਨਹੀਂ ਹੋਇਆ ਕਰਦਾ। ਇਹ ਸਾਰਾ ਕੁਝ ਕਿਉਂ ਹੋ ਰਿਹਾ ਹੈ? ਦਾਨਿਆਂ ਦਾ ਮਤ ਹੈ ਕਿ ਕਲਜੁਗ ਦਾ ਸਮਾਂ ਹੋਣ ਕਰਕੇ ਆਦਮੀ ਦੀ ਬੁੱਧੀ ਪ੍ਰਮੇਸ਼ਰ ਦੀ ਸਰਵ ਰਮੀ ਹੋਈ ਜੋਤ ਨਾਲੋਂ ਟੁੱਟ ਗਈ ਹੈ ਅਤੇ ਇਹ ਭਟਕ ਰਿਹਾ ਹੈ। ਸੋ ਜਿਵੇਂ ਦੱਸਿਆ ਹੈ ਕਿ ਕਲਜੁਗ ਦਾ ਰਥ ਅਗਨ ਹੈ, ਕੂੜ ਰਥਵਾਹੀ ਹੈ, ਧੋਖੇ ਕਰਨਾ, ਝੂਠ ਬੋਲਣਾ, ਨਿੰਦਿਆ ਕਰਨਾ, ਵਿਸ਼ੇ ਵਿਕਾਰਾਂ ਵਿਚ ਲੀਨ ਰਹਿਣਾ, ਸਤਿਸੰਗ ਵਿਚ ਜਾਣ


Sri Satguru Jagjit Singh Ji eLibrary NamdhariElibrary@gmail.com

ਤੋਂ ਹਰ ਵਕਤ ਹੀਲੋ ਹੁਜਤ ਕਰਦੇ ਰਹਿਣਾ, ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ ਰਹਿਣਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਕਲਜੁਗ ਦੀ ਅੱਗ ਵਿਚ ਜੇ ਇਹ ਜੀਵ ਬਚ ਸਕਦਾ ਹੈ ਤਾਂ ਵਾਹਿਗੁਰੂ ਦੀ ਸ਼ਰਨ ਲੈ ਕੇ ਬਚ ਸਕਦਾ ਹੈ ਜਿਵੇਂ ਕਿ ਫੁਰਮਾਨ ਹੈ –

***ਕਲਿ ਤਾਤੀ ਠਾਂਢਾ ਹਰਿ ਨਾਉ॥***
***ਸਿਮਰਿ ਸਿਮਰਿ ਸਦਾ ਸੁਖ ਪਾਉ॥ ਪੰਨਾ – 288***

ਪੰਜ ਕਲੇਸ਼ਾਂ ਦੇ ਨਾਲ ਆਦਮੀ ਦਾ ਮਨ ਹਰ ਵਕਤ ਪੀੜਤ ਹੋ ਰਿਹਾ ਹੈ ਅਤੇ ਜੰਮਣ ਮਰਨ ਦੇ ਚੱਕਰ ਵਿਚ ਘੁੰਮੇਟਣੀਆਂ ਖਾਂਦੇ ਦੁਖ ਭੋਗ ਰਿਹਾ ਹੈ ਕਿਉਂਕਿ ਸਭ ਤੋਂ ਵੱਡੇ ਕਲੇਸ਼ ਅਵਿਦਿਆ, ਅਭਿਨਿਵੇਸ਼, ਅਸਿਮਿਤਾ, ਰਾਗ ਤੇ ਦ੍ਵੈਸ਼ ਹਨ। ਇਹ ਕਲੇਸ਼ ਜਿੰਨਾਂ ਚਿਰ ਆਦਮੀ ਦੇ ਅੰਦਰ ਹਨ ਓਨਾਂ ਚਿਰ ਸ਼ਾਂਤੀ ਨਾਮ ਦੀ ਕੋਈ ਵਸਤੂ ਨੇੜੇ ਨਹੀਂ ਆ ਸਕਦੀ। ਸੰਸਾਰ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਨੂੰ ਨਹੀਂ ਜਾਣਦਾ ਅਤੇ ਇਸ ਬਚਨ ਉਤੇ ਵੀ ਯਕੀਨ ਨਹੀਂ ਕਰਦਾ ਕਿ ਕਲਾ ਤੇ ਕਲੇਸ਼ ਨਾਮ ਨਾਲ ਹੀ ਖਤਮ ਹੁੰਦਾ ਹੈ। ਜਿਵੇਂ ਕਿ –

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ – 262***

ਜੇ ਇਸ ਦੇ ਮਨ ਵਿਚ ਨਾਮ ਦੀ ਮਹਿਮਾ ਹੋਵੇ ਤਾਂ ਇਕ ਘੜੀ ਵਾਸਤੇ ਵੀ ਨਾਮ ਤੋਂ ਲਾਂਭੇ ਨਹੀਂ ਹੋ ਸਕਦਾ ਹੈ। ਮਹਿਮਾ ਨਾ ਜਾਨਣ ਕਰਕੇ ਸੰਸਾਰ ਦੀਆਂ ਤਜ ਜਾਣ ਵਾਲੀਆਂ ਵਸਤੂਆਂ ਵਿਚ ਲਿਪਟਿਆ ਪਿਆ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਕਲਜੁਗ ਜਦੋਂ ਮਿਲਿਆ ਤਾਂ ਉਸ ਨੇ ਬੇਨਤੀ ਕੀਤੀ ਕਿ ਮੈਂ ਆਪ ਦੇ ਲਈ ਮੋਤੀਆਂ ਦੇ ਮੰਦਰ ਰਚ ਦਿੰਦਾ ਹਾਂ, ਸੇਵਾ ਲਈ ਮੋਹਣੀਆਂ ਹਾਜ਼ਰ ਕਰ ਦਿੰਦਾ ਹਾਂ, ਖ਼ੂਬਸੂਰਤ ਪਲੰਘ ਹੀਰੇ ਜਵਾਹਰਾਤ ਨਾਲ ਜੜ੍ਹੇ ਹੋਏ ਭੇਟ ਕਰ ਦਿੰਦਾ ਹੈ, ਰਿੱਧੀਆਂ ਸਿੱਧੀਆਂ ਆਪ ਦੇ ਚਰਨਾਂ ਵਿਚ ਰੁਲਦੀਆਂ ਫਿਰਨਗੀਆਂ, ਇਹ ਵੀ ਮੈਂ ਭੇਟਾਂ ਕਰ ਸਕਦਾ ਹਾਂ। ਗੁਰੂ ਮਹਾਰਾਜ ਨੇ ਕਿਹਾ ਕਿ ਕਲਜੁਗ ਵਿਚ ਆਦਮੀ ਦੀ ਜੋ ਬਿਰਤੀ ਹੈ ਉਸ ਦਾ ਸੁਭਾਅ ਹੈ ਕਿ ਜਦੋਂ ਵੀ ਕੋਈ ਨਵੀਂ ਚੀਜ਼ ਦੇਖਦੀ ਹੈ ਤਾਂ ਉਹ ਉਸ ਨਾਲ ਲਿਪਟ ਜਾਂਦੀ ਹੈ, ਉਸ ਦਾ ਆਪਣੀ ਅਕਲ ਮੁਤਾਬਿਕ ਨਿਰੀਖਸ਼ਣ ਕਰਦੀ ਰਹਿੰਦੀ ਹੈ ਅਤੇ ਉਸ ਦਾ ਅਸਰ ਆਪਣੇ ਅੰਦਰ ਲੈ ਆਉਂਦੀ ਹੈ। ਉਸੇ ਵੇਲੇ ਪ੍ਰਮੇਸ਼ਰ ਨੂੰ ਭੁੱਲ ਜਾਂਦੀ ਹੈ। ਪ੍ਰਮੇਸ਼ਰ ਦੇ ਨਾਮ ਤੋਂ ਬਗੈਰ ਹਿਰਦਾ ਕੌਲ ਜਲ ਬਲ ਕੇ ਸੁਆਹ ਹੋ ਜਾਂਦਾ ਹੈ ਅਤੇ ਪ੍ਰਕ੍ਰਿਤਕ ਵਸਤੂਆਂ ਕੋਈ ਵੀ ਸੁਖ ਦੇਣ ਦੀ ਸਮਰੱਥਾ ਨਹੀਂ ਰਖਦੀਆਂ ਅਤੇ ਕੇਵਲ ਨਾਮ ਦੀ ਪ੍ਰਾਪਤੀ ਹੀ ਸਰਬ ਸ੍ਰੇਸ਼ਟ ਦਾਤ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥***
***ਪੰਨਾ – 14***

ਇਹ ਜੀਵ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਨਾ ਜਾਣਦਾ ਹੋਇਆ ਸੁਖ ਦੀ ਪ੍ਰਾਪਤੀ ਵਾਸਤੇ ਬਹੁਤ ਮਿਹਨਤ ਕਰਦਾ ਹੈ ਪਰ ਇਸ ਨੂੰ ਸੁਖ ਪ੍ਰਾਪਤ ਨਹੀਂ ਹੋ ਰਿਹਾ ਹੈ। ਤ੍ਰਿਸ਼ਨਾਂ ਦੀ ਅਗਨ ਹਰ ਵਕਤ ਅੰਦਰ ਜਲਦੀ ਹੈ ਪਰ ਪ੍ਰਮੇਸ਼ਰ ਦੇ ਨਾਮ ਵਲੋਂ ਸਖਣਾ ਰਹਿੰਦਾ ਹੈ, ਨਾਮ ਜਪਣ ਦੀ ਵੇਲਾ ਪੈ ਪੈ ਕੇ ਸੌਂਦਾ ਹੈ ਅਤੇ ਭਜਨ ਕਰਨ ਵਾਸਤੇ ਆਲਸੀ ਬਣ ਜਾਂਦਾ ਹੈ, ਬੁਰੇ ਕੰਮਾਂ ਵਾਸਤੇ ਸ਼ੇਰ ਵਾਂਗ ਉਠ ਕੇ ਖੜ੍ਹ ਜਾਂਦਾ ਹੈ –

***ਬੁਰੇ ਕਾਮ ਕਉ ਊਠਿ ਖਲੋਇਆ॥***
***ਨਾਮ ਕੀ ਬੇਲਾ ਪੈ ਪੈ ਸੋਇਆ॥ ਪੰਨਾ – 738***

***ਚੰਗਿਆਈ ਆਲਕ ਕਰੇ ਬੁਰਿਆਈ ਹੋਏ ਸ਼ੇਰ।***
***ਨਾਨਕ ਅਜਕਲ ਆਵਸੀ ਗਾਫਲ ਫਾਹੀ ਫੇਰ।***

ਬੰਦਗੀ ਕਰਨ ਵਾਲੇ ਦੇ ਸਾਰੇ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਹੋਰ ਕੋਈ ਤਰੀਕਾ ਨਹੀਂ ਜਿਸ ਨਾਲ ਵਿਘਨ ਦੂਰ ਕਰੇ। ਜੋਤਸ਼ੀਆਂ ਦੇ ਕਹੇ ਤੇ ਵਿਘਨ ਦੂਰ ਕਰਨ ਲਈ ਜਾਦੂ ਟੂਣੇ ਕਰਦਾ ਫਿਰਦਾ ਹੈ ਪਰ ਵਿਘਨਾਂ ਦਾ ਨਾਸ਼ ਨਹੀਂ ਹੋਇਆ ਕਰਦਾ। ਕਰਮ ਦੰਡ ਜ਼ਰੂਰ ਭੋਗਣਾ ਪੈਂਦਾ ਹੈ, ਨਾਮ ਵਿਚ ਸੱਤਾ ਹੈ ਜਿਸ ਨਾਲ ਇਹ ਕਰਮ ਦੰਡ ਤੋਂ ਬਚ ਸਕਦਾ ਹੈ ਨਹੀਂ ਤਾਂ –

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਪ੍ਰਮੇਸ਼ਰ ਨੂੰ ਭੁੱਲ ਕੇ ਕ੍ਰੋੜਾਂ ਵਿਘਨ ਲਗਦੇ ਹਨ।

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥***
***ਪੰਨਾ – 524***

ਗੁਰੂ ਸਾਹਿਬ ਕਿੰਨਾ ਕਹੀ ਜਾਣ, ਬਾਣੀ ਵਿਚ ਬਾਰ ਬਾਰ ਨਾਮ ਜਪਣ ਦੀ ਤਾਕੀਦ ਕੀਤੀ ਜਾਂਦੀ ਹੈ ਪਰ ਇਹ ਨਾ ਤਾਂ ਧੁਰ ਅੰਦਰੋਂ ਗੱਲ ਨੂੰ ਅਪਨਾਉਂਦਾ ਹੈ, ਨਾ ਹੀ ਕੋਈ ਮਹੱਤਤਾ ਦਿੰਦਾ ਹੈ, ਇਹ ਮਾੜੇ ਭਾਗਾਂ ਦੀ ਨਿਸ਼ਾਨੀ ਹੁੰਦੀ ਹੈ, ਦੁਖ ਤਾਂ ਹੀ ਹੁੰਦਾ ਹੈ, ਹਾਏ ਕੁਰਲਾਹਟ ਇਸ ਦੀ ਮੁਕਦੀ ਨਹੀਂ ਪਰ ਇਹ ਨਾਮ ਦੇ ਰਸਤੇ ਨਹੀਂ ਪੈਂਦਾ।

ਕਈ ਪ੍ਰੇਮੀਆਂ ਨੇ ਪ੍ਰਤੱਖ ਰੂਪ ਵਿਚ ਦੇਖਿਆ ਹੈ ਕਿ ਵੱਡੀਆਂ ਵੱਡੀਆਂ ਬਿਮਾਰੀਆਂ ਜਿਸ ਦਾ ਇਲਾਜ ਡਾਕਟਰ ਨਹੀਂ ਕਰ ਸਕਦੇ ਉਹ ਬੰਦਗੀ ਕਰਨ ਨਾਲ ਦੂਰ ਹੋ ਗਈਆਂ।

1989 ਦੀ ਗੱਲ ਹੈ ਇਕ ਬੀਬੀ ਮੇਰੇ ਪਾਸ ਆਈ। ਉਸ ਨੇ ਆਪਣੀ ਬਿਮਾਰੀਆਂ ਦੇ ਕਾਗਜ਼ ਮੈਨੂੰ ਦਿਖਾਏ, ਇਕ ਅੱਖ ਦੀ ਨਿਗ੍ਹਾ ਬਿਲਕੁਲ ਬੰਦ ਹੋ ਚੁਕੀ ਸੀ ਅਤੇ ਦੂਸਰੀ ਵੀ ਬੰਦ ਹੋਣ ਵਾਲੀ ਸੀ। ਡਾਕਟਰਾਂ ਨੇ ਕਿਹਾ ਕਿ ਆਪ ਦੀਆਂ ਨਿਗ੍ਹਾ ਦੀਆਂ ਨਾੜੀਆਂ ਸੁੰਨ ਹੋ ਗਈਆਂ ਹਨ ਇਸ ਕਰਕੇ ਅੱਖ ਦਾ ਆਪਰੇਸ਼ਨ ਨਹੀਂ ਹੋ ਸਕਦਾ। ਗੁਰਦੇ ਵਿਚ ਪੱਥਰੀ ਸੀ। ਜਦੋਂ ਡਾਕਟਰ ਓਪਰੇਸ਼ਨ ਲਈ ਲੈ ਕੇ ਗਏ ਤਾਂ ਬਲੱਡ ਪਰੈਸ਼ਰ ਵਧ ਗਿਆ। ਰੀੜ੍ਹ ਦੀ ਹੱਡੀ ਵਿਚ ਕਰੈਕ ਆਇਆ ਹੋਇਆ ਸੀ ਯਾਨੀ ਕਿ ਸਾਰਾ ਸਰੀਰ ਹੀ ਉਸ ਦਾ ਬਿਮਾਰ ਸੀ। ਉਸ ਨੇ ਮੈਨੂੰ ਕਿਹਾ ਕਿ ਮੈਂ ਵੀ ਕਿਸੇ ਤਰ੍ਹਾਂ ਤੰਦਰੁਸਤ ਹੋ ਸਕਦੀ ਹਾਂ? ਮੈਂ ਕਿਹਾ ਕਿ ਬੀਬੀ! ਵਾਹਿਗੁਰੂ ਦੇ ਨਾਮ ਵਿਚ ਬਹੁਤ ਸ਼ਕਤੀ ਹੈ। ਗੁਰੂ ਸਾਹਿਬ ਬਾਰ ਬਾਰ ਤਾਕੀਦ ਕਰਦੇ ਹਨ ਕਿ ਜਿਸਦਾ ਮਨ ਆਰੋਗ ਹੈ ਉਸ ਦੇ ਤਨ ਦੇ ਸਾਰੇ ਰੋਗ ਮਿਟ ਜਾਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਆਉਂਦਾ ਹੈ –



Sri Satguru Jagjit Singh Ji eLibrary NamdhariElibrary@gmail.com

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***
***ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥***
***ਪੰਨਾ - 611***

ਮੈਂ ਕਿਹਾ ਆਪ ਦਾ ਇਕੋ ਇਕ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਉਸ ਨੇ ਇਹ ਦੱਸਿਆ ਕਿ ਮੇਰਾ ਬਲੱਡ ਪਰੈਸ਼ਰ 240 ਹੈ। ਬਲੱਡ ਸ਼ੂਗਰ ਵੀ 240 ਰਹਿੰਦੀ ਹੈ, ਪੇਟ ਵਿਚ ਰਸੋਲੀ ਹੈ, ਗੁਰਦੇ ਵਿਚ ਪੱਥਰੀ ਹੈ। ਕਹਿਣ ਲੱਗੀ ਕਿ ਮੈਂ ਸਾਲਾਂ ਬੱਧੀ ਤੋਂ ਪੀ.ਜੀ.ਆਈ ਜਾਂਦੀ ਹਾਂ ਪਰ ਮੇਰਾ ਕੋਈ ਇਲਾਜ ਨਹੀਂ ਹੁੰਦਾ। ਮੈਂ ਉਸਨੂੰ ਬੇਨਤੀ ਕੀਤੀ ਕਿ ਬੀਬਾ, ਮੈਂ ਡਾਕਟਰ ਤਾਂ ਨਹੀਂ ਹਾਂ ਪਰ ਮੇਰਾ ਇਹ ਵਿਸ਼ਵਾਸ਼ ਹੈ ਕਿ ਜੇ ਕੋਈ ਸੱਚੇ ਦਿਲ ਨਾਲ ਪ੍ਰਭੂ ਦਾ ਨਾਮ ਜਪ ਲਵੇ ਤਾਂ ਰੋਗਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਵੀ ਦੱਸਿਆ ਜਾਂਦਾ ਹੈ-

***ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ - 274***

ਮੈਂ ਉਸ ਨੂੰ ਕਿਹਾ ਕਿ ਭੈਣ ਜੀ, ਤੁਸੀਂ ਇਕ ਸਾਲ ਭਜਨ ਕਰ ਲਵੋਗੇ ਤਾਂ ਸਾਰੇ ਰੋਗ ਦੂਰ ਹੋ ਜਾਣਗੇ। ਕਹਿਣ ਲੱਗੀ, ਹਾਂ, ਮੈਂ ਜ਼ਰੂਰ ਕਰ ਲਵਾਂਗੀ, ਰੋਗ ਵੀ ਬੜੇ ਭਿਆਨਕ ਸਨ। ਉਸ ਨੇ ਕਿਹਾ ਕਿ ਮੈਂ ਕਿੰਨੀ ਕੁ ਦੇਰ ਨਾਮ ਜਪਦੀ ਰਹਾਂ। ਗੁਰੂ ਸਾਹਿਬ ਨੇ ਤਾਂ ਕਿਹਾ ਹੈ ਕਿ ਹਰ ਸੁਆਸ-ਸੁਆਸ ਨਾਮ ਜਪਦੇ ਰਹੋ। ਤੁਸੀਂ ਸਾਰੀ ਜ਼ਿੰਦਗੀ ਨਾਮ ਜਪਦੇ ਰਹੋ। ਬਾਅਦ ਵਿਚ ਫੇਰ ਨਾਮ ਜਪਣਾ ਛਡ ਦੇਵੋ ਤਾਂ ਇਹ ਗੱਲ ਹੋ ਗਈ ਕਿ 'ਨੈਂ ਲੰਘੀ ਖਵਾਜਾ ਵਿਸਰਿਆ।' ਦਰਿਆ ਲੰਘਣ ਲਈ ਕਿਸ਼ਤੀ ਵਿਚ ਬੈਠ ਕੇ ਤਾਂ ਬਹੁਤ ਮੰਨਤਾਂ ਮੰਗੀਆਂ ਕਿ ਮੈਂ ਠੀਕ ਠੀਕ ਪਹੁੰਚ ਜਾਵਾਂ ਅਤੇ ਜਦੋਂ ਕਿਨਾਰੇ ਤੇ ਆ ਗਏ ਤਾਂ ਸਭ ਕੁਝ ਭੁੱਲ ਜਾਂਦਾ ਹੈ। ਉਸ ਨੇ ਭਰੋਸਾ ਦਿਵਾਇਆ ਕਿ ਮੈਂ ਤਾਂ ਸਾਰੀ ਜ਼ਿੰਦਗੀ ਹੀ ਨਾਮ ਜਪਾਂਗੀ, ਜਿਹੜਾ ਪਾਠ ਕਿਹਾ ਸੀ ਉਹ ਪੰਜ ਘੰਟੇ ਵਿਚ ਪੂਰਾ ਹੁੰਦਾ ਸੀ। ਉਸ ਨੇ ਦੋ ਵਜੇ ਉਠ ਕੇ ਇਕਾਂਤ ਥਾਂ ਬੈਠ ਕੇ ਪਾਠ ਕਰਨਾ। ਫੇਰ ਲੰਗਰ ਵਿਚ ਸੇਵਾ ਕਰਨੀ। ਅਜੇ 20 ਦਿਨ ਹੀ ਹੋਏ ਸਨ, ਮੈਨੂੰ ਕਹਿਣ ਲੱਗੀ ਕਿ ਮੇਰੀ ਅੱਖ ਵਿਚ ਰੋਸ਼ਨੀ ਆ ਗਈ ਹੈ। ਜੇ ਤੁਸੀਂ ਮੈਨੂੰ ਆਗਿਆ ਦੇਵੋ ਤਾਂ ਮੈਂ ਬਲੱਡ ਪਰੈਸ਼ਰ ਪੀ.ਜੀ.ਆਈ ਦਿਖਾ ਆਵਾਂ। ਜਦੋਂ ਪੀ.ਜੀ.ਆਈ ਗਈ ਤਾਂ ਉਸ ਦਾ ਬਲੱਡ ਟੈਸਟ ਕੀਤਾ ਗਿਆ ਤਾਂ ਡਾਕਟਰ ਹੈਰਾਨ ਹੋ ਗਏ ਕਿ ਇਸ ਵਿਚ ਨਾ ਤਾਂ ਸ਼ੂਗਰ ਰਹੀ ਹੈ, ਬਲੱਡ ਪਰੈਸ਼ਰ ਵੀ normal ਹੋ ਗਿਆ। ਇਕ ਮਹੀਨੇ ਵਿਚ ਅੱਖ ਖੁਲ੍ਹ ਗਈ। ਡਾਕਟਰ ਨੇ ਪੁਛਿਆ ਕਿ ਬੀਬੀ ਤੂੰ ਕਿਹੜੀ ਦਵਾਈ ਲਈ ਹੈ? ਉਹ ਕਹਿਣ ਲੱਗੀ ਮੈਂ ਤਾਂ ਗੁਰਦੁਆਰਾ ਰਤਵਾੜਾ ਸਾਹਿਬ ਪਾਠ ਕਰਦੀ ਹਾਂ। ਵਾਹਿਗੁਰੂ ਦਾ ਭਰੋਸਾ ਲਿਆ ਅਤੇ ਨਾਮ ਜਪਦੀ ਹਾਂ। ਉਨ੍ਹਾਂ ਦਿਨਾਂ ਵਿਚ ਸਾਡੇ ਪਾਠੀ ਥੋੜ੍ਹੇ ਹੁੰਦੇ ਸੀ, ਉਸ ਨੇ ਕਿਹਾ ਮੈਂ ਪੰਜ ਗ੍ਰੰਥੀ ਦੀ ਡਿਊਟੀ ਵੀ ਦਿਆ ਕਰਾਂਗੀ। ਇਸ ਤਰ੍ਹਾਂ ਉਹ ਡਿਊਟੀ ਦਿੰਦੀ ਰਹੀ। ਜਦੋਂ ਕੁਝ ਮਹੀਨੇ ਲੰਘੇ, ਸਤੰਬਰ ਦਾ ਮਹੀਨਾ ਆਇਆ, ਮੈਂ ਅਮਰੀਕਾ ਜਾਣ ਲਈ ਤਿਆਰ ਹੋਇਆ ਤਾਂ ਉਹ ਕਾਗਜ਼ ਲੈ ਕੇ ਮੇਰੇ ਪਾਸ ਆਈ, ਉਸ ਵਿਚ ਪੱਥਰੀ ਬੰਨ੍ਹੀ ਹੋਈ ਸੀ। ਗੁਰਦੇ ਵਿਚ ਜੋ ਪਥਰੀ ਸੀ ਉਹ ਤਿੰਨ ਟੁਕੜੇ ਹੋ ਕੇ ਨਿਕਲ ਗਈ। ਉਸ ਤੋਂ ਬਾਅਦ ਮੈਂ ਅਮਰੀਕਾ ਚਲਿਆ ਗਿਆ। ਜਦੋਂ 1 ਜਨਵਰੀ 1990 ਨੂੰ ਵਾਪਸ ਆਇਆ ਤਾਂ ਉਹ ਕਹਿਣ ਲੱਗੀ ਕਿ ਮੇਰੀ ਦੂਸਰੀ ਅੱਖ ਵੀ ਠੀਕ ਹੋ ਜਾਵੇ ਤਾਂ ਚੰਗਾ ਹੈ। ਜਦੋਂ ਆ ਕੇ ਮੈਂ ਸਾਰਾ ਹਾਲ ਦੇਖਿਆ ਤਾਂ ਉਸ ਦੀ ਅੱਖ ਜੋ ਤਕਰੀਬਨ 20 ਮਹੀਨੇ ਪਹਿਲਾਂ ਬੰਦ ਹੋਈ ਸੀ ਉਹ ਬੰਦ ਹੀ ਰਹੀ। ਉਸਨੇ ਮੇਰੇ ਤੋਂ ਛੁੱਟੀ ਮੰਗੀ ਤੇ ਕਹਿਣ ਲੱਗੀ ਕਿ ਮੈਂ ਹੁਣ ਘਰ ਜਾਣਾ ਹੈ, ਮੈਂ ਕੀ ਕਾਣੀ ਹੀ ਜਾਵਾਂਗੀ? ਬਾਲ ਬੱਚਿਆਂ ਨੂੰ ਮਿਲ ਆਵਾਂ। 20 ਜਨਵਰੀ ਨੂੰ ਉਹ ਮੇਰੇ ਪਾਸ ਫਿਰ ਆਈ, ਬਹੁਤ ਖੁਸ਼ ਸੀ। ਉਸ ਨੇ ਦੱਸਿਆ ਕਿ ਮੇਰੀ ਦੂਜੀ ਅੱਖ ਵੀ ਖੁਲ੍ਹ ਗਈ, ਮੈਂ ਕਿਹਾ ਚਾਰ ਮਹੀਨੇ ਬੰਦਗੀ ਕਰਕੇ ਫੇਰ ਛੁਟੀ ਲੈਣੀ ਸੀ। ਕਹਿਣ ਲੱਗੀ ਮੇਰੀ ਪੋਤੀ ਦੇ ਇਮਤਿਹਾਨ ਹਨ, ਮੇਰਾ ਉਥੇ ਰਹਿਣਾ ਬਹੁਤ ਜ਼ਰੂਰੀ ਹੈ। ਇਸੇ ਦੌਰਾਨ ਉਸ ਨੇ ਪੀ. ਜੀ. ਆਈ ਵਿਚ ਮੁੜ ਕੇ ਫੇਰ ਸਾਰੀ ਚੈਕਿੰਗ ਕਰਾਈ, ਉਨ੍ਹਾਂ ਨੇ ਕਿਹਾ ਤੁਹਾਨੂੰ ਕੋਈ ਬਿਮਾਰੀ ਨਹੀਂ। ਸਾਨੂੰ ਦੱਸੋ ਕਿਹੜੀ ਦਵਾਈ ਖਾਧੀ ਹੈ, ਕਾਰਡ ਉਤੇ ਤਾਂ ਕੋਈ ਦਵਾਈ ਨਹੀਂ? ਉਸ ਨੇ ਕਿਹਾ ਕਿ ਮੈਂ ਦਵਾਈ ਤਾਂ ਕੋਈ ਨਹੀਂ ਖਾਧੀ। ਲੰਗਰ ਵਿਚ ਪ੍ਰਸ਼ਾਦਾ ਛਕਿਆ ਹੈ, ਉਥੇ ਖਾਣ ਨੂੰ ਗੁੜ ਵੀ ਮਿਲ ਜਾਂਦਾ ਸੀ। ਇਹ ਡਾਕਟਰਾਂ ਦੀ ਸਮਝ ਤੋਂ ਬਾਹਰ ਗੱਲ ਸੀ। ਜਦੋਂ ਉਸ ਨੇ ਰੀੜ੍ਹ ਦੀ ਹੱਡੀ ਚੈਕ ਕਰਾਈ ਉਸ ਵਿਚ ਤ੍ਰੇੜ ਸੀ, ਉਹ ਐਕਸਰੇ ਵਿਚ ਨਾ ਆਈ, ਰਸੌਲੀ ਦੀ ਚੈਕਿੰਗ ਕਰਾਈ ਉਹ ਵੀ ਐਕਸਰੇ ਵਿਚ ਨਾ ਆਈ।

ਸਾਧਸੰਗਤ ਜੀ! ਇਹ ਤਾਂ ਮੈਂ ਦੇਖਦਾ ਹੀ ਆਇਆ ਹਾਂ ਕਿ ਵੱਡੇ ਤੋਂ ਵੱਡੇ ਰੋਗ ਨਾਮ ਜਪ ਕੇ ਦੂਰ ਹੋ ਜਾਂਦੇ ਹਨ ਪਰ ਆਦਮੀ ਨੂੰ ਨਾਮ ਦੀ ਕੋਈ ਕਦਰ ਨਹੀਂ ਹੁੰਦੀ। ਆਪਣਾ ਮਤਲਬ ਕੱਢਿਆ ਅਤੇ ਫੇਰ ਉਥੇ ਹੀ ਆ ਜਾਂਦਾ ਹੈ। ਭਾਵੇਂ ਅਸੀਂ ਸਾਲ ਸਾਲ ਕਰੜੀ ਮਿਹਨਤ ਕਰਾਉਂਦੇ ਹਾਂ, ਫੇਰ ਛੁਟੀ ਮਿਲ ਗਈ, ਮੁੜ ਅਵੇਸਲੇ ਹੋ ਜਾਂਦੇ ਹਾਂ। ਜੇ ਮਨ ਵਿਚ ਕਦਰ ਹੋਵੇ ਕਿ ਨਾਮ ਐਨੀ ਸਹਾਇਤਾ ਕਰਦਾ ਹੈ ਤਾਂ ਸਾਰੇ ਹੀ ਨਾਮ ਜਪਣ ਲਗ ਜਾਣ।

ਇਕ ਵਾਰੀ ਜਦੋਂ ਮੈਂ ਜੌਲੀ ਗ੍ਰਾਂਟ ਵਿਚ ਡਾਕਟਰ ਸਵਾਮੀ ਰਾਮ ਜੀ ਦੇ ਮੈਡੀਕਲ ਕਾਲਜ ਦੀ ਬੁਨਿਆਦ ਰੱਖੀ ਉਸ ਵੇਲੇ ਪੀ.ਜੀ.ਆਈ. ਦੇ ਡਾਕਟਰ ਚੁਟਾਨੀ, ਡਾਕਟਰ ਪਾਠਕ ਅਤੇ ਕੁਝ ਅਮਰੀਕਨ ਡਾਕਟਰ ਉਥੇ ਆਏ ਹੋਏ ਸਨ। ਉਥੇ ਉਸ ਵੇਲੇ ਮੈਂ ਇਹ ਗੱਲ ਕਹੀ ਕਿ ਨਾਮ ਵਿਚ ਸਾਰੀਆਂ ਸ਼ਕਤੀਆਂ ਹਨ, ਸਾਰੇ ਰੋਗਾਂ ਨੂੰ ਦੂਰ ਕਰਨ ਲਈ ਨਾਮ ਸਮਰੱਥ ਹੈ। ਉਥੇ ਮੈਂ ਸਾਰੀਆਂ ਗੱਲਾਂ ਪੀ.ਜੀ.ਆਈ ਦੀਆਂ ਹੀ ਦੱਸੀਆਂ। ਡਾਕਟਰਾਂ ਨੇ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਮਨ ਰੋਗੀ ਹੋਵੇ ਤਾਂ ਸਾਰੀਆਂ ਬਿਮਾਰੀਆਂ ਆ ਘੇਰਦੀਆਂ ਹਨ। ਤੁਹਾਡਾ ਮਨ ਨਰੋਆ ਹੋਵੇ ਤਾਂ ਬਿਮਾਰੀਆਂ ਘਟ ਜਾਂਦੀਆਂ ਹਨ।

ਸੋ ਗੱਲ ਇਹ ਹੈ ਕਿ ਪ੍ਰਮੇਸ਼ਰ ਦਾ ਨਾਮ ਐਨਾ ਕੀਮਤੀ ਹੈ ਤਾਂ ਆਦਮੀ ਕਿਉਂ ਨਹੀਂ ਨਾਮ ਜਪਦਾ? ਜਿਹੜੀ ਗੱਲ ਮੈਂ ਉਪਰ ਦੱਸੀ ਹੈ ਉਸ ਬੀਬੀ ਦਾ ਕਾਰਡ ਪੀ.ਜੀ.ਆਈ ਬਣਿਆ ਹੋਇਆ ਹੈ। ਉਹ ਬੀਬੀ ਹੁਣ ਵੀ ਜਿਉਂਦੀ ਜਾਗਦੀ ਹੈ, ਕੋਈ ਵੀ ਉਸ ਤੋਂ ਪੁਛ ਸਕਦਾ ਹੈ।

***'ਚਲਦਾ'***

**L L L L L L**



Sri Satguru Jagjit Singh Ji eLibrary NamdhariElibrary@gmail.com

# ਸਨੇਹੀਆਂ ਦਾ ਪੰਨਾ

ਰਤਵਾੜਾ ਸਾਹਿਬ ਵਿਚ ਹੋ ਰਹੇ ਕਾਰਜਾਂ ਅਤੇ ਮਹਾਂਪੁਰਸ਼ਾਂ ਵਲੋਂ ਹੋ ਰਹੇ ਪਰਉਪਕਾਰਾਂ ਸਬੰਧੀ ਸਾਨੂੰ ਹਰ ਰੋਜ਼ ਅਨੇਕਾਂ ਪੱਤਰ ਪ੍ਰਾਪਤ ਹੁੰਦੇ ਰਹਿੰਦੇ ਹਨ। ਆਤਮ ਮਾਰਗ ਵਿਚ ਸਭ ਨੂੰ ਛਾਪਣਾ ਸੰਭਵ ਨਹੀਂ ਹੁੰਦਾ। ਇਸ ਮਹੀਨੇ ਅਸੀਂ ਕੇਵਲ ਦੋ ਪੱਤਰ ਛਾਪ ਕੇ ਪਾਠਕਾਂ ਨਾਲ ਸਾਂਝ ਪਾਉਣੀ ਚਾਹੁੰਦੇ ਹਾਂ। ਇਨ੍ਹਾਂ ਚਿੱਠੀਆਂ ਨੂੰ ਪੜ੍ਹ ਕੇ ਹਰੇਕ ਪਾਠਕ ਦੇ ਉਤਸ਼ਾਹ ਵਿਚ ਵਾਧਾ ਹੁੰਦਾ ਹੈ। ਪਹਿਲੀ ਚਿੱਠੀ ਬੀਬੀ ਨਛੱਤਰ ਕੌਰ ਬੈਡਫੋਰਡ ਦੀ ਇੰਗਲੈਂਡ ਤੋਂ ਹੈ। ਦੂਜੀ ਮਹਾਂਪੁਰਸ਼ਾਂ ਦੇ ਗੁਰੂ ਭਾਈ ਪ੍ਰਿੰਸੀਪਲ ਗੁਰਦਿਆਲ ਸਿੰਘ ਜੀ ਗਰੇਵਾਲ, ਲੁਧਿਆਣਾ ਦੀ ਹੈ ਜੋ ਇਸ ਪ੍ਰਕਾਰ ਹਨ –

ਪੂਜਨੀਕ ਬਾਬਾ ਜੀ ਤੇ ਬੀਜੀ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਪ੍ਰਵਾਨ ਕਰਨੀ ਜੀ।। ਆਪ ਜੀ ਦੀ ਕ੍ਰਿਪਾ ਸਦਕਾ ਅਸੀਂ ਚੜ੍ਹਦੀ ਕਲਾ ਵਿਚ ਹਾਂ, ਆਪ ਦੀ ਚੜ੍ਹਦੀ ਕਲਾ ਤੰਦਰੁਸਤੀ ਤੇ ਵੱਡੀ ਉਮਰ ਲਈ ਧੰਨ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਹੇ ਵਾਹਿਗੁਰੂ! ਸਾਡੇ ਬਾਬਾ ਜੀ ਤੇ ਬੀਜੀ ਦੇ ਸਾਨੂੰ ਹਰ ਦਮ ਦਰਸ਼ਨ ਹੁੰਦੇ ਰਹਿਣ ਤੇ ਪਿਆਰੇ ਦੇ ਪਿਆਰ ਦੇ ਬਚਨ ਸੁਣਦੇ ਰਹੀਏ। ਬਾਬਾ ਜੀ ਆਪ ਜੀ ਦੇ ਦਰਸ਼ਨ ਕਰਦੇ ਹੋਏ ਬੀਬੀ ਸਤਵੰਤ ਤੋਂ ਆਪ ਜੀ ਦੇ ਅੱਖ ਦਾ ਔਪਰੇਸ਼ਨ ਦਾ ਪਤਾ ਲੱਗਿਆ। ਪਤਾ ਦੇਣਾ ਕਿ ਆਪ ਜੀ ਦੀ ਨਿਗ੍ਹਾ ਠੀਕ ਬਣ ਗਈ ਹੈ। ਬਾਬਾ ਜੀ 2 ਅਕਤੂਬਰ ਦਾ ਸਮਾਂ ਜਦੋਂ ਵੀਡੀਓ ਵਿਚ ਵੇਖਦੇ ਹਾਂ ਬਿਲਕੁਲ ਉਹ ਹੀ ਸਮਾਂ ਅੱਖਾਂ ਮੂਹਰੇ ਆ ਕੇ ਅੱਖਾਂ ਵਿਚੋਂ ਹੰਝੂ ਆ ਜਾਂਦੇ ਹਨ। ਦਸੰਬਰ ਦੇ ਰਸਾਲੇ ਵਿਚ ਇਕ ਅਭੁੱਲ ਘੜੀ ਡਾ. ਡੀ. ਕੇ. ਪਾਂਡੇ ਜਿਨ੍ਹਾਂ ਨੇ ਮੁੜ ਫੇਰ ਰਤਵਾੜਾ ਸਾਹਿਬ ਦੀਵਾਨ ਵਿਚ ਬਿਠਾ ਕੇ ਉਸ ਸਮੇਂ ਦੀ ਘੜੀ ਵਿਚ ਦਾਖਲ ਕਰ ਦਿਤਾ, ਬੱਸ ਪੜ੍ਹਨ ਦੀ ਹੀ ਦੇਰ ਸੀ ਹੰਝੂਆਂ ਦੀ ਝੜੀ ਲਗ ਗਈ। ਹੁਣ ਪਤਾ ਲਗ ਰਿਹਾ ਹੈ ਕਿ ਆਪ ਇਸ ਧਾਰਨਾ ਨਾਲ ਸ਼ਬਦ ਪੜ੍ਹਦੇ ਹੋ, 'ਗੁਰਾਂ ਨੇ ਮੇਰੇ ਓ ਬਾਣ ਮਾਰਿਆ।' ਮਹਿਸੂਸ ਹੋ ਰਿਹਾ ਹੈ ਕਿ 2 ਅਕਤੂਬਰ ਦਾ ਸਤਿਗੁਰਾਂ ਦਾ ਬਾਨ ਮਾਰਿਆ ਦੱਸ ਰਿਹਾ ਹੈ ਕਿ ਸਚਮੁੱਚ ਤੁਸੀਂ ਚਾਰ ਦਿਨ ਸੱਚੀ ਦਰਗਾਹ ਵਿਚ ਹਾਜ਼ਰੀਆਂ ਲਵਾਈਆਂ ਹਨ। ਬਾਬਾ ਜੀ, ਸਮਾਗਮ ਦੇ ਦਿਨਾਂ ਵਿਚ ਇਸ ਤਰ੍ਹਾਂ ਲਗ ਰਿਹਾ ਸੀ ਕਿ ਅਸੀਂ ਹੋਰ ਹੀ ਦੁਨੀਆਂ ਵਿਚ ਆਏ ਹੋਏ ਹਾਂ। ਸੋ ਅਸੀਂ ਆਸ ਰਖਦੇ ਹਾਂ ਕਿ ਛੇਤੀ ਛੇਤੀ ਫਿਰ ਇਹ ਸਮਾਂ ਆਵੇ ਤਾਂ ਅਸੀਂ ਆਪ ਜੀ ਦੀਆਂ ਪਿਆਰੀਆਂ ਸੰਗਤਾਂ ਵਿਚ ਬੈਠ ਕੇ ਆਪ ਜੀ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫਲਾ ਕਰੀਏ।

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ – 1373***

ਸੋ ਅਸੀਂ ਵਡਭਾਗੀ ਹਾਂ ਜਿਨ੍ਹਾਂ ਨੂੰ ਸੰਤ ਮਿਲ ਗਿਆ ਸੋ ਆਪ ਜੀ ਦਾ ਹਰ ਵਕਤ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੇ ਸੇਵਾਦਾਰਾਂ ਨੇ ਵੀ ਸਾਡੀ ਇਤਨੀ ਸੇਵਾ ਕੀਤੀ ਹੈ ਜਿਸ ਦੇ ਅਸੀਂ ਯੋਗ ਨਹੀਂ ਸਾਂ। ਸੋ ਮੇਰੇ ਵਲੋਂ ਤੇ ਸਾਰੇ ਪਰਿਵਾਰ ਵਲੋਂ ਆਪ ਜੀ ਤੇ ਬੀਜੀ ਨੂੰ ਮੱਥਾ ਟੇਕਦੇ ਹਾਂ, ਸਾਰੀਆਂ ਸੰਗਤਾਂ ਨੂੰ ਸਤਿ ਸ੍ਰੀ ਅਕਾਲ, ਗਲਤੀ ਮਾਫ ਕਰਨੀ ਜੀ।

***ਆਪ ਜੀ ਦੇ ਚਰਨਾਂ ਦੀ ਧੂੜੀ***
***ਨਿਮਾਣੀ ਨਛੱਤਰ ਕੌਰ***

ਬਹੁਤ ਹੀ ਸਤਿਕਾਰਯੋਗ ਗੁਰੂ ਭਾਈ ਸੰਤ ਵਰਿਆਮ ਸਿੰਘ ਜੀ,

ਨਿਮਰਤਾ ਸਹਿਤ ਦੋਕਰ ਜੋੜ,

***ਵਾਹਿਗੁਰੂ ਜੀ ਕਾ ਖਾਲਸਾ,***
***ਵਾਹਿਗੁਰੂ ਜੀ ਕੀ ਫਤਹਿ।***

ਸਤਿਗੁਰੂ ਦੇ ਦਰਬਾਰ ਖੁਸ਼ੀਆਂ ਨਿਤ ਨਵੀਆਂ।

ਇਨ੍ਹਾਂ ਖੁਸ਼ੀਆਂ ਵਿਚ ਅੱਜ ਇਕ ਹੋਰ ਵੱਡਾ ਵਾਧਾ ਹੋਇਆ ਹੈ ਕਿ ਮੇਰੇ ਸੱਚੇ ਪਾਤਸ਼ਾਹ, ਮੇਰੇ ਗੁਰੂਦੇਵ, ਮੇਰੇ ਪ੍ਰਾਣ ਆਧਾਰ ਜੀ ਦੇ ਆਕਾਸ਼ ਵਿਚ ਸਦੀਵੀ ਰੋਸ਼ਨੀ ਹੋ ਰਹੀ ਹੈ। ਉਸ ਵਿਚ ਹੋਰ ਵਾਧਾ ਆਪ ਮੇਰੇ ਗੁਰਭਾਈ ਕਰ ਰਹੇ ਹਨ। ਅਗੰਮ ਦੇਸ਼ ਵਿਚ ਸਰਵ ਉਚ ਤਖਤ ਤੇ ਬਿਰਾਜਮਾਨ ਆਪ ਜੀ ਦੇ ਸ਼ੁਭ ਕਰਮ ਤੇ ਬਹੁਤ ਪ੍ਰਸੰਨ ਹੋਏ ਹੋਣਗੇ ਕਿ ਆਪ ਜੀ ਨੇ ਆਪਣੇ ਗੁਆਂਢ ਪਿੰਡ ਵਿਚ ਮੁਸਲਮਾਨ ਭਾਈਆਂ ਦੇ ਸੁਖ ਲਈ ਅਤੇ ਉਨ੍ਹਾਂ ਵੱਲੋਂ ਨਮਾਜ਼ਾਂ ਦੁਆਰਾ ਪ੍ਰਮਾਤਮਾ ਨੂੰ ਯਾਦ ਕਰਨ ਲਈ ਇਕ ਸੁੰਦਰ ਮਸੀਤ ਬਣਾ ਦਿਤੀ ਹੈ। ਵਾਹੁ! ਵਾਹੁ! ਸਾਧ, ਸਾਧ! 'ਬ੍ਰਹਮਗਿਆਨੀ ਪਰਉਪਕਾਰ ਉਮਾਹਾ' ਸਤਿਗੁਰੂ ਜੀ ਆਪ ਸਾਰੇ ਸੰਸਾਰ ਦੇ ਮਾਲਕ ਤੇ ਸਾਰੇ ਧਰਮਾਂ ਦੇ ਪਿਆਰੇ ਅਤੇ ਸਾਰੀ ਰਚਨਾ ਦੇ ਪੂਜਯ ਹਿੰਦੂ, ਈਸਾਈ, ਮੁਸਲਮਾਨ, ਰਾਧਾ ਸੁਆਮੀ, ਨਿਰੰਕਾਰੀ ਭਾਵ ਹਰ ਪ੍ਰਕਾਰ ਦੀ ਰਚਨਾ ਤੇ ਇਕੋ ਜਿਹੀ ਕ੍ਰਿਪਾ ਕਰਦੇ ਸਨ। ਤੁਹਾਡਾ ਇਹ ਔਗੁਣਾਂ ਭਰਿਆ ਗੁਰਭਾਈ ਦੇਖਦਾ ਰਿਹਾ ਹੈ ਕਿ ਉਨ੍ਹਾਂ ਪਾਸੋਂ ਸਾਰੇ ਧਰਮਾਂ ਦੇ ਲੋਕ ਉਪਦੇਸ਼ ਲੈਂਦੇ ਸਨ ਅਤੇ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਦੇ ਯਤਨ ਕਰਦੇ ਸਨ। ਹਰਿਦੁਆਰ ਕਨਖਲ ਆਦਿ ਦੇ ਸਾਧੂ, ਉਚ ਕੋਟੀ ਦੇ ਮੁਸਲਮਾਨ, ਵਿਦਵਾਨ, ਹਰਿਦੁਆਰ ਤੇ ਕਾਸ਼ੀ ਦੇ ਪੰਡਤ, ਅਨੇਕ ਧਰਮਾਂ ਦੇ ਸਾਧੂ, ਸਿੱਖ ਸੰਪਰਦਾਵਾਂ ਦੇ ਸੰਤ ਮਹਾਤਮਾ ਆਪਣੇ ਸਤਿਗੁਰਾਂ ਨੂੰ ਡੰਡੌਤ ਨਮਸ਼ਕਾਰਾਂ ਕਰਿਆ ਕਰਦੇ ਸਨ। ਆਪ ਜੀ ਨੂੰ ਯਾਦ ਹੋਵੇਗਾ ਕਿ ਇਕ ਵਾਰ ਆਪ ਫਿਲੌਰ ਗਏ ਹੋਏ ਸਨ। ਸਰਦਾਰ ਕਰਨੈਲ ਸਿੰਘ ਜੀ ਕਿਲਾ ਰਾਏਪੁਰ ਵਾਲੇ ਅਤੇ ਦਾਸ ਦਾ ਸਰੀਰ ਉਨ੍ਹਾਂ ਦੇ ਨਾਲ ਸਨ। ਆਪ ਜੀ ਸੈਰ ਵਾਸਤੇ ਦਰਿਆ ਸਤਿਲੁਜ ਵਲ ਚਲ ਪਏ ਜਿਧਰ ਜੰਗਲ ਵਿਚ ਬਹੁਤ ਸਾਰੀਆਂ ਝਾੜੀਆਂ ਸਨ ਅਤੇ ਪੇੜ ਬਹੁਤ ਸੰਘਣੇ ਸਨ। ਉਥੇ ਇਕ ਕਬਰ ਸੀ। ਕਬਰ ਦੇ ਸਿਰਹਾਣੇ ਪੱਥਰ ਤੇ ਲਿਖਿਆ ਹੋਇਆ ਸੀ 'ਐ ਰਾਹ ਗੁਜਰ ਇਸ ਗਰੀਬ ਕਾ ਫਾਤਿਹਾ ਪੜ੍ਹਤੇ



Sri Satguru Jagjit Singh Ji eLibrary NamdhariElibrary@gmail.com

ਜਾਨਾ' ਸੰਤ ਮਹਾਰਾਜ ਜੀ ਨੇ ਪੜ੍ਹਿਆ ਤੇ ਕਿਹਾ ਆਉ, ਇਸ ਦੀ ਇੱਛਾ ਪੂਰੀ ਕਰੀਏ। ਸੋ ਜੋੜਾ ਉਤਾਰ ਕੇ ਉਸ ਦੇ ਕਲਿਆਣ ਦੀ ਅਰਦਾਸ ਕੀਤੀ। ਲੁਧਿਆਣੇ ਦੇ ਉਸ ਵਕਤ ਦੇ ਸਕੂਲ ਇੰਸਪੈਕਟਰ ਮੁਸਲਮਾਨ ਵੀਰ ਸਨ। ਉਨ੍ਹਾਂ ਨੇ ਦਾਸ ਨੂੰ ਸੰਤ ਜੀ ਬਾਰੇ ਕਿਹਾ ਕਿ ਇਹ ਖੁਦ ਖੁਦਾ ਹਨ। ਤੁਸੀਂ ਬੜੇ ਖੁਸ਼ ਕਿਸਮਤ ਹੋ ਜੋ ਉਨ੍ਹਾਂ ਦੇ ਦਰਸ਼ਨ ਕਰਦੇ ਹੋ।

ਸੋ ਆਪ ਜੀ ਨੇ ਜੋ ਮਸਜਿਦ ਬਣਵਾ ਕੇ ਦਿਤੀ ਹੈ ਉਸ ਦੀ ਖਬਰ 29.12.2000 ਦੀ ਟ੍ਰਿਬਿਊਨ ਵਿਚ ਪਹਿਲੇ ਪੰਨੇ ਤੇ ਤਿੰਨ ਕਾਲਮਾਂ ਤੇ ਅੰਤਲੇ ਪੰਨੇ ਤੇ ਉਸਤਤ ਕੀਤੀ ਗਈ ਹੈ।

ਆਪ ਜੀ ਦੇ ਉਕਤ ਸ਼ੁਭ ਕਰਮ ਨੂੰ ਇਹ ਦਾਸ ਸ਼ਰਧਾ ਸਹਿਤ ਨਮਸਕਾਰ ਕਰਦਾ ਹੈ। ਪਿਹੋਵੇ ਵਾਲੇ ਸੰਤ ਮਹਾਰਾਜ ਮਾਨ ਸਿੰਘ ਜੀ ਨੇ ਉੜੀਸਾ ਦੇ ਕਾਲ ਗ੍ਰਸਤ ਲੋਕਾਂ ਦੀ ਜੋ ਸੇਵਾ ਕੀਤੀ ਹੈ ਇਹ ਵੀ ਸੰਤ ਮਹਾਰਾਜ ਜੀ ਦੇ ਚਰਨ ਚਿੰਨ੍ਹਾਂ ਤੇ ਚੱਲਣ ਦੀ ਉਸਤਤ ਭਰੀ ਸੇਵਾ ਹੈ। ਸ੍ਰੀ ਕਰਮਸਾਰ ਸਾਹਿਬ, ਸੰਤ ਆਸ਼ਰਮ ਧਬਲਾਨ, ਸ਼ਾਮ ਚੁਰਾਸੀ ਜਰਗ ਅਤੇ ਹੋਰ ਜਿਥੇ ਜਿਥੇ ਸੰਤ ਮਹਾਰਾਜ ਜੀ ਦੇ ਪਿਆਰੇ ਵਸਦੇ ਹਨ ਆਪੋ ਆਪਣੀ ਬੁੱਧੀ ਅਨੁਸਾਰ ਤੇ ਹਾਲਾਤ ਅਨੁਸਾਰ ਸੇਵਾ ਕਰ ਰਹੇ ਹਨ ਪ੍ਰੰਤੂ ਜੋ ਆਪ ਜੀ ਸੇਵਾ ਕਰ ਰਹੇ ਹੋ ਇਹ ਬਹੁਤ ਹੀ ਪ੍ਰਭਾਵਸ਼ਾਲੀ ਤੇ ਪ੍ਰਸੰਸਾਯੋਗ ਹੈ। ਆਪ ਜੀ ਨੂੰ ਅਤੇ ਆਪ ਜੀ ਦੇ ਅਰਧੰਗੀ ਬੀਬਾ ਜੀ ਨੂੰ ਮੇਰੇ ਵਲੋਂ ਤਾਂ ਨਮਸਕਾਰ ਹੀ ਕਰਨੀ ਬਣਦੀ ਹੈ। ਸੱਚੇ ਪਾਤਸ਼ਾਹ ਆਪ ਜੀ ਦੇ ਅੰਗ ਸੰਗ ਹਨ। ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ।

ਨਮਸਕਾਰ, ਨਮਸਕਾਰ,

***ਚਰਨ ਧੂੜ ਮੁਖ ਲਾਈ,***
***ਸਭ ਤੋਂ ਵੱਡਾ ਸਾਕ ਗੁਰਭਾਈ।***

***ਦਾਸਨ ਦਾਸ***
***ਸੰਤ ਚਰਨ ਰਜ ਜਾਚਕ ਨਾਚੀਜ਼***
***ਗੁਰਦਿਆਲ ਸਿੰਘ***

**ਨੋਟ** – ਪ੍ਰਿੰਸੀਪਲ ਗੁਰਦਿਆਲ ਸਿੰਘ ਜੀ ਵੱਡੇ ਸੰਤ ਮਹਾਰਾਜ ਜੀ ਦੇ ਅੰਨਿਨ ਸੇਵਕ ਤੇ ਬਾਬਾ ਜੀ ਦੇ ਗੁਰਭਾਈ ਹਨ। ਜਿਥੇ ਇਨ੍ਹਾਂ ਨੇ ਮਸਜਿਦ ਬਾਰੇ ਲਿਖ ਕੇ ਇਸ ਪਰਉਪਕਾਰ ਦੀ ਸ਼ਲਾਘਾ ਕੀਤੀ ਹੈ। ਇਸੇ ਪ੍ਰਕਾਰ ਬਾਬਾ ਜੀ ਦੀ ਸਰਪ੍ਰਸਤੀ ਹੇਠ ਅਨੇਕਾਂ ਪਰਉਪਕਾਰ ਤੇ ਜਨ ਸਮੂੰਹ ਦੀ ਭਲਾਈ ਦੇ ਕਾਰਜ ਸੰਪੰਨ ਹੋਏ ਹਨ ਅਤੇ ਅਰੰਭੇ ਗਏ ਹਨ।

1. ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਖੂਬਸੂਰਤ ਬਿਲਡਿੰਗ ਬਣ ਕੇ ਤਿਆਰ ਹੋ ਚੁੱਕੀ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋ ਕੇ ਸਵੇਰੇ ਸ਼ਾਮ ਕਥਾ ਕੀਰਤਨ ਦਾ ਪ੍ਰਵਾਹ ਚਲ ਰਿਹਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦਿਤੀ ਜਾਂਦੀ ਹੈ।

2. ਖੁਲ੍ਹੇ ਦੀਵਾਨ ਲਈ 230 ਫੁੱਟ ਲੰਬੇ ਅਤੇ 125 ਫੁੱਟ ਚੌੜੇ ਵਿਚ ਮਹੀਨੇ ਦੇ ਛੇ ਦੀਵਾਨ ਪੱਕੇ ਲਗਦੇ ਹਨ ਅਤੇ ਦੂਰ-ਦੁਰਾਡੇ ਤੋਂ ਸੰਗਤ ਆ ਕੇ ਸਤਿਸੰਗ ਦਾ ਲਾਹਾ ਪ੍ਰਾਪਤ ਕਰਦੀ ਹੈ।

3. ਵਿਦੇਸ਼ਾਂ ਵਿਚ ਰਹਿਣ ਵਾਲੇ ਯਾਤਰੂਆਂ ਲਈ ਮੋਟਲ ਟਾਈਪ 30 ਰਿਹਾਇਸ਼ ਕਮਰੇ ਬਣ ਚੁੱਕੇ ਹਨ।

5. ਸੰਗਤਾਂ ਦੇ ਰਹਿਣ ਲਈ ਨਵੀਂ ਦੋ ਮੰਜ਼ਲੀ ਇਮਾਰਤ ਵਿਚ ਕਮਰੇ ਬਣ ਚੁਕੇ ਹਨ।

6. ਰਤਵਾੜਾ ਸਾਹਿਬ ਵਿਖੇ ਸਰਕਾਰੀ ਡਿਸਪੈਂਸਰੀ ਲਈ ਬਿਲਡਿੰਗ ਬਣਵਾ ਕੇ ਦਿਤੀ ਗਈ ਹੈ ਜਿਸ ਵਿਚ ਹਰ ਮਹੀਨੇ 2000 ਰੁਪਏ ਦਵਾਈਆਂ ਲਈ ਦਿਤੇ ਜਾਂਦੇ ਹਨ।

7. ਰਾਜਪੁਰਾ ਵਿਖੇ ਭਾਈ ਸਾਹਿਬ ਭਾਈ ਦਇਆ ਸਿੰਘ ਪਬਲਿਕ ਸਕੂਲ ਚਲ ਰਿਹਾ ਹੈ।

8. ਬਨੂੜ ਗੁਰਦੁਆਰਾ ਈਸ਼ਰ ਪ੍ਰਕਾਸ਼ ਵਿਚ ਮੇਨ ਰੋਡ ਉਤੇ ਸਰਦੀਆਂ ਵਿਚ ਚਾਹ ਦਾ ਲੰਗਰ ਅਤੇ ਗਰਮੀਆਂ ਵਿਚ ਠੰਢੇ ਪਾਣੀ ਦੇ ਸ਼ਰਬਤ ਦਾ ਲੰਗਰ ਅਤੇ ਗੁਰੂ ਕਾ ਲੰਗਰ 24 ਘੰਟੇ ਚਲਦਾ ਰਹਿੰਦਾ ਹੈ। ਜਿਥੇ ਬੱਸਾਂ, ਟਰੱਕ ਰੋਕ ਕੇ ਲੰਗਰ ਮੁਸਾਫਿਰ ਛਕਦੇ ਹਨ।

9. ਇਨਫਰਮੇਸ਼ਨ ਟੈਕਨਾਲੋਜੀ ਡਿਪਲੋਮਾ ਕੋਰਸ ਲਈ ਬਿਲਡਿੰਗ ਬਣਾ ਦਿਤੀ ਗਈ ਹੈ ਅਤੇ ਜਲਦੀ ਇਸ ਲਈ ਪੜ੍ਹਾਈ ਸ਼ੁਰੂ ਹੋ ਜਾਵੇਗੀ।

10. ਸ੍ਰੀ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਇੰਗਲਿਸ਼ ਮੀਡੀਆ ਸਕੂਲ K.G. ਕਲਾਸ ਤੋਂ 10+2 ਚਾਲੂ ਕਰਨ ਦਾ ਫੈਸਲਾ ਲਿਆ ਗਿਆ ਹੈ। ਮਾਰਚ 2001 ਤੋਂ ਨਰਸਰੀ ਅਤੇ K.G. ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

11. ਪਿੰਡ ਧਮੋਟ ਵਿਖੇ 15 ਲੱਖ ਦੀ ਲਾਗਤ ਨਾਲ ਸਰਕਾਰੀ ਹਸਪਤਾਲ ਬਣਾ ਕੇ ਸਰਕਾਰ ਨੂੰ ਸੌਂਪ ਦਿਤਾ ਗਿਆ ਹੈ ਜਿਸ ਦਾ ਨਾਮ ਬੀਬੀ ਰਣਜੀਤ ਕੌਰ ਪ੍ਰਾਇਮਰੀ ਹੈਲਥ ਸੈਂਟਰ ਰੱਖਿਆ ਗਿਆ ਹੈ ਅਤੇ ਇਥੇ ਹਰ ਮਹੀਨੇ ਪੰਜ ਹਜ਼ਾਰ ਦੀਆਂ ਦਵਾਈਆਂ ਲਈ ਅਤੇ ਇਕ ਹਜ਼ਾਰ ਰੁਪਏ ਮਾਲੀ ਲਈ ਦਿਤਾ ਜਾ ਰਿਹਾ ਹੈ।

12. ਪਿੰਡ ਧਮੋਟ ਵਿਖੇ ਪ੍ਰਾਇਮਰੀ ਸਕੂਲ ਦੀ ਇਮਾਰਤ ਤੇ ਗੇਟ ਦੀ ਰਿਪੇਅਰ ਤੇ ਪਿੰਡ ਦੇ ਗੇਟਾਂ ਦੀ ਉਸਾਰੀ ਲਈ ਮਾਇਕ ਸਹਾਇਤਾ ਦਿਤੀ ਗਈ ਹੈ। ਬਾਬਾ ਜੀ ਦੇ ਪੋਤਰਿਆਂ ਕਾਕਾ ਸਾਹਿਬ ਸਿੰਘ ਗਿੱਲ ਸ਼ਿਕਾਗੋ, ਅਮਰੀਕਾ ਅਤੇ ਲੜਕੀ ਡਾਕਟਰ ਸਿਮਰਨ ਕੌਰ ਗਿੱਲ ਸ਼ਿਕਾਗੋ ਨੇ ਆਪਣੇ ਪਿਤਾ ਮਨਜੀਤ ਸਿੰਘ ਗਿੱਲ ਸ਼ਿਕਾਗੋ ਦੀ ਮਾਰਫਤ ਇਕ ਲੱਖ ਰੁਪੈ ਧਮੋਟ ਵਿਚ ਸਟੇਡੀਅਮ ਬਣਾਉਣ ਲਈ ਦੇਣ ਦਾ ਐਲਾਨ ਕੀਤਾ ਹੈ।

13. ਧਮੋਟ ਪਿੰਡ ਦੇ ਪ੍ਰਾਇਮਰੀ ਤੇ ਹਾਈ ਸਕੂਲ ਲਈ ਟੀਚਰਾਂ ਦੀ ਕਮੀ ਦੂਰ ਕਰਨ ਲਈ ਮਾਇਕ ਸਹਾਇਤਾ।



Sri Satguru Jagjit Singh Ji eLibrary NamdhariElibrary@gmail.com

14. ਪਿੰਡ ਦਾਊਦਪੁਰ ਵਿਖੇ ਹਾਈ ਸਕੂਲ ਦੇ ਦੋ ਕਮਰਿਆਂ ਦੀ ਉਸਾਰੀ ਤੇ ਸਾਇੰਸ ਲਿਬਾਰਟਰੀ ਦਾ ਸਮਾਨ ਖਰੀਦ ਕੇ ਦਿਤਾ ਗਿਆ ਹੈ।

15 ਸਰਦਾਰ ਦਰਸ਼ਨ ਸਿੰਘ ਧਾਲੀਵਾਲ ਰਖੜੇ ਵਾਲੇ ਮਿਲਵਾਕੀ, ਵਿਸਕਾਉਸਨ ਸਟੇਟ ਅਮਰੀਕਾ ਉਹ ਆਪਣੇ ਸਾਥੀਆਂ ਸਮੇਤ ਦੋ ਘੰਟੇ ਰਤਵਾੜਾ ਸਾਹਿਬ ਰਹੇ ਅਤੇ ਬਣ ਰਹੇ ਸਕੂਲ ਅਤੇ Information Technology ਦੀ ਸ਼ਲਾਘਾ ਕੀਤੀ ਅਤੇ ਅਮਰੀਕਾ ਯੂਨੀਵਰਸਿਟੀ ਤੋਂ affilition ਲੈਣ ਲਈ ਭਰੋਸਾ ਦਿਵਾਇਆ।

**L L L L L L L**

---

(ਪੰਨਾ 45 ਦੀ ਬਾਕੀ)

ਜੋ ਸਰੀਰ ਦਾ ਮੇਲ ਹੈ, ਉਹਦੇ ਬਾਰੇ ਤਾਂ ਇਸ ਤਰ੍ਹਾਂ ਹੈ ਭਾਈ–

***ਧਾਰਨਾ – ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,***
***ਨਦੀਆਂ ਦੇ ਵਹਿਣ ਵਿਛੜੇ –2, 2.***
***ਮੇਰੇ ਪਿਆਰੇ, ਨਦੀਆਂ ਦੇ ਵਹਿਣ ਵਿਛੜੇ –2, 2.***
***ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,....–2.***

***ਨਦੀਆ ਵਾਹ ਵਿਛੁੰਨਿਆ...........॥ ਪੰਨਾ – 439***

ਛੋਟੇ–ਛੋਟੇ ਨਾਲੇ, ਨਦੀਆਂ 'ਚੋਂ ਨਿਕਲ ਜਾਂਦੇ ਨੇ –

***..............ਮੇਲਾ ਸੰਜੋਗੀ ਰਾਮ॥ ਪੰਨਾ – 439***

ਕਹਿਣ ਲੱਗੇ, "ਪ੍ਰੇਮੀਓ! ਇਹ ਸੰਸਾਰ ਐਸ ਤਰ੍ਹਾਂ ਹੈ ਜਿਵੇਂ ਦਰਿਆ ਦਾ ਰੇਤਾ ਹੁੰਦਾ ਹੈ। ਛਲ ਆਉਂਦੀ ਹੈ, ਇਥੇ ਦਾ ਰੇਤਾ ਓਧਰ ਚਲਿਆ ਜਾਂਦਾ ਹੈ, ਓਧਰ ਦਾ ਇਥੇ ਆ ਜਾਂਦਾ ਹੈ, ਸਮੁੰਦਰ ਤਾਂਈ ਜਿਥੋਂ ਜਿਥੋਂ ਉਹ ਪਾਣੀ ਜਾਂਦਾ ਹੈ, ਅਖੀਰ ਸਮੁੰਦਰ 'ਚ ਪਹੁੰਚ ਕੇ ਸਾਰਾ ਜਲ ਸਮੁੰਦਰ ਵਿਚ ਮਿਲ ਜਾਂਦਾ ਹੈ। ਸੋ ਜਿਸ ਨੇ ਪਰਮ ਪਦ ਦੀ ਪ੍ਰਾਪਤੀ ਕਰ ਲਈ ਹੈ, ਜੀਵਨ ਮੁਕਤ ਦੀ ਅਵਸਥਾ ਜਿਸਨੂੰ ਪ੍ਰਾਪਤ ਹੋ ਗਈ, ਉਸਨੂੰ ਅਮਰ ਜੀਵਨ ਪ੍ਰਾਪਤ ਹੋ ਗਿਆ, ਹੁਣ ਨਿਜ ਘਰ ਦੇ ਅੰਦਰ, ਸੱਚਖੰਡ ਦੇ ਅੰਦਰ –

***ਸਚਖੰਡਿ ਵਸੈ ਨਿਰੰਕਾਰੁ॥***
***ਕਰਿ ਕਰਿ ਵੇਖੈ ਨਦਰਿ ਨਿਹਾਲ॥ ਪੰਨਾ – 8***

ਜਿਥੇ ਅਸੀਂ ਰਹਿਣਾ ਹੈ, ਉਥੇ ਤੁਸੀਂ ਸਾਰਿਆਂ ਨੇ ਹੀ ਹੌਲੀ–ਹੌਲੀ ਆ ਜਾਣਾ ਹੈ। ਬਾਕੀ ਤੁਸੀਂ ਭੁਲਣਾ ਨਹੀਂ ਹੈ ਜਿਹੜਾ ਅਸੀਂ ਉਪਦੇਸ਼ ਦੇ ਚੱਲੇ ਹਾਂ –

***ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮ ਧਿਆਇ॥***
***ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ॥***
***ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ॥***
***ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ॥***
***ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ॥***
***ਪੰਨਾ – 82***

ਉਹ ਦਿਨ ਭੀ ਆ ਗਿਆ, ਜਦੋਂ ਸਤਿਗੁਰੂ ਨਾਨਕ ਦੇਵ ਜੀ ਭਾਈ ਬਾਲਾ ਜੀ ਤੇ ਮਰਦਾਨੇ ਨਾਲ ਸੰਗਲਾਦੀਪ ਵਿਚੋਂ ਜਾਣ ਲਈ ਤਿਆਰ ਹੋ ਕੇ ਸੰਗਤਾਂ ਨੂੰ ਦਿਲਾਸਾ ਦੇ ਰਹੇ ਹਨ। ਪ੍ਰੇਮੀਆਂ ਦੇ ਨੇਤਰਾਂ ਵਿਚ ਛਮਾ ਛਮ ਹੰਝੂਆਂ ਦੀ ਵਰਖਾ ਹੋ ਰਹੀ ਹੈ, ਹਉਕੇ ਆ ਰਹੇ ਹਨ। ਬ੍ਰਿਹੋਂ ਦੇ ਬਾਣਾਂ ਦੀ ਪੀੜਾ ਨੂੰ ਸਹਿਣ ਕਰਨ ਦਾ ਯਤਨ ਕਰਦੇ ਹਨ ਪਰ ਅੱਖਾਂ 'ਚੋਂ ਵਗਦੇ ਅੱਥਰੂ ਪੀੜਾ ਨੂੰ ਸਾਕਾਰ ਕਰ ਰਹੇ ਹਨ। ਗੁਰੂ ਮਹਾਰਾਜ ਜੀ ਸ਼ਬਦ ਮਿਲਾਪ ਦੀ ਸੋਝੀ ਦੇ ਰਹੇ ਹਨ ਪਰ ਆਦਮੀ ਪੱਥਰ ਤਾਂ ਨਹੀਂ ਹੈ; ਜੇ ਦਰੱਖਤ ਦੀ ਟਾਹਣੀ ਤੋੜੀਏ ਤਾਂ ਉਸ ਵਿਚੋਂ ਭੀ ਪਾਣੀ ਸਿੰਮਦਾ ਹੈ। ਬ੍ਰਿਹੋਂ ਪੀੜ ਸਹਿਣ ਕਰਨੀ ਅਤਿ ਕਠਨ ਹੈ।

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥***
***ਪੰਨਾ – 1368***

ਬਉਰਿਆਂ ਵਰਗੀ ਹਾਲਤ ਬ੍ਰਿਹੋਂ ਕੁੱਠੇ ਦੀ ਹੋ ਜਾਂਦੀ ਹੈ, ਸਰੀਰਕ ਵਿਛੋੜਾ ਝੱਲਣਾ ਬਹੁਤ ਔਖਾ ਹੈ –

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***
***ਪੰਨਾ – 83***

ਗੁਰੂ ਮਹਾਰਾਜ ਜੀ ਨੇ ਰਾਜਾ ਸ਼ਿਵਨਾਭ ਨੂੰ ਉਸ ਟਾਪੂ ਦਾ ਆਗੂ ਬਣਾ ਦਿਤਾ। ਗੁਰਮੁਖ ਪਦਵੀ ਬਖਸ਼ ਕੇ ਗਿਆਨ ਨੇਤਰ ਖੋਲ੍ਹ ਦਿਤੇ, ਸਤਿਸੰਗ ਦੀ ਸਥਾਪਨਾ ਕਰਕੇ ਧੀਰਜ ਦਿਤੀ ਕਿ ਗੁਰੂ ਸਦੀਵ ਅੰਗ ਸੰਗ ਰਹਿੰਦਾ ਹੈ।

ਆਪ ਉਥੋਂ ਚਲੇ ਗਏ, ਦੂਰ ਤਕ ਸੰਗਤਾਂ ਨੀਝ ਲਾ ਲਾ ਕੇ ਤਕਦੀਆਂ ਰਹੀਆਂ, ਬਹੁਤ ਵੈਰਾਗ ਵਿਚ ਉਚੀ ਉਚੀ ਰੋਣ ਲਗ ਗਏ। ਰਾਜੇ ਸ਼ਿਵਨਾਭ ਨੇ ਸਭਨਾਂ ਨੂੰ ਧੀਰਜ ਦਿਤੀ ਤੇ ਕਿਹਾ ਕਿ **ਗੁਰੂ ਸਤਿਸੰਗ ਵਿਚ ਸਦੀਵ ਹੀ ਬਿਰਾਜਣਗੇ। ਸ਼ਬਦ ਦੀ ਕਮਾਈ ਕਰੋ, ਜਦੋਂ ਇਹ ਸਰੀਰ ਛੁਟ ਜਾਵੇਗਾ ਤਾਂ ਗੁਰੂ ਦੀ ਦਰਗਾਹ ਵਿਚ ਨਿਵਾਸ ਮਿਲੇਗਾ ਅਤੇ ਸਦੀਵ ਮਿਲਣ ਦੀ ਅਵਸਥਾ ਪ੍ਰਾਪਤ ਹੋ ਜਾਵੇਗੀ। ਗੁਰੂ ਤੇ ਸਿੱਖ ਅਭੇਦ ਹੋ ਜਾਇਆ ਕਰਦੇ ਹਨ, ਗੁਰੂ ਭੀ ਅਜ਼ਲੀ ਜੋਤ ਹੈ, ਬੰਦਾ ਭੀ ਆਤਮ ਜੋਤ ਹੈ, ਦੋਨੋਂ ਇਕੋ ਹਨ। ਗੁਰੂ ਨਾਲ ਅਭੇਦ ਅਵਸਥਾ, ਗੁਰੂ ਪ੍ਰੇਮ ਰਾਹੀਂ ਹੀ ਪ੍ਰਾਪਤ ਹੁੰਦੀ ਹੈ।**

ਇਹ ਪ੍ਰੇਮ ਦੀ ਅਮਰ ਕਹਾਣੀ ਹੈ, ਜੋ ਸਦਾ ਸਦਾ ਅਮਰ ਰਹੇਗੀ, ਜਗਿਆਸੂਆਂ ਸਾਧਕਾਂ ਨੂੰ ਭਗਤੀ ਮਾਰਗ ਦਾ ਸੁਖੈਨ ਰਸਤਾ ਦਸਦੀ ਰਹੇਗੀ ਅਤੇ ਪੀਰ–ਮੁਰੀਦਾਂ ਨੂੰ ਅਭੇਦ ਅਵਸਥਾ ਪ੍ਰਦਾਨ ਕਰਦੀ ਰਹੇਗੀ।

**ਪ੍ਰੇਮੀਓ! ਗੁਰੂ ਸਦੀਵੀ ਜਾਗ੍ਰਤ ਜੋਤਿ, ਸਦਾ ਸਦਾ ਹੈ, ਉਸ ਨੂੰ ਪਿਆਰ ਕਰੋ, ਉਹ ਆਪਣੇ ਰੋਮ ਰੋਮ ਵਿਚ ਰਮ ਰਿਹਾ ਹੈ, ਉਹ ਸਤਿ ਪੁਰਖ ਹੈ, ਸਦਾ ਸਦਾ ਹੈ, ਅਮਰ ਹੈ, ਉਸ ਦੀ ਗਾਥਾ ਭੀ ਅਮਰ ਹੈ।**

ਇਹੋ ਅਮਰ ਕਥਾ ਸ਼ਿਵ ਜੀ ਮਹਾਰਾਜ ਪਾਰਬਤੀ ਜੀ ਨੂੰ ਅਮਰਨਾਥ ਦੀ ਗੁਫਾ ਵਿਚ ਸੁਣਾ ਰਹੇ ਸਨ ਜੋ ਕਿ ਇਕ ਤੋਤੇ ਨੇ ਸੁਣੀ, ਉਹ ਤੋਤਾ ਮਨੁੱਖ ਜਨਮ ਨੂੰ ਪ੍ਰਾਪਤ ਕਰਕੇ ਸੁਕਦੇਵ ਮੁਨੀ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਅਮਰ ਕਹਾਣੀ ਸੁਣ ਕੇ ਕਮਾਈ ਕਰਨ ਵਾਲਾ ਅਮਰ ਪਦਵੀ ਪ੍ਰਾਪਤ ਕਰ ਲੈਂਦਾ ਹੈ।

ਵਾਹਿਗੁਰੂ ਜੀ ਆਪਣੇ ਉਪਰ ਭੀ ਕ੍ਰਿਪਾ ਕਰਨ।

**L L L L L L L**



Sri Satguru Jagjit Singh Ji eLibrary NamdhariElibrary@gmail.com

# ਵਿਦੇਸ਼ ਫੇਰੀ

ਯੂਬਾਸਿਟੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੱਖ ਟੈਂਪਲ, ਬਾਘ ਰੋਡ ਵਿਖੇ ਰਾਤ ਦਾ ਦੀਵਾਨ ਸਜਿਆ ਅਤੇ 13 ਫਰਵਰੀ ਨੂੰ ਸੰਗਰਾਂਦ ਦਾ ਦਿਹਾੜਾ ਸੀ ਸੰਗਤ ਹੁੰਮ ਹੁੰਮਾ ਕੇ ਪਹੁੰਚੀ ਤੇ ਦੀਵਾਨ ਹਾਲ ਖਚਾ-ਖਚ ਭਰਿਆ ਹੋਇਆ ਸੀ। ਭਾਈ ਸਾਹਿਬ ਲਖਬੀਰ ਸਿੰਘ ਜੀ ਨੇ 6 ਤੋਂ ਸਾਢੇ 7 ਵਜੇ ਆਪਣੇ ਦੀਵਾਨ ਵਿਚ 'ਬਿਨ ਤੁਧ ਹੋਰ ਜੇ ਮੰਗਣਾ ਸਿਰ ਦੁਖਾਂ ਦੇ ਦੁਖ' ਦੀ ਵਿਆਖਿਆ ਕਰਦਿਆਂ ਗੁਰੂ ਅਰਜਨ ਦੇਵ ਜੀ ਦੇ ਇਕ ਸਿੱਖ ਗੰਗੂ ਸੇਠ ਦੀ ਸਾਖੀ ਸੁਣਾਈ। ਉਪਰੰਤ ਬਾਬਾ ਜੀ ਨੇ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਤੇ ਪ੍ਰਵਚਨਾਂ ਰਾਹੀਂ ਨਾਮ ਦੀ ਮਹਿਮਾ ਬਾਰੇ ਖੋਲ੍ਹ ਕੇ ਵਿਆਖਿਆ ਕੀਤੀ ਜਿਸ ਵਿਚ ਅੰਦਰਲੇ ਅੰਮ੍ਰਿਤ ਨਾਮ, ਸੁੰਨ ਸਮਾਧ ਤੇ ਨਾਮ ਦੇ ਨਿਵਾਸ ਬਾਰੇ ਦਸਦਿਆਂ ਚਿੱਤ ਬਿਰਤੀਆਂ ਦਾ ਜ਼ਿਕਰ ਕੀਤਾ, ਕਲਜੁਗ ਨਾਲ ਗੁਰੂ ਨਾਨਕ ਸਾਹਿਬ ਦੀ ਭੇਂਟ ਬਾਰੇ ਦੱਸਿਆ। ਨਾਮ ਦੀ ਮਹਿਮਾ ਉਜਾਗਰ ਕੀਤੀ ਅਤੇ ਸਾਲਸਰਾਇ ਦੀ ਸਾਖੀ ਰਾਹੀਂ ਇਸ ਨੂੰ ਖੋਲ੍ਹ ਕੇ ਸਪਸ਼ਟ ਕੀਤਾ। ਬਾਬਾ ਜੀ ਨੇ ਲਗਾਤਾਰ ਡੇਢ ਦੋ ਘੰਟੇ ਸੰਗਤਾਂ ਦਾ ਧਿਆਨ ਆਪਣੇ ਗੂੜ੍ਹੇ ਤੇ ਗਹਿਰੇ ਬਚਨਾਂ ਰਾਹੀਂ ਕੇਂਦਰਤ ਕਰਕੇ ਰੱਖਿਆ। 14 ਫਰਵਰੀ ਨੂੰ ਸਵੇਰੇ ਸਰਦਾਰ ਮਹਿੰਦਰ ਸਿੰਘ ਗਿੱਲ ਦੇ ਓਵਰਬਿਲ ਸਟੋਰ ਤੇ ਹੁੰਦੇ ਹੋਏ ਡੈਮ ਵੇਖਣ ਗਏ ਅਤੇ ਦੁਪਿਹਰ ਦਾ ਪ੍ਰਸ਼ਾਦਾ ਸਰਦਾਰ ਅਰਵਿੰਦਰ ਸਿੰਘ ਤੱਖਰ ਦੇ ਗ੍ਰਿਹਿ ਵਿਖੇ ਛਕ ਕੇ ਟਰਲਾਕ ਹੁੰਦੇ ਹੋਏ ਕਰਾਦਰ ਗੁਰਦੁਆਰਾ ਸਾਹਿਬ ਪਹੁੰਚੇ। ਜਥੇ ਵੱਲੋਂ ਸ. ਜਗਦੀਸ਼ ਸਿੰਘ ਸੰਧੂ ਡੈਲਹਾਈ ਜਿਨ੍ਹਾਂ ਦਾ ਘਰ ਫਾਰਮ ਵਿਚ ਹੈ ਉਥੇ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਇਨ੍ਹਾਂ ਦੇ ਘਰੋਂ ਬੀਬੀ ਪਰਮਦੀਪ ਕੌਰ ਭਾਈ ਹਜ਼ੂਰਾ ਸਿੰਘ ਦੀ ਵੱਡੀ ਭੈਣ ਹੈ। ਇਨ੍ਹਾਂ ਨੇ ਬੜੇ ਪਿਆਰ ਨਾਲ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ ਅਤੇ ਬਾਬਾ ਜੀ ਨੇ ਵੀ ਇਥੇ ਪਹੁੰਚ ਕੇ ਪਰਿਵਾਰ ਨੂੰ ਅਸ਼ੀਰਵਾਦ ਦਿਤੀ। ਉਪਰੰਤ ਦੁਪਹਿਰ ਦੇ ਸਮੇਂ ਸਿੰਘਾਂ ਦਾ ਜਥਾ ਭਾਈ ਸਤਵੀਰ ਸਿੰਘ ਦੇ ਗ੍ਰਿਹਿ ਮਡੋਰਾ ਵਿਖੇ ਪਹੁੰਚਿਆ ਜਿਨ੍ਹਾਂ ਨੇ ਦੁਪਹਿਰ ਦਾ ਪ੍ਰਸ਼ਾਦਾ ਛਕਾਇਆ ਅਤੇ ਬਾਬਾ ਜੀ ਨੂੰ ਬੜੇ ਪਿਆਰ ਤੇ ਸ਼ਰਧਾ ਨਾਲ ਜੀ ਆਇਆਂ ਆਖਿਆ। ਸ਼ਾਮ ਦਾ ਦੀਵਾਨ ਕਰਾਦਰ ਗੁਰਦੁਆਰਾ ਸਾਹਿਬ ਵਿਖੇ ਸੀ ਇਥੇ ਭਾਈ ਸਾਹਿਬ ਲਖਬੀਰ ਸਿੰਘ ਜੀ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। 15 ਫਰਵਰੀ ਨੂੰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਜਸਬੀਰ ਗਿੱਲ ਦੇ ਗ੍ਰਿਹਿ ਟਰਲਾਕ ਵਿਖੇ ਹੋਇਆ ਉਪਰੰਤ ਬਾਬਾ ਜੀ ਨੇ ਵੀ ਇਨ੍ਹਾਂ ਦੇ ਗ੍ਰਿਹਿ ਵਿਖੇ ਪਹੁੰਚ ਕੇ ਪਰਿਵਾਰ ਨੂੰ ਕ੍ਰਿਤਾਰਥ ਕੀਤਾ।

ਵਿਸ਼ਵ ਗੁਰਮਤਿ ਸਪਿਰਚੂਅਲ ਮਿਸ਼ਨ: ਇਹ ਡੇਰਾ ਸਰਦਾਰ ਕਰਨੈਲ ਸਿੰਘ ਸੰਧੂ ਪਰਿਵਾਰ ਨੇ ਭੇਟਾ ਕੀਤਾ ਹੈ। ਇਥੇ ਸਾਧਾਰਨ ਪਾਠ ਦਾ ਪ੍ਰਾਰੰਭ ਕਰਨ ਲਈ ਜਥੇ ਦੇ ਸਿੰਘ ਪੁੱਜੇ ਅਤੇ

(ਇਥੋਂ ਕੱਟ ਕੇ ਭੇਜੋ ਜੀ)

## ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ-ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/- ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।

(ਫਾਰਮ ਲਈ ਪਰਤੋ ਜੀ)



Sri Satguru Jagjit Singh Ji eLibrary NamdhariElibrary@gmail.com

ਬਾਬਾ ਜੀ ਦੀ ਹਾਜ਼ਰੀ ਵਿਚ ਪੰਜ ਸਿੰਘਾਂ ਨੇ ਟਿਊਬਵੈਲ ਦਾ ਟੱਕ ਲਾਇਆ। 16 ਫਰਵਰੀ ਨੂੰ ਸਰਦਾਰ ਹਰਿੰਦਰ ਸਿੰਘ ਸਾਹੀ ਦੇ ਗ੍ਰਹਿ ਸਿਵਜ਼ ਵਿਖੇ ਜਥੇ ਵਲੋਂ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਉਪਰੰਤ ਬਾਬਾ ਜੀ ਨੇ ਚਰਨ ਪਾਏ ਅਤੇ ਪ੍ਰਵਚਨ ਕਰਦਿਆਂ ਬਾਬਾ ਜੀ ਨੇ ਅਖੰਡਪਾਠ ਬਾਰੇ ਦੱਸਿਆ ਕਿ ਸਿੰਧ ਦੇ ਨਵਾਬਸ਼ਾਹ ਜ਼ਿਲੇ ਦੇ ਇਕ ਪੰਜਾਬੀਆਂ ਦੇ ਨਵੇਂ ਵਸੇ ਡੇਰਿਆਂ ਵਿਚ ਜਿਥੇ ਲਾਹੌਰ ਤੋਂ ਆ ਕੇ ਨਵੇਂ ਕਾਸ਼ਤਕਾਰ ਵਸੇ ਸਨ, ਉਥੇ ਸਹਿਜ ਪਾਠ 34 ਘੰਟਿਆਂ ਵਿਚ ਅਖੰਡਪਾਠ ਵਾਂਗੂੰ ਹੀ ਕੀਤਾ ਗਿਆ ਸੀ ਜੋ ਸਾਰੇ ਪਿੰਡ ਨੇ ਸੁਣਿਆ ਸੀ। ਅਖੰਡਪਾਠ ਦੀ ਮਰਿਆਦਾ ਬਾਰੇ ਬਚਨ ਕੀਤੇ। ਸ਼ਾਮ ਦਾ ਦੀਵਾਨ ਸਿੱਖ ਗੁਰਦੁਆਰਾ ਸੈਨਹੌਜ਼ੇ ਵਿਚ ਹੋਇਆ ਜਿਥੇ ਕਿ ਪਹਿਲਾਂ ਭਾਈ ਲਖਬੀਰ ਸਿੰਘ ਜੀ ਨੇ ਸੰਗਤਾਂ ਨੂੰ ਭਾਈ ਭਾਨਾ ਜੀ ਦੀ ਸਾਖੀ ਸੁਣਾ ਕੇ ਕੀਰਤਨ ਦੁਆਰਾ ਨਿਹਾਲ ਕੀਤਾ। ਉਪਰੰਤ ਬਾਬਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਭਾਈ ਤਿਲੋਕਾ ਜੀ ਨੂੰ ਉਪਦੇਸ਼ ਬਾਰੇ ਪ੍ਰਵਚਨ ਕਰਦਿਆਂ ਪੂਰਾ ਗੁਰੂ, ਵਿਸ਼ਵਾਸ਼ ਤੇ ਪ੍ਰਤੀਤ ਬਾਰੇ ਦੱਸਿਆ। ਨਵਾਬ ਦੌਲਤ ਖਾਂ ਦੀ ਸਾਖੀ - ਹਾਜ਼ਰੀ ਦੀ ਨਮਾਜ਼ ਅਤੇ ਭਜਨ ਦਾ ਜ਼ਿਕਰ ਕੀਤਾ। ਰਾਜ ਯੋਗ, ਹੱਠ ਯੋਗ, ਨਾਮ ਦੀਆਂ ਰਹਿਤਾਂ ਬਾਰੇ ਤੇ ਇਸ਼ਨਾਨ ਦੇ ਫਲ ਬਾਰੇ ਦੱਸਿਆ। ਅੰਮ੍ਰਿਤ ਕਿਵੇਂ ਪ੍ਰਗਟ ਹੁੰਦਾ ਹੈ - ਧਿਆਨ ਤੇ ਸਮਾਧੀ ਦੀ ਅਵਸਥਾ ਅਤੇ ਭਾਈ ਦੇਵੀ ਦਾਸ ਤੇ ਭਾਈ ਗੌਂਦਾ ਜੀ ਦੇ ਲਾਏ ਗੁਰ ਚਰਨਾਂ ਨਾਲ ਧਿਆਨ ਦਾ ਜ਼ਿਕਰ ਕੀਤਾ। ਬਾਬਾ ਜੀ ਦੇ ਪ੍ਰਵਚਨ ਤੇ ਕੀਰਤਨ ਸਰਵਣ ਕਰਨ ਲਈ ਗੁਰਦੁਆਰਾ ਸਾਹਿਬ ਦਾ ਹਾਲ ਭਰ ਕੇ ਸੰਗਤ ਬਾਹਰ ਬੈਠੀ ਹੋਈ ਸੀ। ਇਸ ਥਾਂ ਤੇ ਬਾਬਾ ਜੀ ਦੀਆਂ ਪੁਸਤਕਾਂ ਤੇ ਆਤਮ ਮਾਰਗ ਵਿਚ ਸੰਗਤਾਂ ਨੇ ਬਹੁਤ ਦਿਲਚਸਪੀ ਦਿਖਾਈ। ਇਸੇ ਤਰ੍ਹਾਂ ਹਰ ਥਾਂ ਤੇ ਸੰਗਤ ਨੂੰ ਪੁਸਤਕਾਂ ਤੇ ਆਤਮ ਮਾਰਗ ਬਾਰੇ ਦੱਸਿਆ ਜਾਂਦਾ ਸੀ ਕਿ ਬਾਬਾ ਜੀ ਦੇ ਪ੍ਰਵਚਨਾਂ ਨੂੰ ਵਿਸਥਾਰ ਨਾਲ ਵਿਚਾਰਨ ਤੇ ਪੜ੍ਹਨ ਲਈ ਇਹ ਬਹੁਤ ਲਾਭਕਾਰੀ ਸਿੱਧ ਹੋਵੇਗਾ ਤੇ ਜੀਵਨ ਨੂੰ ਨਵੀਂ ਸੇਧ ਮਿਲੇਗੀ। 17 ਫਰਵਰੀ ਨੂੰ ਬਾਬਾ ਜੀ ਟਰਲਾਕ ਤੋਂ ਸਨਹੌਜੇ ਆਉਂਦੇ ਹੋਏ ਰਸਤੇ ਵਿਚ ਭਾਈ ਜਗਤਾਰ ਸਿੰਘ ਤੇ ਭਾਈ ਮਨਜੀਤ ਸਿੰਘ ਢਿਲੋਂ ਦੇ ਗ੍ਰਹਿ ਫਰੀਮੌਂਟ ਵਿਖੇ ਚਰਨ ਪਾ ਕੇ ਆਏ। ਇਹ ਦੋਵੇ ਪ੍ਰੇਮੀ ਪਿੰਡ ਬਹਿਰਾਮ ਤੋਂ ਹਨ ਅਤੇ ਬੀਬੀ ਬਹੁਤ ਪਾਠ ਕਰਦੀ ਹੈ। ਸ਼ਾਮ ਨੂੰ ਤਕਰੀਬਨ ਪੌਣੇ ਛੇ ਵਜੇ ਬਾਬਾ ਜੀ ਸਤਨਾਮ ਸਿੰਘ ਅਟਵਾਲ ਦੇ ਗ੍ਰਹਿ ਪਹੁੰਚੇ ਜਿਥੇ ਕਾਫੀ ਸੰਗਤ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਪੁੱਜੀ ਹੋਈ ਸੀ। ਇਨ੍ਹਾਂ ਵਿਚ ਗਿਆਨੀ ਰਣਜੀਤ ਸਿੰਘ ਗੌਹਰ ਕਥਾ ਵਾਚਕ ਜੋ ਕਿ ਬਚਪਨ ਵਿਚ ਮਹਾਂਪੁਰਖਾਂ ਕੋਲ ਰਿਹਾ ਕਰਦੇ ਸਨ ਤੇ ਇਨ੍ਹਾਂ ਨੂੰ ਨਿਹੰਗ ਕਹਿ ਕੇ ਪੁਕਾਰਿਆ ਜਾਂਦਾ ਸੀ ਬਾਬਾ ਜੀ ਨੂੰ ਮਿਲਣ ਆਏ ਅਤੇ ਸ਼ਾਮ ਦਾ ਦੀਵਾਨ ਫਿਰ ਗੁਰਦੁਵਾਰਾ ਸਨਹੌਜੇ ਵਿਖੇ ਲੱਗਿਆ। ਬਾਬਾ ਜੀ ਦੇ ਬਚਨ ਸੁਣਨ ਲਈ ਸੰਗਤ ਭਾਰੀ ਮਾਤਰਾ ਵਿਚ ਪੁੱਜੀ ਹੋਈ ਸੀ। ਇਥੇ ਬਾਬਾ ਜੀ ਨੇ ਭਾਈ ਤ੍ਰਿਲੋਕਾ (ਗਜ਼ਨੀ ਵਾਲੇ) ਦੀ ਸਾਖੀ ਸੁਣਾਈ, ਅੰਦਰਲੀਆਂ ਰਹਿਤਾਂ, ਅੰਤ ਮਤੇ ਸੋ ਗਤੇ, ਬੰਦਾ ਬਹਾਦਰ ਜੀ ਦਾ ਗੁਰੂ, ਸਰਬ ਵਿਦਿਆ ਯੋਗ, ਭਾਈ ਘਨਈਆ ਜੀ ਸਭ ਗੋਬਿੰਦ ਹੈ, ਮਿਥਿਆ ਗਿਆਨ ਤੇ ਯਥਾਰਥ ਗਿਆਨ, ਧਰਮ ਤੇ ਮਜ਼ਹਬ ਦਾ ਅੰਤਰ, ਧਰਮਰਾਜ ਤੇ ਦਰਗਾਹ ਦਾ ਹਾਲ, ਸਾਧੂਗੜ੍ਹ ਨੇੜੇ ਬੀਪੁਰ ਪਿੰਡ ਦੀ ਦੋ ਪ੍ਰੇਮੀ ਬੀਬੀ ਮੀਤੋ ਦੀ ਸਾਖੀ, ਭਾਈ ਦਇਆ ਸਿੰਘ ਨਾਦੇੜ ਵਿਖੇ 'ਗੁਰਮੁਖ ਆਏ

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name.........................................................................
3. ਪਿਤਾ ਦਾ ਨਾਮ/Father's Name.............................................
4. ਪੂਰਾ ਪਤਾ/Full address........................................................

.......................................................

.......................................................

PINCODE.......................Telephone..............

ਮੈਂ .................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ.............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ................................



Sri Satguru Jagjit Singh Ji eLibrary NamdhariElibrary@gmail.com

ਜਾਏ ਨਿਸੰਗ', ਬਾਬਾ ਅਟੱਲ, ਬਾਬਾ ਗੁਰਦਿੱਤਾ, ਭਾਈ ਤ੍ਰਿਲੋਕੇ ਦੀ ਕਾਠ ਦੀ ਤਲਵਾਰ, ਚੁਗਲ ਨੇ ਸ਼ਿਕਾਇਤ ਕੀਤੀ ਅਤੇ ਗੁਰੂ ਮਹਾਰਾਜ ਨੇ ਪੈਜ ਰੱਖੀ, ਪ੍ਰਸੰਗ ਸੁਣਾਏ -

***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***
***ਪੰਨਾ - 403***

ਸਾਰੀ ਸੰਗਤ ਦੇ ਮਨ ਤੇ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੇ ਜਾਦੂ ਦਾ ਅਸਰ ਕੀਤਾ ਤੇ ਸਾਰੇ ਪੂਰੇ ਧਿਆਨ ਨਾਲ ਸਰਵਣ ਕਰ ਰਹੇ ਸਨ। 18 ਫਰਵਰੀ ਨੂੰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਭਾਈ ਦਲਵਿੰਦਰ ਸਿੰਘ ਧੂਰਾ ਦੇ ਗ੍ਰਹਿ ਵਿਖੇ ਹੋਇਆ। ਇਹ ਪ੍ਰੇਮੀ ਯੂ.ਪੀ. ਵਿਚ ਪਲੀਏ ਦੇ ਨੇੜੇ ਦੇ ਹਨ। ਉਪਰੰਤ ਭਾਈ ਸੁਰਿੰਦਰ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਏ। ਸ਼ਾਮ ਦਾ ਦੀਵਾਨ 7 ਤੋਂ 8 ਵਜੇ ਗੁਰਦੁਆਰਾ ਸਿਖ ਸੈਂਟਰ ਅਲ-ਸਬਰਾਂਟੇ ਵਿਖੇ ਹੁੰਦਾ ਸੀ। ਬਾਬਾ ਜੀ ਸਰਦਾਰ ਅਜਮੇਰ ਸਿੰਘ ਮੋਲੀ ਸਾਬਕਾ ਸਕੱਤਰ ਗੁਰਦੁਆਰਾ ਸਾਹਿਬ ਪਰਿਵਾਰ ਨੂੰ ਮਿਲਣ ਲਈ ਗਏ। ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਬਾਬਾ ਜੀ ਨੇ ਪ੍ਰਵਚਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਥੇ ਬਾਬਾ ਜੀ ਨੇ ਕਰਮ ਉਪਾਸ਼ਨਾ ਗਿਆਨ ਦੀ ਸਥਿਤੀ ਨੂੰ ਪ੍ਰਾਪਤ ਕਰਨ ਦੇ ਸਾਧਨ ਦੱਸੇ, ਮਿਥਿਆ ਗਿਆਨ ਤੇ ਯਥਾਰਥ ਗਿਆਨ ਦੇ ਭੇਦ ਨੂੰ ਸਮਝਾਇਆ।

'ਹਉਮੈ ਨਾਵੈ ਨਾਲ ਵਿਰੋਧ ਹੈ' ਬਾਰੇ ਪ੍ਰਵਚਨ ਕਰਕੇ ਨਾਮ ਸਿਮਰਨ ਤੇ ਸੇਵਾ ਕਰਨ ਲਈ ਪ੍ਰੇਰਨਾ ਕੀਤੀ ਅਤੇ ਦੱਸਿਆ ਕਿ ਸਮਾਂ ਤੇਜ਼ੀ ਨਾਲ ਲੰਘ ਰਿਹਾ ਹੈ, ਜੋ ਕਰਨਾ ਹੈ ਜਲਦੀ ਕਰੋ, ਗੁਰੂ ਵਾਲੇ ਬਣ ਕੇ ਨਾਮ ਦੀ ਕਮਾਈ ਕਰੋ।

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥ ਪੰਨਾ - 1159***

**LLLLLLL**

## ਜ਼ਰੂਰੀ ਸੂਚਨਾ

**ਬਹੁਤ ਸਾਰੇ ਪ੍ਰੇਮੀ ਗੁਜਰਾਤ ਦੇ ਭੁਚਾਲ ਪੀੜਤਾਂ ਵਾਸਤੇ ਮਾਇਆ, ਰਾਸ਼ਨ, ਸਮੱਗਰੀ, ਗਰਮ ਕਪੜੇ, ਕੰਬਲ ਅਤੇ ਮਾਇਆ ਭੇਜ ਰਹੇ ਹਨ ਅਤੇ ਹੁਣ ਬਾਬਾ ਜੀ ਵੱਲੋਂ 1100 ਰਿਹਾਇਸ਼ੀ ਟੈਂਟ ਉਜੜੇ ਪਰਿਵਾਰਾਂ ਦੀ ਰਿਹਾਇਸ਼ ਵਾਸਤੇ ਅਤੇ 22 ਸ਼ਾਮਿਆਨੇ ਸਕੂਲ ਵਾਸਤੇ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਵਿਚ ਦੇਸ਼-ਵਿਦੇਸ਼ ਤੋਂ ਪ੍ਰੇਮੀ ਭੁਚਾਲ ਪੀੜਤਾਂ ਦੀ ਮਦਦ ਵਾਸਤੇ ਟੈਂਟ ਅਤੇ ਕੰਬਲ ਆਦਿ ਭੇਜ ਰਹੇ ਹਨ। ਗੁਰਮਤਿ ਅਨੁਸਾਰ ਹਰ ਗੁਰਸਿੱਖ ਨੂੰ ਬਿਪਤਾ ਵਿਚ ਘਿਰੇ ਭੁਚਾਲ ਪੀੜਤਾਂ ਦੀ ਯਥਾਸ਼ਕਤ ਮਦਦ ਕਰਨੀ ਚਾਹੀਦੀ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਪਦੇਸ਼ ਹੈ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ। ਇਸ ਆਸ਼ੇ ਅਨੁਸਾਰ ਸੰਸਾਰ ਦਾ ਦੁਖ ਵੰਡਣਾ ਸਾਡਾ ਫਰਜ਼ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਆਪ ਸਭ ਦੀ ਕਮਾਈ ਸਫਲੀ ਹੋਵੇ ਤੇ ਮਹਾਰਾਜ ਬਰਕਤ ਪਾਉਣ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਹੋਣ ਕਿਉਂਕਿ ਇਹ ਬਹੁਤ ਹੀ ਨੇਕ ਕੰਮ ਕੀਤਾ ਜਾ ਰਿਹਾ ਹੈ।**

(ਪੰਨਾ 47 ਦੀ ਬਾਕੀ)

ਭਗਤ ਹੋ, ਜੇ ਤੁਸੀਂ ਗੁਰੂ ਸਾਹਿਬਾਨ ਅਗੇ ਬੇਨਤੀ ਕਰੋ ਤਾਂ ਕੀ ਇਹ ਕਸ਼ਟ ਨਿਵਾਰੇ ਨਾ ਜਾਣ? ਤਿਸ ਪਰ ਭਾਈ ਸਾਹਿਬ ਭਾਈ ਭਗਤੂ ਜੀ ਨੇ ਇਹ ਉਤਰ ਦੇਣਾ, ਕਿ ਭਲਿਓ ਲੋਕੋ! ਗੁਰੂ ਸਾਹਿਬਾਨ ਪਾਸੋਂ ਅਸਾਂ ਇਹ ਮੰਗ ਮੰਗਣੀ ਹੈ? ਬੜੀ ਕੋਝੀ ਮੰਗ ਮੰਗਣੀ ਹੈ। ਸਰੀਰ ਤੇ ਕਸ਼ਟ ਸਹਿਣਾ ਗੁਰਸਿਖਾਂ ਦਾ ਅਤਿ ਫਰਜ਼ ਹੈ। ਇਹਨਾਂ ਕਸ਼ਟਾਂ ਨੂੰ ਗੁਰੂ ਅਗੇ ਜੋਦੜੀਆਂ ਕਰ ਕੇ ਜਤਲਾਉਣਾ ਮਹਾਂ ਕਮਜ਼ੋਰੀ ਹੈ। ਐਨ ਉਸ ਪ੍ਰਕਾਰ ਦੀ ਅੰਤੀ ਔਸਰੀ ਦਸ਼ਾ ਵੀਰ ਭਾਈ ਹਰਬੰਸ ਸਿੰਘ ਮੁਨੀਸ਼ੂਰ ਜੀ ਉਪਰ ਵਾਪਰੀ ਤੇ ਚਲਾਣਾ ਕਰ ਗਏ। ਪਰ ਜੋ ਗੁਰਵਾਕ ਉਨ੍ਹਾਂ ਦੇ ਚਲਾਣੇ ਪ੍ਰਥਾਇ ਆਇਆ ਹੈ, ਉਸ ਗੁਰਵਾਕ ਦੀਆਂ ਇਹ ਤੁਕਾਂ ਵਿਚਾਰ ਕੇ ਪਾਠਕ ਜਨ ਖੁਦ ਹੀ ਅੰਦਾਜ਼ਾ ਲਾ ਲੈਣ ਕਿ ਵੀਰ ਮੁਨੀਸ਼ੂਰ ਜੀ ਕਿਸ ਉਚ ਮੰਜ਼ਲ ਦੇ ਅਨਿੰਨ ਜਗਿਆਸੂ ਸਨ -

***ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ॥***
***ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ॥***
***ਨਾਨਕ ਆਪਿ ਨਿਹਾਲੁ ਸਭਿ ਕੁਲ ਤਾਰਸੀ॥੧॥੪॥੬॥***
***ਸੂਹੀ ਮ: ੧, ਪੰਨਾ ੭੩੦***

ਇਨ੍ਹਾਂ ਦੇ ਅਕਾਲ ਚਲਾਣੇ ਨਮਿਤ ਜਥੇ ਵਲੋਂ ਜੋ ਅਖੰਡ ਪਾਠ ਹੋਏ ਅਤੇ ਜੋ ਕਲਾ ਵਰਤੀ, ਉਸ ਦੀ ਉਪਮਾ ਬੜੀ ਹੀ ਅਪਰ ਅਪਾਰ ਹੈ। ਇਹ ਵੀਰ ਸਾਨੂੰ ਕਦੇ ਨਹੀਂ ਭੁਲਿਆ, ਨਾ ਭੁਲਣਾ ਹੈ। ਇਸ ਜੈਸੇ ਅਨੇਕਾਂ ਗੁਰਮੁਖ ਵੀਰ ਜਨਾਂ ਨੂੰ ਜਦੋਂ ਅਸੀਂ ਦੇਖਦੇ ਹਾਂ, ਕਿ ਗੁਰਪੁਰੀ ਵਿਚ ਸਾਡੀ ਅਗਵਾਈ ਕਰਨ ਲਈ ਤਤਪਰ ਖੜੋਤੇ ਹਨ, ਚਿਤ ਵਿਚ ਬੜਾ ਹੀ ਅਨੰਦ-ਮਈ ਹੁਲਾਸ ਪੈਦਾ ਹੁੰਦਾ ਹੈ। ਇਸ ਵੀਰ ਦੇ ਪਿਛੋਂ ਨਿਕਟੀ ਪਰਵਾਰ ਵਿਚੋਂ ਇਨ੍ਹਾਂ ਦੀ ਇਕੋ ਇਕ ਗੁਰਮੁਖ ਚਾਚੀ, ਭੈਣ ਗੁਰਦਿਆਲ ਕੌਰ, ਵੀਰ ਮੁਨੀਸ਼ੂਰ ਜੀ ਦੀ ਯਾਦਗਾਰੀ ਅਨਿੰਨ ਨਿਸ਼ਾਨੀ ਸੀ, ਸੋ ਵੀ ਚਲਾਣਾ ਕਰ ਗਈ। ਹੁਣ ਸੰਸਾਰ ਦੇ ਰਿਸ਼ਤਿਆਂ ਵਿਚੋਂ ਉਸ ਨੂੰ ਕਿਸ ਨੇ ਯਾਦ ਕਰਨਾ ਹੈ? ਪਰ ਜਥੇ ਦੇ ਗੁਰਮੁਖਾਂ ਦੇ ਮੰਡਲ ਵਿਚ ਇਸ ਵੀਰ ਦੀ ਯਾਦ ਹਮੇਸ਼ਾ ਹੀ ਤਾਜ਼ਾ ਰਹੇਗੀ। ਕਰਣੀ ਵਾਲੇ ਗੁਰਮੁਖ ਜਨਾਂ ਨੇ ਤਾਂ ਇਸ ਵੀਰ ਦੀ ਆਤਮ ਕ੍ਰਾਂਤ ਦੇ ਦਰਸ਼ਨ ਜਾ ਗੁਰਪੁਰੀ ਵਿਖੇ ਕਰਨੇ ਹਨ। ਸੋ ਨਿਰਾਸਤਾ ਕਾਹਦੀ, ਆਸਾਂ ਗੁਰੂ ਕਰਤਾਰ ਨੇ ਪੂਰੀਆਂ ਕਰਨੀਆਂ ਹਨ, ਉਹ ਪੂਰੀਆਂ ਹੁੰਦੀਆਂ ਹੀ ਰਹਿਣਗੀਆਂ। ਅਜਿਹੇ ਰੰਗਲੇ ਸਜਣਾਂ ਦੀ ਯਾਦਗਾਰੀ ਲਿਖਤਾਂ ਲਿਖਣ ਵਾਲੀ ਇਕ ਟੂਕ ਮਾਤਰ ਸੇਵਾ ਸਾਡੇ ਹਿਸੇ ਵਿਚ ਆਈ ਹੈ, ਐਨ ਗੁਰੂ ਦੀ ਪ੍ਰੇਰਨਾ ਅਨੁਸਾਰੀ ਆਈ ਹੈ। ਸਤਿਗੁਰ ਆਪਣੀਆਂ ਨਦਰਾਂ ਮੇਹਰਾਂ ਨਾਲ ਸਫਲੀ ਕਰੇ। ਅਗਲੀਆਂ ਆਵਣ ਵਾਲੀਆਂ ਸਿਖ ਪਨੀਰੀਆਂ ਅਰੂੜੀਆਂ ਰੂਹਾਂ ਇਸ ਲੇਖ ਤੋਂ ਲਾਭ ਉਠਾਵਣ।

**LLLLLL**



Sri Satguru Jagjit Singh Ji eLibrary NamdhariElibrary@gmail.com

# ਪਿੰਡ ਧਮੋਟ ਵਿਖੇ ਸਾਲਾਨਾ ਸਮਾਗਮ

15 ਜਨਵਰੀ ਤੋਂ 20 ਜਨਵਰੀ 2001 - ਮਹਾਂਪੁਰਸ਼ਾਂ ਵਲੋਂ ਪਿੰਡ ਧਮੋਟ ਜ਼ਿਲਾ ਲੁਧਿਆਣਾ ਵਿਖੇ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਚਾਰ ਚੁਫੇਰਿਓਂ ਅਤੇ ਪੰਜਾਬ ਦੇ ਦੂਰ ਦੁਰਾਡੇ ਇਲਾਕੇ ਤੋਂ ਆਈਆਂ ਸੰਗਤਾਂ ਦਾ ਸਮੁੰਦਰ ਠਾਠਾਂ ਮਾਰਦਾ ਸਮੁੰਦਰ ਦੂਰ ਦੂਰ ਤਕ ਦਿਖਾਈ ਦੇ ਰਿਹਾ ਸੀ। ਨਗਰ ਧਮੋਟ ਮਹਾਂਪੁਰਖਾਂ ਦਾ ਜਨਮ ਅਸਥਾਨ ਹੈ। ਇਸ ਲੜੀ ਵਿਚ ਇਹ ਨੌਵਾਂ ਸਮਾਗਮ ਸੀ ਜਿਸ ਵਿਚ ਇਹ ਨੋਟ ਕੀਤਾ ਗਿਆ ਕਿ ਹਰ ਸਾਲ ਸੰਗਤ ਦੀ ਆਮਦ ਵਿਚ ਦੁਗਣੇ ਤੋਂ ਵੀ ਵੱਧ ਵਾਧਾ ਹੋ ਰਿਹਾ ਹੈ। ਪਿੰਡ ਧਮੋਟ ਦੇ ਪ੍ਰੇਮੀਆਂ ਤੇ ਖਾਸ ਕਰਕੇ ਬੱਚਿਆਂ ਵਿਚ ਬਹੁਤ ਉਤਸ਼ਾਹ ਦੇਖਣ ਵਿਚ ਆਇਆ, ਇਥੋਂ ਤਕ ਕਿ ਬਾਹਰਲੇ ਦੇਸ਼ਾਂ ਤੋਂ ਵੀ ਕਈ ਨੌਜਵਾਨ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੇ ਜਿਸ ਵਿਚ ਭਾਈ ਦੇਵਿੰਦਰ ਸਿੰਘ, ਭਾਈ ਰੂਪਿੰਦਰ ਸਿੰਘ ਤੇ ਭਾਈ ਅਵਤਾਰ ਸਿੰਘ ਨੇ ਸਮਾਗਮ ਦੀ ਸਫਲਤਾ ਲਈ ਵੱਧ ਚੜ੍ਹ ਕੇ ਸੇਵਾ ਕੀਤੀ।

ਮਹਾਂਪੁਰਸ਼ਾਂ ਨੇ ਆਪਣੇ ਰੂਹਾਨੀ ਕੀਰਤਨ ਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਲਗਾਤਾਰ ਛੇ ਦਿਨ ਕੀਲ ਕੇ ਰੱਖਿਆ ਜਿਸ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਝੇ ਸਿਧਾਂਤਾਂ ਦੀ ਖੋਲ੍ਹ ਕੇ ਵਿਆਖਿਆ ਕੀਤੀ। ਸੇਵਾ, ਪ੍ਰਭੂ ਭਗਤੀ ਤੇ ਪੂਰੇ ਸਤਿਗੁਰੂ ਤੇ ਸਿੱਖ ਦੇ ਸਬੰਧਾਂ ਦਾ, ਸੁਜਾਨ ਰਾਇ, ਸੋਹਨਾ ਮੋਹਨਾ, ਬਾਬਾ ਫਰੀਦ ਅਤੇ ਭਾਈ ਘਨਈਆ ਦੀਆਂ ਸਾਖੀਆਂ ਰਾਹੀਂ ਵਿਆਖਿਆ ਕੀਤੀ ਅਤੇ ਦਸ਼ਮੇਸ਼ ਪਿਤਾ ਜੀ ਦੇ ਅੰਤਮ ਸਮੇਂ ਦੇ ਕੌਤਕਾਂ ਦਾ ਜ਼ਿਕਰ ਕੀਤਾ ਜਿਸ ਨਾਲ ਸਭ ਦੀਆਂ ਅੱਖਾਂ ਗੁਰੂ ਪਿਆਰ ਵਿਚ ਸੇਜਲ ਹੁੰਦੀਆਂ ਰਹੀਆਂ ਤੇ ਅਦੁੱਤੀ ਪਿਆਰ ਦਾ ਵਾਤਾਵਰਣ ਛਾਇਆ ਰਿਹਾ।

ਮਹਾਂਪੁਰਖਾਂ ਵਲੋਂ ਇਸ ਪਿੰਡ ਵਿਚ ਹਸਪਤਾਲ ਦੀ ਬਿਲਡਿੰਗ ਬਣਵਾ ਕੇ ਸਰਕਾਰ ਨੂੰ ਸੌਂਪੀ ਗਈ ਹੈ ਜਿਸ ਦਾ ਨਾਮ ਇਲਾਕੇ ਵਲੋਂ ਮਾਤਾ ਰਣਜੀਤ ਕੌਰ ਪ੍ਰਾਇਮਰੀ ਹੈਲਥ ਸੈਂਟਰ ਰੱਖਿਆ ਗਿਆ ਹੈ। ਸਕੂਲ ਦੀ ਇਮਾਰਤ ਤੇ ਗੇਟ ਦੀ ਸੇਵਾ, ਨੌਜਵਾਨਾਂ ਲਈ ਸਟੇਡੀਅਮ ਲਈ ਵੀ ਸੇਵਾ ਕੀਤੀ ਗਈ ਹੈ। ਜਦੋਂ ਇਨ੍ਹਾਂ ਦੀਵਾਨਾਂ ਵਿਚ ਮਹਾਂਪੁਰਖਾਂ ਨੂੰ ਦੱਸਿਆ ਗਿਆ ਕਿ ਪਿੰਡ ਦੇ ਪ੍ਰਾਇਮਰੀ ਤੇ ਹਾਈ ਸਕੂਲ ਲਈ ਟੀਚਰਾਂ ਦੀ ਘਾਟ ਹੈ, ਤਾਂ ਬਾਬਾ ਜੀ ਨੇ ਕਿਹਾ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਦੋਵਾਂ ਸਕੂਲਾਂ ਲਈ, ਪ੍ਰਾਇਮਰੀ ਸਕੂਲ ਲਈ ਦਸ ਟੀਚਰਾਂ ਦੀ ਅਤੇ ਸੈਕੰਡਰੀ ਲਈ ਪੰਜ ਟੀਚਰਾਂ ਦੀ ਘਾਟ ਹੈ। ਆਪ ਨੇ ਬੀਬੀ ਜੀ ਵਲੋਂ 40000 ਹਜ਼ਾਰ ਰੁਪਏ ਦੋ ਸਕੂਲਾਂ ਲਈ ਪੂਰੇ ਟੀਚਰ ਦੋ ਮਹੀਨੇ ਲਈ ਰੱਖਣ ਲਈ ਦੇ ਦਿਤੇ। ਇਸ ਤੋਂ ਪਹਿਲਾਂ ਆਪ ਨੇ ਹਸਪਤਾਲ ਵਿਚ ਮਰੀਜ਼ਾਂ ਦੀ ਦਵਾਈ ਲਈ ਚਾਰ ਹਜ਼ਾਰ ਰੁਪੈ ਮਹੀਨਾ ਤਿੰਨ ਸਾਲ ਲਈ ਅਤੇ ਇਕ ਹਜ਼ੂਰ ਰੁਪੈ ਮਹੀਨਾ ਮਾਲੀ ਦੀ ਤਨਖਾਹ ਦੇਣ ਲਈ, ਤਿੰਨ ਸਾਲ ਵਾਸਤੇ ਦਿਤੇ, ਜਿਸ ਸਦਕਾ ਮਰੀਜ਼ਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋ ਚੁਕਿਆ ਹੈ। ਮਹਾਂਪੁਰਖਾਂ ਦੇ ਇਸ ਪਰਉਪਕਾਰੀ ਸੁਭਾਅ ਸਦਕਾ ਪਿੰਡ ਵਾਸੀਆਂ ਉਤੇ ਬਹੁਤ ਚੰਗਾ ਪ੍ਰਭਾਵ ਪਿਆ ਜਿਸ ਕਰਕੇ ਆਪਸੀ ਭਾਈਚਾਰੇ ਅਤੇ ਪ੍ਰਸਪਰ ਪਿਆਰ ਵਿਚ ਵਾਧਾ ਹੋਇਆ ਅਤੇ ਪ੍ਰੇਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਰਹੇ ਹਨ। ਹੁਣ ਤਕ ਧਮੋਟ ਵਿਚ ਇਕ ਹਜ਼ਾਰ ਦੇ ਕਰੀਬ ਪ੍ਰਾਣੀ ਅੰਮ੍ਰਿਤਪਾਨ ਕਰ ਚੁੱਕੇ ਹਨ।

L L L L L L L

# ਗੁਜਰਾਤ ਦੇ ਭੁਚਾਲ ਪੀੜਤਾਂ ਲਈ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਵਲੋਂ ਸਹਾਇਤਾ

ਸਾਰੇ ਸੰਸਾਰ ਵਿਚ ਗੁਜਰਾਤ ਵਿਚ ਆਏ ਭੁਚਾਲ ਦੀ ਤਬਾਹੀ ਕਾਰਨ ਚਿੰਤਾ ਹੈ, ਹਜ਼ਾਰਾਂ ਬੰਦੇ ਘਰਾਂ ਦੇ ਮਲਬਿਆਂ ਥੱਲੇ ਆ ਕੇ ਚੜ੍ਹਾਈ ਕਰ ਗਏ। ਬੇਘਰਾਂ ਅਤੇ ਜ਼ਖਮੀਆਂ ਦੀ ਕੋਈ ਗਿਣਤੀ ਨਹੀਂ। ਉਕਤ ਕਥੇ ਮਿਸ਼ਨ ਵਲੋਂ ਇਨ੍ਹਾਂ ਦੀ ਇਕ ਦਮ ਸਹਾਇਤਾ ਵਜੋਂ 4-2-2001 ਨੂੰ ਸੱਤ ਟਰੱਕ ਰਾਸ਼ਨ ਆਦਿ ਲੈ ਕੇ ਰਵਾਨਾ ਹੋਏ। ਸਾਰੇ ਪੰਜਾਬ, ਹਿਮਾਚਲ, ਯੂ.ਪੀ., ਹਰਿਆਣਾ ਦਿੱਲੀ ਜਿਥੋਂ ਤਕ ਵੀ ਇਸ ਮਿਸ਼ਨ ਦਾ ਅਸਰ ਹੈ ਇਨ੍ਹਾਂ ਸਾਰੇ ਇਲਾਕਿਆਂ ਵਿਚੋਂ ਸੰਗਤਾਂ ਨੇ ਹੁੰਮ ਹੁੰਮਾ ਕੇ ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤਾਂ ਇਕੱਠੀਆਂ ਕੀਤੀਆਂ। 10-10 ਟਰੱਕਾਂ ਦਾ ਕਾਫਲਾ ਥੋੜ੍ਹੇ-ਥੋੜ੍ਹੇ ਦਿਨਾਂ ਪਿਛੋਂ ਰਵਾਨਾ ਹੁੰਦਾ ਰਹੇਗਾ। ਗੁਜਰਾਤ ਵਿਚ ਅਹਿਮਦਾਬਾਦ ਦੇ ਨੇੜੇ ਲੰਗਰ ਚਲਾਉਣ ਲਈ 4 ਫਰਵਰੀ ਨੂੰ 100 ਦੇ ਕਰੀਬ ਸੇਵਾਦਾਰ ਅਤੇ ਹੋਰ ਲੋੜ ਅਨੁਸਾਰ ਰਾਸ਼ਨ ਭੇਜਿਆ ਜਾਂਦਾ ਗਿਆ। ਹਫਤੇ ਹਫਤੇ ਪਿਛੋਂ ਅਤੇ 15-15 ਦਿਨਾਂ ਬਾਅਦ ਕਾਰ ਸੇਵਕ ਬਦਲੇ ਜਾਂਦੇ ਰਹੇ ਅਤੇ ਸੇਵਾ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਯਾਦ ਰਹੇ ਕਿ 1988 ਅਤੇ 1993 ਦੇ ਹੜ੍ਹਾਂ ਵਿਚ ਇਸ ਮਿਸ਼ਨ ਵਲੋਂ 1 ਕਰੋੜ 20 ਲੱਖ ਤੋਂ ਵੱਧ ਕੀਮਤ ਦਾ ਰਸਦ ਨਕਦੀ, ਬਸਤਰ, ਕੰਬਲ ਅਤੇ ਹੋਰ ਲੋੜੀਂਦੀਆਂ ਵਸਤਾਂ ਵੰਡੀਆਂ ਗਈਆਂ ਸਨ। ਜਿਨ੍ਹਾਂ ਹਿਤੈਸ਼ੀਆਂ ਵਲੋਂ ਮਾਇਆ ਭੇਜੀ ਜਾ ਰਹੀ ਹੈ ਉਸ ਦਾ ਪੂਰਾ ਹਿਸਾਬ ਰੱਖ ਕੇ, ਵਰਤੋਂ ਸਹੀ ਢੰਗ ਨਾਲ ਹੋ ਰਹੀ ਹੈ।

L L L L L L L

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ -** - 4, 11, 18, 25 ਮਾਰਚ।

**ਪੂਰਨਮਾਸ਼ੀ -** 9 ਮਾਰਚ, ਦਿਨ ਸ਼ੁਕਰਵਾਰ।

**ਸੰਗਰਾਂਦ -** 14 ਮਾਰਚ, ਦਿਨ ਬੁੱਧਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com